ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

29 ਮਾਰਚ ਤੋਂ 4 ਅਪ੍ਰੈਲ 2023

ਸਾਲ 14ਵਾਂ - ਅੰਕ 14
email : info@sadelok.com

Ph. : 510-706-1300
Fax : 925-373-1300

## ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨ ਤੁਰੰਤ ਛੱਡੇ ਜਾਣ: ਜਥੇਦਾਰ ਹਰਪ੍ਰੀਤ ਸਿੰਘ



(ਦੇਖੋ ਸਫ਼ਾ 17 'ਤੇ)

## ਲੈਥਰੋਪ ਸਿਟੀ ਦੇ ਮੇਅਰ ਸ੍ਰ. ਸੁੱਖ ਧਾਲੀਵਾਲ ਕਾਊਂਟੀ ਸੁਪਰਵਾਈਜ਼ਰ ਲਈ ਮੈਦਾਨ 'ਚ



24-25

## ਅੰਮ੍ਰਿਤਪਾਲ ਸਿੰਘ ਨੇ ਜਥੇਦਾਰ ਗਿ. ਹਰਪ੍ਰੀਤ ਸਿੰਘ ਨੂੰ ਵਿਸਾਖੀ 'ਤੇ ਸਰਬੱਤ ਖਾਲਸਾ ਸੱਦਣ ਦੀ ਕੀਤੀ ਅਪੀਲ



17

## ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਰਾਧੇ ਸਵਾਮੀ ਮੁਖੀ ਗੁਰਿੰਦਰ ਸਿੰਘ ਢਿਲੋਂ ਨਾਲ ਕੀਤੀ ਮੁਲਾਕਾਤ

ਦੋਵਾਂ ਵਿਚਾਲੇ ਕਰੀਬ ਇਕ ਘੰਟਾ ਬੰਦ ਕਮਰਾ ਮੀਟਿੰਗ



19

ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ

# ਬਰਾਡਸ਼ਾਅ ਸੈਕਰਾਮੈਂਟ ਵਿਖੇ ਹੋਲੇ ਮਹੱਲੇ ਦੇ ਪਹਿਲੇ ਨਗਰ ਕੀਰਤਨ 'ਤੇ ਸੰਗਤਾਂ ਠਾਠਾਂ ਮਾਰਦਾ ਇਕੱਠ



(ਦੇਖੋ ਸਫ਼ਾ 30,31,32,33 'ਤੇ)

## ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ ਸਹਿਯੋਗ ਨਾਲ ਸ਼ਹੀਦਾਂ ਦੀ ਯਾਦ 'ਚ ਕਰਵਾਏ ਬਾਸਕਟਬਾਲ ਟੂਰਨਾਮੈਂਟ ਦਾ ਪਹਿਲਾ ਖਿਤਾਬ NTL ਸਟਾਕਟਨ ਨੇ ਜਿੱਤਿਆ




(ਦੇਖੋ ਸਫ਼ਾ 34-35 'ਤੇ)

## ਸਿੱਖਾਂ ਵੱਲੋਂ ਦਿੱਤੇ ਬਲੀਦਾਨਾਂ 'ਤੇ ਹਰ ਭਾਰਤੀ ਨੂੰ ਮਾਣ : ਗ੍ਰਹਿ ਮੰਤਰੀ ਅਮਿਤ ਸ਼ਾਹ



ਚੰਡੀਗੜ੍ਹ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅੰਮ੍ਰਿਤਪਾਲ ਸਿੰਘ ਤੇ ਖ਼ਾਲਿਸਤਾਨ ਬਾਰੇ ਅਹਿਮ ਬਿਆਨ ਸਾਹਮਣੇ ਆਇਆ ਹੈ। ਅੰਮ੍ਰਿਤਪਾਲ ਸਿੰਘ ਦੇ ਮਾਮਲੇ 'ਤੇ ਬੋਲਦਿਆਂ ਸ਼ਾਹ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਇਸ ਬਾਰੇ ਜੋ ਵੀ ਕਦਮ ਚੁੱਕਣਾ ਚਾਹੁੰਦੀ ਹੈ, ਕੇਂਦਰ ਸਰਕਾਰ ਉਸ ਦੇ ਨਾਲ ਹੈ।

ਇਕ ਚੈਨਲ ਨਾਲ ਇੰਟਰਵਿਊ ਦੌਰਾਨ ਅੰਮ੍ਰਿਤਪਾਲ ਸਿੰਘ ਬਾਰੇ ਕਾਰਵਾਈ ਬਾਰੇ ਪੁੱਛੇ ਜਾਣ 'ਤੇ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਕਿਸੇ ਵੀ ਸੂਬੇ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪਾਰਟੀਬਾਜ਼ੀ ਤੇ ਸਿਆਸਤ ਤੋਂ ਉੱਪਰ ਉੱਠ ਕੇ ਸੂਬਿਆਂ ਨਾਲ ਚੱਟਾਨ ਵਾਂਗ ਖੜ੍ਹੀ ਹੈ, ਕਿਉਂਕਿ ਇਹ ਮਾਮਲਾ ਦੇਸ਼ ਦਾ ਹੁੰਦਾ ਹੈ, ਸਿਆਸਤ ਦਾ ਨਹੀਂ। ਇਸ ਲਈ ਪੰਜਾਬ ਸਰਕਾਰ ਜੋ ਵੀ ਕਦਮ ਚੁੱਕਣਾ ਚਾਹੁੰਦੀ ਹੈ, ਕੇਂਦਰ ਸਰਕਾਰ ਉਸ ਦੇ ਨਾਲ ਹੈ।

ਇਸ ਦੌਰਾਨ ਵਿਦੇਸ਼ਾਂ ਵਿਚ ਭਾਰਤੀ ਹਾਈ ਕਮਿਸ਼ਨ 'ਤੇ ਹੋਏ ਪ੍ਰਦਰਸ਼ਨਾਂ ਬਾਰੇ ਗੱਲ

(ਦੇਖੋ ਸਫ਼ਾ 37 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੌਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਚ ਭਾਰਤੀ ਬੱਚੀ ਦੀ ਮੌਤ ਦੇ ਮਾਮਲੇ 'ਚ ਦੋਸ਼ੀ ਨੂੰ 100 ਸਾਲ ਦੀ ਸਜ਼ਾ



ਨਿਊਯਾਰਕ : ਅਮਰੀਕਾ ਵਿਚ 35 ਸਾਲਾ ਵਿਅਕਤੀ ਨੂੰ 2021 ਵਿੱਚ ਪੰਜ ਸਾਲ ਦੀ ਭਾਰਤੀ ਬੱਚੀ ਦੀ ਮੌਤ ਦਾ ਕਾਰਨ ਬਣਨ ਲਈ 100 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਦੀ ਘੋਸ਼ਣਾ ਲੁਈਸਿਆਨਾ ਦੇ ਕੈਡੋ ਪੈਰਿਸ਼ ਵਿੱਚ ਇੱਕ ਜੱਜ ਦੁਆਰਾ ਕੀਤੀ ਗਈ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਕਿ ਮਯਾ ਪਟੇਲ ਮਾਰਚ 2021 ਵਿੱਚ ਸ਼੍ਰੇਵਪੋਰਟ ਦੇ ਮੌਂਕਹਾਊਸ ਡਰਾਈਵ ਵਿੱਚ ਆਪਣੇ ਹੋਟਲ ਦੇ ਕਮਰੇ ਵਿੱਚ ਖੇਡ ਰਹੀ ਸੀ, ਜਦੋਂ ਜੋਸਫ਼ ਲੀ ਸਮਿਥ ਦੀ ਬੰਦੂਕ ਵਿੱਚੋਂ ਨਿਕਲੀ ਗੋਲੀ ਨਿਸ਼ਾਨੇ ਤੋਂ ਖੁੰਝ ਗਈ ਅਤੇ ਉਸ ਨੂੰ ਜਾ ਲੱਗੀ।

ਕੈਡੋ ਪੈਰਿਸ਼ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਇਸ ਹਫ਼ਤੇ ਐਲਾਨ ਕੀਤਾ ਕਿ ਸਮਿਥ ਨੂੰ ਮਾਰਚ 2021 ਵਿੱਚ ਮਯਾ ਪਟੇਲ ਦੇ ਕਤਲ ਦੇ ਸਬੰਧ ਵਿੱਚ ਜ਼ਿਲ੍ਹਾ ਜੱਜ ਜੌਨ ਡੀ. ਮੋਸੇਲੀ ਜੂਨੀਅਰ ਨੇ ਪ੍ਰੋਬੇਸ਼ਨ, ਪੈਰੋਲ ਜਾਂ ਸਜ਼ਾ ਵਿੱਚ ਕਮੀ ਦੇ ਲਾਭ ਤੋਂ ਬਿਨਾਂ 60 ਸਾਲ ਦੀ ਸਖ਼ਤ ਮਿਹਨਤ ਦੀ ਸਜ਼ਾ ਸੁਣਾਈ। ਜੱਜ ਨੇ ਇਹ ਵੀ ਹੁਕਮ ਦਿੱਤਾ ਕਿ ਸਮਿਥ, ਜਿਸ ਨੂੰ ਇਸ ਸਾਲ ਜਨਵਰੀ ਵਿੱਚ ਕਤਲੇਆਮ ਦਾ ਦੋਸ਼ੀ ਪਾਇਆ ਗਿਆ ਸੀ, ਨੂੰ ਮਯਾ ਦੇ ਕਤਲ ਨਾਲ ਜੁੜੇ ਵੱਖ-ਵੱਖ ਦੋਸ਼ਾਂ ਲਈ ਨਿਆਂ ਵਿੱਚ ਰੁਕਾਵਟ ਪਾਉਣ ਲਈ 20-20 ਸਾਲ ਦੀ ਸਜ਼ਾ ਭੁਗਤਣੀ ਪਵੇਗੀ। ਇਹਨਾਂ ਸ਼ਰਤਾਂ ਨੂੰ ਪ੍ਰੋਬੇਸ਼ਨ, ਪੈਰੋਲ ਜਾਂ ਸਜ਼ਾ ਦੀ ਕਮੀ ਤੋਂ ਬਿਨਾਂ ਸਖ਼ਤ ਮਿਹਨਤ ਨਾਲ ਵੀ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ 20 ਮਾਰਚ, 2021 ਨੂੰ ਪੱਛਮੀ ਸ਼ਰੇਵਪੋਰਟ ਵਿੱਚ ਮੋਨਕਹਾਊਸ ਡ੍ਰਾਈਵ ਦੇ 4900 ਬਲਾਕ ਵਿੱਚ ਸੁਪਰ 8 ਮੋਟਲ ਦੀ ਪਾਰਕਿੰਗ ਵਿੱਚ ਸਮਿਥ ਦਾ ਇੱਕ ਹੋਰ ਆਦਮੀ ਨਾਲ ਝਗੜਾ ਹੋ ਗਿਆ। ਉਸ ਸਮੇਂ ਮੋਟਲ ਦੀ ਮਲਕੀਅਤ ਅਤੇ ਸੰਚਾਲਨ ਵਿਮਲ ਅਤੇ ਸਨੇਹਲ ਪਟੇਲ ਕੋਲ ਸੀ, ਜੋ ਮਯਾ ਅਤੇ ਇੱਕ ਛੋਟੇ ਭੈਣ-ਭਰਾ ਨਾਲ ਜ਼ਮੀਨੀ ਮੰਜ਼ਿਲ ਦੀ ਇਕਾਈ ਵਿੱਚ ਰਹਿੰਦੇ ਸਨ। ਝਗੜੇ ਦੌਰਾਨ ਸਮਿਥ ਨੇ ਦੂਜੇ ਆਦਮੀ ਨੂੰ 9-✡✡ ਹੈਂਡਗਨ ਨਾਲ ਮਾਰਿਆ, ਜਿਸ ਵਿਚੋਂ ਇੱਕ ਗੋਲੀ ਨਿਕਲੀ। ਗੋਲੀ ਨਿਸ਼ਾਨੇ ਤੋਂ ਖੁੰਝ ਗਈ, ਪਰ ਅਪਾਰਟਮੈਂਟ ਵਿਚ ਦਾਖਲ ਹੋ ਕੇ ਮਯਾ ਦੇ ਸਿਰ ਵਿੱਚ ਲੱਗੀ। ਮਯਾ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ 23 ਮਾਰਚ ਨੂੰ ਮ੍ਰਿਤਕ ਘੋਸ਼ਿਤ ਕਰਨ ਤੋਂ ਪਹਿਲਾਂ ਉਹ ਤਿੰਨ ਦਿਨ ਤੱਕ ਜ਼ਿੰਦਗੀ ਨਾਲ ਜੂਝਦੀ ਰਹੀ।

# ਅਮਰੀਕਾ 'ਚ ਭਾਰਤੀ ਦੂਤ ਤਰਨਜੀਤ ਸੰਧੂ ਨੇ ਭਾਰਤ ਲਈ ਨਵੇਂ ਅਮਰੀਕੀ ਰਾਜਦੂਤ ਨਾਲ ਕੀਤੀ ਮੁਲਾਕਾਤ



ਵਾਸ਼ਿੰਗਟਨ : ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਭਾਰਤ ਲਈ ਨਵਨਿਯੁਕਤ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੀ ਇਹ ਮੁਲਾਕਾਤ ਗਾਰਸੇਟੀ ਦੇ ਸ਼ੁੱਕਰਵਾਰ ਨੂੰ ਭਾਰਤ 'ਚ ਅਗਲੇ ਅਮਰੀਕੀ ਰਾਜਦੂਤ ਵਜੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਹੋਈ।

ਭਾਰਤੀ ਰਾਜਦੂਤ ਸੰਧੂ ਨੇ ਬੈਠਕ ਤੋਂ ਬਾਅਦ ਟਵੀਟ ਕੀਤਾ, "ਐਰਿਕ ਗਾਰਸੇਟੀ ਨੂੰ ਭਾਰਤ 'ਚ ਅਮਰੀਕੀ ਰਾਜਦੂਤ ਵਜੋਂ ਸਹੁੰ ਚੁੱਕਣ 'ਤੇ ਵਧਾਈ। ਉਹ ਭਾਰਤ ਰਵਾਨਾ ਹੋਣ ਦੀ ਤਿਆਰੀ ਕਰ ਰਹੇ ਹਨ, ਇਸ ਦਰਮਿਆਨ ਅਸੀਂ ਆਪਣੇ ਨੇਤਾਵਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਦੁਵੱਲੀ ਸਾਂਝ ਨੂੰ ਵਧਾਉਣ ਲਈ ਕੁਝ ਤੁਰੰਤ ਤਰਜੀਹਾਂ 'ਤੇ ਚਰਚਾ ਕੀਤੀ।" ਸੰਧੂ ਨੇ ਕਿਹਾ ਕਿ ਉਹ ਗਾਰਸੇਟੀ ਦੇ ਨਾਲ ਕੰਮ ਕਰਨ ਲਈ ਕਾਹਲੇ ਹਨ। ਭਾਰਤ 'ਚ ਅਮਰੀਕੀ ਰਾਜਦੂਤ ਦਾ ਅਹੁਦਾ ਜਨਵਰੀ 2021 ਤੋਂ ਖਾਲੀ ਹੈ।

# ਮੈਕਸੀਕੋ ਦੇ ਇਮੀਗ੍ਰੇਸ਼ਨ ਕੇਂਦਰ 'ਚ ਅੱਗ ਲੱਗਣ ਕਾਰਨ ਮਾਰਨ ਵਾਲਿਆਂ ਦੀ ਗਿਣਤੀ ਹੋਈ 39




ਮੈਕਸੀਕੋ ਸਿਟੀ : ਅਮਰੀਕਾ ਦੀ ਸਰਹੱਦ ਨੇੜੇ ਮੈਕਸੀਕੋ ਦੇ ਸਿਉਦਾਦ ਜੁਆਰੇਜ਼ ਸਥਿਤ ਇਮੀਗ੍ਰੇਸ਼ਨ ਕੇਂਦਰ ਵਿਚ ਅੱਗ ਲੱਗਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 39 ਹੋ ਗਈ ਹੈ, ਜਦਕਿ 29 ਹੋਰ ਪ੍ਰਵਾਸੀ ਜ਼ਖ਼ਮੀ ਹੋ ਗਏ ਹਨ। ਮੈਕਸੀਕੋ ਦੀ ਇਮੀਗ੍ਰੇਸ਼ਨ ਸੇਵਾ ਨੇ ਟਵਿੱਟਰ 'ਤੇ ਕਿਹਾ, 'ਮੈਕਸੀਕੋ ਦੀ ਇਮੀਗ੍ਰੇਸ਼ਨ ਸੇਵਾ 39 ਵਿਦੇਸ਼ੀ ਪ੍ਰਵਾਸੀਆਂ ਦੀ ਮੌਤ 'ਤੇ ਅਫ਼ਸੋਸ ਕਰਦੀ ਹੈ।' ਕੇਂਦਰ 'ਚ ਮੱਧ ਅਤੇ ਦੱਖਣੀ ਅਮਰੀਕਾ ਦੇ 68 ਪੁਰਸ਼ ਸਨ। ਬਿਆਨ ਵਿਚ ਕਿਹਾ ਗਿਆ ਹੈ ਕਿ ਅੱਗ ਵਿਚ 29 ਲੋਕ ਝੁਲਸ ਗਏ ਹਨ ਅਤੇ ਉਨ੍ਹਾਂ ਨੂੰ 4 ਹਸਪਤਾਲਾਂ ਵਿਚ ਭਰਤੀ ਕਰਾਇਆ ਗਿਆ ਹੈ। ਮੈਕਸੀਕੋ ਦੇ ਅਖ਼ਬਾਰ ਏਲ ਹੇਰਾਲਡੋ ਡੀ ਮੈਕਸੀਕੋ ਨੇ ਦੱਸਿਆ ਕਿ ਅਮਰੀਕਾ ਨਾਲ ਲੱਗਦੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਦੌਰਾਨ ਹਿਰਾਸਤ ਵਿੱਚ ਲਏ ਗਏ ਪ੍ਰਵਾਸੀਆਂ ਲਈ ਸਥਾਪਤ ਇੱਕ ਨਜ਼ਰਬੰਦੀ ਕੈਂਪ ਵਿੱਚ ਅੱਗ ਲੱਗ ਗਈ ਸੀ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਜਨਵਰੀ ਵਿਚ ਮੇਰਿਕੀ ਦੀ ਦੱਖਣੀ ਸਰਹੱਦ ਦਾ ਦੌਰਾ ਕਰਨ ਤੋਂ ਬਾਅਦ ਕਿਹਾ ਸੀ ਕਿ ਪਿਛਲੇ 2 ਸਾਲਾਂ ਵਿਚ ਪ੍ਰਵਾਸੀਆਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋਇਆ ਹੈ ਅਤੇ ਉਨ੍ਹਾਂ ਲਈ ਹੋਰ ਸਾਧਨਾਂ ਦੀ ਲੋੜ ਹੈ।

# ਰਾਹੁਲ ਗਾਂਧੀ ਦਾ ਸਮਰਥਨ ਕਰਨ ਤੇ ਟਰੋਲ ਹੋਏ ਰੋ ਖੰਨਾ, ਕਿਹਾ-ਮੇਰੇ ਤੇ ਹਮਲਾ ਕਰੋ, ਆਜ਼ਾਦੀ ਘੁਲਾਟੀਆਂ ਤੇ ਨਹੀਂ

ਵਾਸ਼ਿੰਗਟਨ : ਅਮਰੀਕਾ ਦੇ ਸੰਸਦ ਮੈਂਬਰ ਰੋ ਖੰਨਾ ਆਪਣੇ ਮਰਹੂਮ ਨਾਨਾ ਅਮਰਨਾਥ ਵਿਦਿਆਲੰਕਰ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ, ਜਿਨ੍ਹਾਂ ਦੀ ਐਮਰਜੈਂਸੀ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸਮਰਥਨ ਕਰਨ ਲਈ ਹਾਲ ਹੀ ਵਿੱਚ ਸੋਸ਼ਲ ਮੀਡੀਆ ਉੱਤੇ ਆਲੋਚਨਾ ਹੋਈ ਸੀ। ਖੰਨਾ ਨੇ ਕਿਹਾ, 'ਮੇਰੇ 'ਤੇ ਹਮਲਾ ਕਰੋ, ਭਾਰਤ ਦੇ ਆਜ਼ਾਦੀ ਘੁਲਾਟੀਆਂ 'ਤੇ ਹਮਲਾ ਨਾ ਕਰੋ।' ਪਿਛਲੇ ਹਫ਼ਤੇ ਡੈਮੋਕਰੇਟ ਸੰਸਦ ਮੈਂਬਰ ਖੰਨਾ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਠਹਿਰਾਉਣ ਨੂੰ ਗਾਂਧੀਵਾਦੀ ਫਲਸਫੇ ਦੀਆਂ ਕਦਰਾਂ-ਕੀਮਤਾਂ ਨਾਲ 'ਵਿਸ਼ਵਾਸਘਾਤ' ਕਰਾਰ ਦਿੱਤਾ ਸੀ। ਗੁਜਰਾਤ ਰਾਜ ਦੇ ਸੂਰਤ ਦੀ ਇੱਕ ਅਦਾਲਤ ਨੇ ਪਿਛਲੇ ਹਫ਼ਤੇ ਰਾਹੁਲ ਗਾਂਧੀ ਨੂੰ ਮਾਣਹਾਨੀ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਉਂਦਿਆਂ 2 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਉਸ ਤੋਂ ਬਾਅਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਲੋਕ ਸਭਾ ਦੀ ਮੈਂਬਰਸ਼ਿਪ ਲਈ ਅਯੋਗ ਕਰਾਰ ਦੇ ਦਿੱਤਾ ਗਿਆ ਸੀ।

ਖੰਨਾ ਨੇ ਹਾਲ ਹੀ ਵਿੱਚ ਟਵੀਟ ਕੀਤਾ, 'ਰਾਹੁਲ ਗਾਂਧੀ ਨੂੰ ਸੰਸਦ ਤੋਂ ਬਾਹਰ ਕੱਢਣਾ ਗਾਂਧੀਵਾਦੀ ਫਲਸਫੇ ਅਤੇ ਭਾਰਤ ਦੀਆਂ ਡੂੰਘੀਆਂ ਕਦਰਾਂ ਕੀਮਤਾਂ ਨਾਲ ਡੂੰਘਾ ਵਿਸ਼ਵਾਸਘਾਤ ਹੈ।' ਭਾਰਤੀ-ਅਮਰੀਕੀ ਨੇਤਾ (46) ਨੇ ਕਿਹਾ, 'ਮੇਰੇ ਨਾਨਾ ਜੀ ਨੇ ਜੇਲ੍ਹ ਵਿੱਚ ਸਾਲਾਂ ਦੀ ਕੁਰਬਾਨੀ ਇਸ ਲਈ ਨਹੀਂ ਦਿੱਤੀ ਸੀ।' ਰਾਹੁਲ ਗਾਂਧੀ ਦੇ ਸਮਰਥਨ ਵਿੱਚ ਕੀਤੇ ਗਏ ਉਨ੍ਹਾਂ ਦੇ ਟਵੀਟ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਬਹੁਤ ਸਾਰੇ ਲੋਕਾਂ ਨੇ ਜ਼ਿਕਰ ਕੀਤਾ ਕਿ ਖੰਨਾ ਦੇ ਮਰਹੂਮ ਨਾਨਾ ਵਿਦਿਆਲੰਕਰ ਇੱਕ ਗਾਂਧੀਵਾਦੀ ਸਨ ਅਤੇ ਐਮਰਜੈਂਸੀ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮਰਥਕ ਸਨ।



ਟਵਿੱਟਰ 'ਤੇ ਇੱਕ ਪੋਸਟ ਵਿੱਚ ਲਿਖਿਆ ਗਿਆ, 'ਅਜਿਹਾ ਲੱਗਦਾ ਹੈ ਜਿਵੇਂ ਰੋ ਇਹ ਭੁੱਲ ਗਏ ਹਨ ਕਿ ਉਨ੍ਹਾਂ ਦੇ ਨਾਨਾ ਅਮਰਨਾਥ ਵਿਦਿਆਲੰਕਰ, ਜੋ ਕਾਂਗਰਸ ਦੇ ਇੱਕ ਵਫ਼ਾਦਾਰ ਮੈਂਬਰ ਸਨ, ਭਾਰਤ ਵਿੱਚ ਐਮਰਜੈਂਸੀ ਦੇ ਔਖੇ ਸਮੇਂ ਦੌਰਾਨ ਇੰਦਰਾ ਗਾਂਧੀ ਦੀ ਸਰਕਾਰ ਦਾ ਹਿੱਸਾ ਸਨ। ਉਨ੍ਹਾਂ ਨੇ ਐਮਰਜੈਂਸੀ ਦੌਰਾਨ ਭਾਰਤੀ ਲੋਕਾਂ 'ਤੇ ਹੋਏ ਅੱਤਿਆਚਾਰਾਂ ਦਾ ਵਿਰੋਧ ਨਹੀਂ ਕੀਤਾ ਸੀ।'

ਇਸ ਦੇ ਜਵਾਬ 'ਚ ਖੰਨਾ ਨੇ ਟਵੀਟ ਕੀਤਾ ਕਿ ਇਹ ਦੇਖ ਕੇ ਦੁੱਖ ਹੋਇਆ ਕਿ ਲੋਕ ਮੇਰੇ ਨਾਨਾ ਜੀ ਨੂੰ ਬਦਨਾਮ ਕਰ ਰਹੇ ਹਨ, ਜਿਨ੍ਹਾਂ ਨੇ ਲਾਲਾ ਲਾਜਪਤ ਰਾਏ ਨਾਲ ਕੰਮ ਕੀਤਾ ਸੀ, ਉਨ੍ਹਾਂ ਨੂੰ ਕਈ ਸਾਲ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਐਮਰਜੈਂਸੀ ਦਾ ਵਿਰੋਧ ਕਰਦੇ ਹੋਏ ਇੰਦਰਾ ਗਾਂਧੀ ਨੂੰ ਦੋ ਚਿੱਠੀਆਂ ਲਿਖੀਆਂ ਸਨ। ਉਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਸੰਸਦ ਦੀ ਮੈਂਬਰਸ਼ਿਪ ਛੱਡ ਦਿੱਤੀ ਸੀ। ਮੇਰੇ 'ਤੇ ਹਮਲਾ ਕਰੋ। ਭਾਰਤ ਦੇ ਆਜ਼ਾਦੀ ਘੁਲਾਟੀਆਂ 'ਤੇ ਹਮਲਾ ਨਾ ਕਰੋ। ਅਤੇ ਤੱਥ ਮਾਇਨੇ ਰੱਖਦੇ ਹਨ।÷ ਖੰਨਾ ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਸਿਲੀਕਾਨ ਵੈਲੀ ਦੀ ਪ੍ਰਤੀਨਿਧਤਾ ਕਰਦੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਨੇਤਨਯਾਹੂ ਨੇ ਨਿਆਂਇਕ ਸੁਧਾਰ ਤੇ ਬਾਈਡੇਨ ਦੀ ਸਲਾਹ ਨੂੰ ਕੀਤਾ ਰੱਦ, ਕਿਹਾ- ਦੇਸ਼ ਆਪਣੇ ਫ਼ੈਸਲੇ ਖ਼ੁਦ ਲੈਂਦਾ ਹੈ





ਯੇਰੂਸ਼ਲਮ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਨਿਆਂ ਪਣਾਲੀ ਵਿਚ ਸੁਧਾਰ ਸਬੰਧੀ ਵਿਵਿਦਤ ਯੋਜਨਾ ਨੂੰ ਵਾਪਸ ਲੈਣ ਦੀ ਸਲਾਹ ਦਿੱਤੀ ਪਰ ਨੇਤਨਯਾਹੂ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਦੇਸ਼ ਆਪਣੇ ਫ਼ੈਸਲੇ ਖ਼ੁਦ ਲੈਂਦਾ ਹੈ। ਦੋਵਾਂ ਦੇਸ਼ਾਂ ਦੇ ਨੇਤਾਵਾਂ ਵਿਚਾਲੇ ਜਨਤਕ ਰੂਪ ਨਾਲ ਇਸ ਪ੍ਰਕਾਰ ਅਸਹਿਮਤੀ ਪ੍ਰਗਟ ਕਰਨਾ ਆਮ ਗੱਲ ਨਹੀਂ ਹੈ ਅਤੇ ਇਹ ਘਟਨਾ ਨੇਤਨਯਾਹੂ ਦੇ ਨਿਆਂਇਕ ਤਬਦੀਲੀਆਂ ਦੇ ਪ੍ਰਸਤਾਵ ਨੂੰ ਲੈ ਕੇ ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਮਤਭੇਦ ਪੈਦਾ ਹੋਣ ਵੱਲ ਇਸ਼ਾਰਾ ਕਰਦੀ ਹੈ।

ਜ਼ਿਕਰਯੋਗ ਹੈ ਕਿ ਨੇਤਨਯਾਹੂ ਦੀ ਨਿਆਂਇਕ ਸੁਧਾਰ ਯੋਜਨਾ ਦੇ ਦੇਸ਼ ਵਿਚ ਬੇਮਿਸਾਨ ਤਰੀਕੇ ਨਾਲ ਵਿਰੋਧ ਹੋਇਆ ਅਤੇ ਲੋਕਾਂ ਦੇ ਸੜਕਾਂ 'ਤੇ ਉਤਰਨ ਕਾਰਨ ਘਰੇਲੂ ਸੰਕਟ ਦੀ ਸਥਿਤੀ ਬਣਨ ਲੱਗੀ, ਜਿਸ ਤੋਂ ਬਾਅਦ ਨੇਤਨਯਾਹੂ ਨੇ ਇਸ ਯੋਜਨਾ ਨੂੰ ਮੁਲਤਵੀ ਕਰ ਦਿੱਤਾ ਸੀ। ਪੱਤਰਕਾਰਾਂ ਨੇ ਬਾਈਡੇਨ ਨੂੰ ਸਵਾਲ ਕੀਤਾ ਕਿ ਉਨ੍ਹਾਂ ਨੂੰ ਨਿਆਂਇਕ ਸੁਧਾਰ ਸਬੰਧੀ ਬਿੱਲ ਨੂੰ ਲੈ ਕੇ ਕੀ ਉਮੀਦ ਹੈ। ਇਸ ਦੇ ਜਵਾਬ ਵਿਚ ਬਾਈਡੇਨ ਨੇ ਕਿਹਾ ਕਿ ਮੈਂ ਉਮੀਦ ਕਰਦਾ ਹਾਂ ਕਿ ਉਹ ਇਸ ਨੂੰ ਵਾਪਸ ਲੈ ਲੈਣਗੇ।

ਬਾਈਡੇਨ ਨੇ ਕਿਹਾ ਕਿ ਨੇਤਨਯਾਹੂ ਦੀ ਸਰਕਾਰ ਇਸ ਰਾਹ 'ਤੇ ਅੱਗੇ ਵਧਣਾ ਜਾਰੀ ਨਹੀਂ ਰੱਖ ਸਕਦੀ ਅਤੇ ਉਨ੍ਹਾਂ ਨੇ ਇਸ ਯੋਜਨਾ ਨੂੰ ਲੈ ਕੇ ਸਮਝੌਤਾ ਕਰਨ ਦੀ ਅਪੀਲ ਕੀਤੀ। ਨੇਤਨਯਾਹੂ ਨੇ ਇਸ ਦੇ ਜਵਾਬ ਵਿਚ ਕਿਹਾ ਕਿ ਇਜ਼ਰਾਈਲ ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਹੈ ਅਤੇ ਉਹ ਆਪਣੇ ਫ਼ੈਸਲੇ ਆਪਣੇ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਕਰਦਾ ਹੈ, ਨਾ ਕਿ ਦੂਜੇ ਦੇਸ਼ਾਂ ਦੇ ਦਬਾਅ ਹੇਠ ਵਿਚ, ਭਾਵੇਂ ਉਹ ਸਭ ਤੋਂ ਚੰਗਾ ਦੋਸਤ ਕਿਉਂ ਨਾ ਹੋਵੇ।

# ਟੈਕਸਾਸ ਯੂਨੀਵਰਸਿਟੀ ਨੇ ਉਦਯੋਗਪਤੀ ਨਵੀਨ ਜਿੰਦਲ ਨੂੰ ਕੀਤਾ ਸਨਮਾਨਿਤ




ਵਾਸ਼ਿੰਗਟਨ : ਅਮਰੀਕਾ ਵਿਚ ਡਲਾਸ ਸਥਿਤ ਟੈਕਸਾਸ ਯੂਨੀਵਰਸਿਟੀ ਨੇ ਭਾਰਤੀ ਉਦਯੋਗਪਤੀ ਨਵੀਨ ਜਿੰਦਲ ਨੂੰ ਉਦਯੋਗ, ਰਾਜਨੀਤੀ ਅਤੇ ਸਿੱਖਿਆ ਦੇ ਖੇਤਰਾਂ ਵਿਚ ਪ੍ਰਾਪਤੀਆਂ ਲਈ 'ਲਾਈਫਟਾਈਮ ਅਚੀਵਮੈਂਟ' ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਜਿੰਦਲ, ਜੋ ਕਿ ਟੈਕਸਾਸ ਯੂਨੀਵਰਸਿਟੀ ਦੇ 1992 ਬੈਚ ਦੇ ਸਾਬਕਾ ਵਿਦਿਆਰਥੀ ਹਨ, ਨੂੰ 25 ਮਾਰਚ ਨੂੰ ਆਯੋਜਿਤ ਇੱਕ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ।

ਇੱਕ ਮੀਡੀਆ ਰੀਲੀਜ਼ ਦੇ ਅਨੁਸਾਰ ਜਿੰਦਲ ਨੋਬਲ ਪੁਰਸਕਾਰ ਜੇਤੂ ਅਜ਼ੀਜ਼ ਸੰਕਰ ਤੋਂ ਬਾਅਦ ਟੈਕਸਾਸ ਯੂਨੀਵਰਸਿਟੀ ਤੋਂ 'ਲਾਈਫਟਾਈਮ ਅਚੀਵਮੈਂਟ' ਪੁਰਸਕਾਰ ਪ੍ਰਾਪਤ ਕਰਨ ਵਾਲੇ ਦੂਜੇ ਵਿਅਕਤੀ ਹਨ। ਯੂਨੀਵਰਸਿਟੀ ਦੇ ਵਿਦਿਆਰਥੀ ਹੋਣ ਦੇ ਨਾਤੇ, ਜਿੰਦਲ 'ਸਟੂਡੈਂਟ ਗਵਰਮੈਂਟ' ਦੇ ਉਪ-ਪ੍ਰਧਾਨ ਅਤੇ ਪ੍ਰਧਾਨ ਸਨ ਅਤੇ ਉਨ੍ਹਾਂ ਨੂੰ 'ਸਟੂਡੈਂਟ ਲੀਡਰ ਆਫ ਦਿ ਈਅਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ।

ਉਨ੍ਹਾਂ ਨੂੰ 2010 ਵਿੱਚ ਯੂਨੀਵਰਸਿਟੀ ਦੇ ਡਿਸਟਿੰਗੂਇਸ਼ਡ ਐਲੂਮਨਸ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਰੀਲੀਜ਼ ਦੇ ਅਨੁਸਾਰ 'ਲਾਈਫਟਾਈਮ ਅਚੀਵਮੈਂਟ' ਪੁਰਸਕਾਰ ਟੈਕਸਾਸ ਯੂਨੀਵਰਸਿਟੀ ਦੁਆਰਾ ਆਪਣੇ ਸਾਬਕਾ ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ ਸਰਵਉੱਚ ਸਨਮਾਨ ਹੈ। ਐਵਾਰਡ ਇੱਕ ਸਾਬਕਾ ਵਿਦਿਆਰਥੀ ਨੂੰ ਸਨਮਾਨਿਤ ਕਰਦਾ ਹੈ, ਜਿਸ ਨੇ ਸਮਾਜ ਦੀ ਬਿਹਤਰੀ ਲਈ ਇੱਕ ਅਸਾਧਾਰਣ ਯੋਗਦਾਨ ਪਾਇਆ ਹੈ, ਯੂਨੀਵਰਸਿਟੀ ਦੇ ਬਦਲਾਅ ਵਿੱਚ ਭੂਮਿਕਾ ਨਿਭਾਈ ਹੈ ਅਤੇ ਦੂਜਿਆਂ ਨੂੰ ਪ੍ਰੇਰਿਤ ਕੀਤਾ ਹੈ।

# ਵਿਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਲਈ ਅਹਿਮ ਖ਼ਬਰ, ਅਮਰੀਕਾ ਨੇ ਦਿੱਤੀ ਵੱਡੀ ਰਾਹਤ



ਵਾਸ਼ਿੰਗਟਨ : ਅਮਰੀਕਾ ਆਉਣ ਦੇ ਚਾਹਵਾਨ ਲੋਕਾਂ ਲਈ ਭਾਰਤ ਵਿੱਚ ਵਿਜ਼ਟਰ ਵੀਜ਼ਾ ਇੰਟਰਵਿਊ ਲਈ ਉਡੀਕ ਸਮਾਂ ਇਸ ਸਾਲ 60 ਫ਼ੀਸਦੀ ਤੱਕ ਘਟਾ ਦਿੱਤਾ ਗਿਆ ਹੈ। ਅਮਰੀਕਾ ਦੀ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਡਿਪਲੋਮੈਟਿਕ ਮਿਸ਼ਨ ਖੋਲ੍ਹਣ ਅਤੇ ਅਧਿਕਾਰੀਆਂ ਦੀ ਗਿਣਤੀ ਵਧਾਉਣ ਸਮੇਤ ਇਹ ਅਮਰੀਕਾ ਵੱਲੋਂ ਚੁੱਕੇ ਗਏ ਕਈ ਕਦਮਾਂ ਕਾਰਨ ਅਜਿਹਾ ਹੋਇਆ ਹੈ। ਵੀਜ਼ਾ ਸੇਵਾਵਾਂ ਲਈ ਉਪ ਸਹਾਇਕ ਸਕੱਤਰ ਜੂਲੀ ਸਟੱਫ ਨੇ ਕਿਹਾ ਕਿ ਵਿਦੇਸ਼ ਵਿਭਾਗ ਦਾ ਇਸ ਸਾਲ 10 ਲੱਖ ਵੀਜ਼ੇ ਜਾਰੀ ਕਰਨ ਦਾ ਟੀਚਾ ਹੈ, ਜੋ ਕਿ ਮਹਾਮਾਰੀ ਤੋਂ ਪਹਿਲਾਂ ਜਾਰੀ ਕੀਤੀ ਗਈ ਸੰਖਿਆ ਤੋਂ ਵੱਧ ਹੈ।

ਉਨ੍ਹਾਂ ਕਿਹਾ, "ਅਸੀਂ ਭਾਰਤ ਜਾਣ ਵਾਲੇ ਅਧਿਕਾਰੀਆਂ ਦੀ ਗਿਣਤੀ ਵਧਾ ਦਿੱਤੀ ਹੈ। ਅਸੀਂ ਵੀਜ਼ਾ ਪ੍ਰਾਪਤ ਕਰਨ ਵਾਲੇ ਭਾਰਤੀਆਂ ਲਈ ਬੈਂਕਾਕ ਵਰਗੇ ਦੁਨੀਆ ਭਰ ਦੇ ਹੋਰ ਦੂਤਘਰਾਂ ਨਾਲ ਬੇਮਿਸਾਲ ਪ੍ਰਬੰਧ ਕੀਤੇ ਹਨ। ਅਸੀਂ ਹੈਦਰਾਬਾਦ ਵਿੱਚ ਇੱਕ ਨਵਾਂ ਵਣਜ ਦੂਤਘਰ ਖੋਲ੍ਹ ਰਹੇ ਹਾਂ... ਅਤੇ ਅਸੀਂ ਸਿਰਫ਼ ਇਹ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ ਕਿ ਅਸੀਂ ਭਾਰਤ ਵਿੱਚ ਇੰਤਜ਼ਾਰ ਦੇ ਸਮੇਂ ਨੂੰ ਘਟਾ ਸਕੀਏ।' ਉਨ੍ਹਾਂ ਕਿਹਾ, "ਅਸੀਂ (ਭਾਰਤ ਤੋਂ ਬਾਹਰ ਕਈ) ਮਿਸ਼ਨਾਂ ਨੂੰ ਭਾਰਤੀਆਂ ਦੀਆਂ ਅਰਜ਼ੀਆਂ ਨੂੰ ਉਸੇ ਤਰ੍ਹਾਂ ਲੈਣ ਲਈ ਕਿਹਾ ਹੈ ਜਿਵੇਂ ਕਿ ਉਹ ਉਨ੍ਹਾਂ ਦੇ ਆਪਣੇ ਮੇਜ਼ਬਾਨ ਦੇਸ਼ ਦੀਆਂ ਅਰਜ਼ੀਆਂ ਹੋਣ।" ਉਨ੍ਹਾਂ ਕਿਹਾ, "ਸਪੱਸ਼ਟ ਤੌਰ 'ਤੇ ਇਹ ਆਦਰਸ਼ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਭਾਰਤੀ ਭਾਰਤ ਵਿੱਚ ਅਪਲਾਈ ਕਰਨ ਦੇ ਯੋਗ ਹੋਣ ਅਤੇ ਅਸੀਂ ਇਸ ਲਈ ਕੰਮ ਕਰ ਰਹੇ ਹਾਂ।" ਅਮਰੀਕਾ ਦੇ 100 ਤੋਂ ਵੱਧ ਡਿਪਲੋਮੈਟਿਕ ਮਿਸ਼ਨ ਭਾਰਤੀਆਂ ਨੂੰ ਵੀਜ਼ਾ ਜਾਰੀ ਕਰ ਰਹੇ ਹਨ।

American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ
## ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377




ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੁ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**21 ਅਪ੍ਰੈਲ ਨੂੰ Gurdwara Sahib Fremont**

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 23 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



I Love Bara Pind


V.P.O. Bara Pind-144418

## ਗੁਰਦੁਆਰਾ ਸਾਹਿਬ ਫਰੀਮਾਂਟ

**300 Gurdwara Road Fremont CA 94536**

**ਅਰੰਭ ਸ਼੍ਰੀ ਅਖੰਡਪਾਠ ਸਾਹਿਬ :** 21, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

**ਭੋਗ ਸ਼੍ਰੀ ਅਖੰਡਪਾਠ ਸਾਹਿਬ :** 23, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

**ਗੁਰਦਵਾਰਾ ਸਾਹਿਬ ਫਰੀਮਾਂਟ**
(510) 790-0177

**ਸ. ਜੁਗਿੰਦਰ ਸਿੰਘ**
510 299-8557

**ਸ. ਜੁਗਰਾਜ ਸਿੰਘ ਸਹੋਤਾ**
(510) 6730825

**ਸ. ਨਰਿੰਦਰ ਸਿੰਘ ਸਹੋਤਾ**
510 673-0629

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਕੈਨੇਡਾ ਵਿੱਚ ਪੜ੍ਹਾਈ ਤੇ ਮੁਸ਼ਕਿਲਾਂ



ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਵਿਦੇਸ਼ ਵਿੱਚ ਪੜ੍ਹਨ ਜਾਣ ਦੇ ਚਾਹਵਾਨ ਹਨ। ਇਸ ਦਾ ਮੁੱਖ ਕਾਰਨ ਸਾਡੇ ਦੇਸ਼ ਵਿੱਚ ਰੁਜ਼ਗਾਰ ਦੀ ਘਾਟ ਅਤੇ ਮੁਕਾਬਲੇ ਦਾ ਵੱਧ ਹੋਣਾ ਹੈ। ਜਦੋਂ ਕੋਈ ਬੱਚਾ ਪੜ੍ਹਨ ਲਈ ਵਿਦੇਸ਼ ਜਾਂਦਾ ਹੈ ਤਾਂ ਮਾਪਿਆਂ ਨੂੰ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਦਾ ਬੱਚਾ ਰੋਜ਼ੀ-ਰੋਟੀ ਕਮਾਉਣ ਦੇ ਯੋਗ ਹੋ ਗਿਆ ਹੋਵੇ। ਜੇਕਰ ਕੋਈ ਬੱਚਾ ਵਿਦੇਸ਼ ਜਾ ਕੇ 5-7 ਸਾਲ ਮਿਹਨਤ ਨਾਲ ਆਪਣੀ ਪੜ੍ਹਾਈ ਪੂਰੀ ਕਰ ਲਵੇ ਤਾਂ ਉਹ ਕੋਈ ਚੰਗੀ ਨੌਕਰੀ ਪ੍ਰਾਪਤ ਕਰਨ ਦੇ ਯੋਗ ਵੀ ਹੋ ਜਾਂਦਾ ਹੈ। ਪਰ ਇਨ੍ਹਾਂ ਪੰਜ ਸੱਤ ਸਾਲਾ ਦੌਰਾਨ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਵਿੱਚੋਂ ਲੰਘਣਾ ਪੈਂਦਾ ਹੈ ਜਿਨ੍ਹਾਂ ਨੂੰ ਅੱਖੋਂ-ਪਰੋਖੇ ਕਰਨਾ ਵੀ ਵੱਡੀ ਗਲਤੀ ਹੁੰਦੀ ਹੈ। ਜਦੋਂ ਵਿਦਿਆਰਥੀ ਦਾ ਕੋਈ ਦੋਸਤ, ਰਿਸ਼ਤੇਦਾਰ ਵਿਦੇਸ਼ ਚਲਾ ਜਾਂਦਾ ਹੈ ਤਾਂ ਉਸ ਵਿਦਿਆਰਥੀ ਅੰਦਰ ਵੀ ਵਿਦੇਸ਼ ਜਾਣ ਦੀ ਉਤਸੁਕਤਾ ਵਧ ਜਾਂਦੀ ਹੈ।

ਪੰਜਾਬ ਤੋਂ ਲੱਖਾਂ ਵਿਦਿਆਰਥੀ ਪੜ੍ਹਾਈ ਲਈ ਕੇਨੈਡਾ ਪਹੁੰਚ ਚੁੱਕੇ ਹਨ ਤੇ ਹੋਰ ਵੀ ਜਾ ਰਹੇ ਹਨ। ਜੇਕਰ ਇਨ੍ਹਾਂ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਪੇਸ਼ ਆ ਰਹੀਆਂ ਮੁਸ਼ਕਿਲਾਂ ਦੀ ਗੱਲ ਕੀਤੀ ਜਾਵੇ ਤਾਂ ਵਿਦਿਆਰਥੀਆਂ ਨੂੰ ਉੱਥੋਂ ਦੇ ਵਿਦਿਆਰਥੀਆਂ ਤੋਂ ਲਗਭਗ ਤਿੰਨ ਗੁਣਾ ਵੱਧ ਫੀਸ ਦੇਣੀ ਪੈਂਦੀ ਹੈ। ਫੀਸ ਦੇ ਨਾਲ -ਨਾਲ ਰਹਿਣ ਲਈ ਘਰ, ਕਰਿਆਨੇ, ਸਬਜ਼ੀ ਆਦਿ ਦਾ ਖਰਚਾ, ਕਾਰ ਚਲਾਉਣ ਦਾ ਲਾਇਸੈਂਸ ਲੈਣਾ ਆਦਿ ਵੱਡੇ ਖਰਚੇ ਹਨ। ਕੈਨੇਡਾ ਵਿੱਚ ਸਕਿੱਲ ਵਰਕਰ ਅਤੇ ਚੰਗੀ ਨੌਕਰੀ ਵਾਲਿਆਂ ਦੀ ਤਨਖਾਹ ਠੀਕ ਹੁੰਦੀ ਹੈ, ਪਰ ਜਿਹੜੇ ਵਿਦਿਆਰਥੀ ਜਾਂਦੇ ਹਨ ਉਨ੍ਹਾਂ ਨੂੰ ਕੰਮ ਲੱਭਣ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਜੇਕਰ ਕੰਮ ਮਿਲ ਵੀ ਜਾਵੇ ਤਾਂ ਘੱਟ ਤੋਂ ਘੱਟ ਰੇਟ ਜਿਹੜਾ ਕੈਨੇਡਾ ਸਰਕਾਰ ਵੱਲੋਂ ਤੈਅ ਕੀਤਾ ਹੁੰਦਾ ਹੈ, ਉਸ ਉਤੇ ਕੰਮ ਕਰਨਾ ਪੈਂਦਾ ਹੈ। ਪੜ੍ਹਾਈ ਕਰਨੀ, ਕੰਮ ਕਰਨਾ ਅਤੇ ਆਪਣੀ ਰੋਟੀ ਪਾਣੀ ਦਾ ਪ੍ਰਬੰਧ ਕਰਨਾ ਕਈ ਵਿਦਿਆਰਥੀਆਂ ਲਈ ਉਦਾਸੀ ਦਾ ਕਾਰਨ ਬਣ ਜਾਂਦਾ ਹੈ। ਬਹੁਤ ਸਾਰੇ ਵਿਦਿਆਰਥੀ ਬੈਂਕਾਂ ਅਤੇ ਆੜ੍ਹਤੀਆਂ ਆਦਿ ਤੋਂ ਕਰਜ਼ਾ ਲੈ ਕੇ ਕੈਨੇਡਾ ਪਹੁੰਚੇ ਹੁੰਦੇ ਹਨ। ਵਿਦਿਆਰਥੀਆਂ ਲਈ ਕੈਨੇਡਾ ਦੇ ਖਰਚੇ ਤੇ ਕਰਜ਼ਾ ਵਾਪਸ ਕਰਨ ਦਾ ਫਿਕਰ ਦਿਮਾਗ਼ੀ ਬੋਝ ਵਿੱਚ ਵਾਧਾ ਕਰਦਾ ਹੈ।

ਇਸ ਸਮੇਂ ਕੈਨੇਡਾ ਦੇ ਵੱਡੇ ਅਤੇ ਮਸ਼ਹੂਰ ਸ਼ਹਿਰਾਂ ਵਿੱਚ ਜਨਸੰਖਿਆ ਇੰਨੀ ਵਧ ਚੁੱਕੀ ਹੈ ਕਿ ਦਫ਼ਤਰਾਂ ਵਿੱਚ ਕੰਮ ਕਰਵਾਉਣ ਲਈ ਲਾਈਨਾਂ, ਸੜਕਾਂ ਉੱਪਰ ਵਾਹਨਾਂ ਦੀ ਭੀੜ, ਮਹਿੰਗਾਈ ਦਾ ਵਧਣਾ ਤੇ ਆਮਦਨ ਘੱਟ ਹੋ ਗਈ ਹੈ। ਕੈਨੇਡਾ ਬਾਰੇ ਇਹ ਸੁਣਨ ਨੂੰ ਮਿਲਦਾ ਸੀ ਕਿ ਉੱਥੇ ਇਲਾਜ ਮੁਫ਼ਤ ਹੈ। ਜਦੋਂ ਕਿ ਸੱਚਾਈ ਇਹ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਪੈਸੇ ਦੇ ਕੇ ਕਰਵਾਉਣਾ ਪੈਂਦਾ ਹੈ। ਕੁਝ ਕੁ ਬਿਮਾਰੀਆਂ ਦਾ ਇਲਾਜ ਮੁਫ਼ਤ ਹੈ, ਪਰ ਡਾਕਟਰ ਨੂੰ ਮਿਲਣ ਲਈ ਮਹੀਨਿਆਂ ਬੱਧੀ ਉਡੀਕ ਕਰਨੀ ਪੈਂਦੀ ਹੈ। ਜ਼ਿਆਦਾਤਰ ਵਿਦਿਆਰਥੀ ਕੈਨੇਡਾ ਦੇ ਉਨ੍ਹਾਂ ਇਲਾਕਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ ਜਿੱਥੇ ਠੰਢ ਘੱਟ ਪੈਂਦੀ ਹੋਵੇ, ਪਰ ਫਿਰ ਵੀ ਕੈਨੇਡਾ ਵਿੱਚ ਪੰਜਾਬ ਨਾਲੋਂ ਵੱਧ ਠੰਢ ਪੈਂਦੀ ਹੈ। ਉੱਥੇ ਗਰਮੀ ਦਾ ਮੌਸਮ ਘੱਟ ਅਤੇ ਸਰਦੀ ਤੇ ਬਰਸਾਤ ਦਾ ਮੌਸਮ ਜ਼ਿਆਦਾ ਸਮਾਂ ਰਹਿੰਦਾ ਹੈ। ਸਰਦੀ ਤੇ ਬਰਸਾਤ ਦੇ ਮੌਸਮ ਵਿੱਚ ਕਈ-ਕਈ ਦਿਨ ਸੂਰਜ ਦਿਖਾਈ ਨਹੀਂ ਦਿੰਦਾ। ਬਹੁਤ ਸਾਰੇ ਲੋਕਾਂ ਨੂੰ ਇਸ ਮੌਸਮ ਵਿੱਚ ਡਿਪਰੈਸ਼ਨ (ਉਦਾਸੀ) ਤੇ ਵਿਟਾਮਿਨ ਡੀ ਆਦਿ ਦੀ ਘਾਟ ਹੋ ਜਾਂਦੀ ਹੈ। ਰਹਿਣ ਵਾਲੇ ਘਰਾਂ ਨੂੰ ਗਰਮ ਰੱਖਣ ਅਤੇ ਗਰਮ ਪਾਣੀ ਆਦਿ ਦਾ ਪ੍ਰਬੰਧ ਹੁੰਦਾ ਹੈ, ਪਰ ਇਨ੍ਹਾਂ ਸਹੂਲਤਾਂ ਦੇ ਬਿੱਲ ਦੇਣੇ ਪੈਂਦੇ ਹਨ। ਇਸ ਦੇਸ਼ ਵਿੱਚ ਨਿੱਕੇ ਤੋਂ ਲੈ ਕੇ ਵੱਡੇ ਕੰਮ ਕਰਵਾਉਣ ਲਈ ਸਰਕਾਰ ਦੀ ਮਨਜ਼ੂਰੀ ਲੈਣੀ ਅਤੇ ਮੋਟੀ ਫੀਸ ਦੇਣੀ ਪੈਂਦੀ ਹੈ। ਇਸ ਦੇਸ਼ ਵਿੱਚ ਉਨ੍ਹਾਂ ਫ਼ਲਾਂ ਤੇ ਸ਼ਬਜੀਆਂ ਖਾਣ ਲਈ ਇਨਸਾਨ ਤਰਸ ਜਾਂਦਾ ਹੈ ਜਾਂ ਫਿਰ ਕਹਿ ਲਵੋ ਕਿ ਇੱਕ ਵੱਡੀ ਰਕਮ ਖਰਚਣੀ ਪੈਂਦੀ ਹੈ ਜੋ ਸਾਡੇ ਪੰਜਾਬ ਦੇ ਹਰ ਘਰ ਵਿੱਚ ਆਮ ਹੀ ਮਿਲ ਜਾਂਦੇ ਹਨ। ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਇੰਨੀਆਂ ਵਧ ਚੁੱਕੀਆਂ ਹਨ ਕਿ ਇੱਕ ਘਰ ਖਰੀਦਣ ਲਈ ਇੱਕ ਪੀੜ੍ਹੀ ਨੂੰ ਆਪਣੀ ਜ਼ਿੰਦਗੀ ਦੀ ਕਮਾਈ ਹੋਈ ਸਾਰੀ ਪੂੰਜੀ ਲਾਉਣੀ ਪੈਂਦੀ ਹੈ ਅਤੇ ਦਿਨ ਰਾਤ ਕੰਮ ਕਰਨਾ ਪੈਂਦਾ ਹੈ। ਇਨ੍ਹਾਂ ਕਿਸ਼ਤਾਂ ਅਤੇ ਹੋਰ ਖਰਚਿਆਂ ਦਾ ਬੋਝ ਕਈ ਲੋਕਾਂ 'ਤੇ ਇੰਨਾ ਵਧ ਜਾਂਦਾ ਹੈ ਕਿ ਉਹ ਆਪਣੀ ਜ਼ਿੰਦਗੀ ਖਤਮ ਕਰਨ ਬਾਰੇ ਸੋਚਣ ਲੱਗ ਪੈਂਦੇ ਹਨ। ਕੈਨੇਡਾ ਵਿੱਚ ਬੈਂਕ ਤੋਂ ਕਰਜ਼ਾ ਲੈ ਕੇ ਘਰ ਲੈਣਾ, ਕਾਰ ਲੈਣੀ ਆਦਿ ਉੱਥੋਂ ਦਾ ਕਲਚਰ ਬਣ ਚੁੱਕਾ ਹੈ। ਆਏ ਦਿਨ ਕੈਨੇਡਾ ਜਾਂ ਕਿਸੇ ਹੋਰ ਵਿਦੇਸ਼ੀ ਧਰਤੀ 'ਤੇ ਪੰਜਾਬੀ ਨੌਜਵਾਨਾਂ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਇਨ੍ਹਾਂ ਵਿੱਚ ਇੱਕ ਵੱਡਾ ਕਾਰਨ ਵਿਦਿਆਰਥੀਆਂ 'ਤੇ ਪਿਆ ਦਿਮਾਗੀ ਬੋਝ ਵੀ ਹੈ। ਸਾਡੇ ਲੋਕ ਇੱਥੇ ਫਸੇ ਮਹਿਸੂਸ ਕਰਦੇ ਹਨ, ਪਰ ਆਪਣੇ ਦੇਸ਼ ਵਾਪਸ ਆਉਣ ਲਈ ਤਿਆਰ ਨਹੀਂ ਕਿਉਂਕਿ ਉੱਥੇ ਇਮਾਨਦਾਰੀ, ਇਨਸਾਫ਼, ਪ੍ਰਦੂਸ਼ਣ ਰਹਿਤ ਵਾਤਾਵਰਨ, ਇਨਸਾਨੀ ਕਦਰਾਂ ਕੀਮਤਾਂ, ਬੁਢਾਪੇ ਵਿੱਚ ਪੈਨਸ਼ਨ ਦੀ ਸਹੂਲਤ, ਕੇਅਰ ਸੈਂਟਰ ਆਦਿ ਇਨਸਾਨ ਲਈ ਇੱਕ ਵੱਡਾ ਸਹਾਰਾ ਹਨ। ਵਿਦਿਆਰਥੀ ਇਸ ਕਰਕੇ ਵੀ ਨਹੀਂ ਆ ਸਕਦੇ ਕਿਉਂਕਿ ਉਹ ਇੱਕ ਵੱਡੀ ਰਕਮ ਤੇ ਸਮਾਂ ਇਸ ਮੁਲਕ ਵਿੱਚ ਲਾ ਚੁੱਕੇ ਹੁੰਦੇ ਹਨ। ਜੇਕਰ ਵਾਪਸ ਆਪਣੇ ਦੇਸ਼ ਜਾਂਦੇ ਹਨ ਤਾਂ ਪੈਸੇ ਅਤੇ ਸਮੇਂ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਉੱਥੇ ਭੇਜਣ ਅਤੇ ਵਿਦਿਆਰਥੀਆਂ ਵੱਲੋਂ ਉੱਥੇ ਜਾਣ ਦਾ ਫੈਸਲਾ ਕਰਨ ਤੋਂ ਪਹਿਲਾਂ ਉਪਰੋਕਤ ਸਾਰੇ ਪਹਿਲੂਆਂ ਅਤੇ ਮੁਸ਼ਕਿਲਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਜਦੋਂ ਤੁਸੀਂ ਇਨ੍ਹਾਂ ਸਬੰਧੀ ਪਹਿਲਾਂ ਹੀ ਜਾਗਰੂਕ ਹੋ ਕੇ ਕੈਨੇਡਾ ਜਾਣ ਦਾ ਫੈਸਲਾ ਕਰਦੇ ਹੋ ਤਾਂ ਤੁਸੀਂ ਪਹਿਲਾਂ ਹੀ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਕ ਪੱਖ ਤੋਂ ਮਜ਼ਬੂਤ ਕਰ ਲੈਂਦੇ ਹੋ। ਇਸ ਨਾਲ ਜ਼ਿੰਦਗੀ ਸੌਖੀ ਲੰਘ ਜਾਂਦੀ ਹੈ।

-ਗੁਰਿੰਦਰ ਕਲੇਰ

# ਐੱਮਪੀ ਦਾ ਰੁਤਬਾ ਖੁੱਸਣ ਤੋਂ ਬਾਅਦ ਸਿਆਸਤ ਦੇ ਕੇਂਦਰ ਵਿਚ ਰਾਹੁਲ ਗਾਂਧੀ

-ਸੰਜੇ ਗੁਪਤ




ਮਾਣਹਾਨੀ ਦੇ ਇਕ ਮਾਮਲੇ ਵਿਚ ਸੂਰਤ ਦੀ ਅਦਾਲਤ ਤੋਂ ਦੋ ਸਾਲ ਦੀ ਸਜ਼ਾ ਸੁਣ ਚੁੱਕੇ ਰਾਹੁਲ ਗਾਂਧੀ ਦੀ ਸੰਸਦ ਮੈਂਬਰੀ ਸਮਾਪਤ ਹੋਣਾ ਉਨ੍ਹਾਂ ਦੇ ਨਾਲ-ਨਾਲ ਕਾਂਗਰਸ ਲਈ ਵੀ ਇਕ ਵੱਡਾ ਝਟਕਾ ਹੈ। ਉਨ੍ਹਾਂ ਨੂੰ ਇਹ ਸਜ਼ਾ ਇਸ ਲਈ ਸੁਣਾਈ ਗਈ ਕਿਉਂਕਿ ਉਨ੍ਹਾਂ ਨੇ 2019 ਵਿਚ ਕਰਨਾਟਕ ਦੀ ਇਕ ਚੋਣ ਸਭਾ ਵਿਚ ਇਹ ਕਿਹਾ ਸੀ ਕਿ ਸਾਰੇ ਚੋਰਾਂ ਦਾ ਨਾਮ ਮੋਦੀ ਕਿਉਂ ਹੁੰਦਾ ਹੈ?

ਇਸ ਦੇ ਲਈ ਉਨ੍ਹਾਂ ਨੇ ਮਾਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਅਤੇ ਇਸੇ ਕਾਰਨ ਉਹ ਮਾਣਹਾਨੀ ਦੇ ਦੋਸ਼ੀ ਪਾਏ ਗਏ। ਕਾਨੂੰਨ ਕਿਉਂਕਿ ਇਹ ਕਹਿੰਦਾ ਹੈ ਕਿ ਜੇਕਰ ਕਿਸੇ ਵਿਧਾਇਕ-ਸੰਸਦ ਮੈਂਬਰ ਨੂੰ ਦੋ ਸਾਲ ਦੀ ਸਜ਼ਾ ਹੋ ਜਾਂਦੀ ਹੈ ਤਾਂ ਉਸ ਦੀ ਮੈਂਬਰੀ ਆਪਣੇ-ਆਪ ਹੀ ਖ਼ਤਮ ਹੋ ਜਾਵੇਗੀ, ਇਸ ਲਈ ਉਹ ਸਾਬਕਾ ਸੰਸਦ ਮੈਂਬਰ ਹੋ ਗਏ। ਉਨ੍ਹਾਂ ਨੂੰ ਆਪਣੀ ਮੈਂਬਰੀ ਬਚਾਉਣ ਲਈ ਕਾਨੂੰਨੀ ਚਾਰਾਜੋਈ ਕਰਨੀ ਪਵੇਗੀ।

ਕਾਂਗਰਸ ਇਸ ਵਾਸਤੇ ਤਿਆਰੀ ਕਰ ਰਹੀ ਹੈ ਪਰ ਇਸੇ ਦੇ ਨਾਲ ਉਹ ਇਸ ਮਾਮਲੇ ਨੂੰ ਰਾਜਨੀਤਕ ਰੰਗਤ ਵੀ ਦੇ ਰਹੀ ਹੈ। ਰਾਹੁਲ ਜਿਸ ਤਰ੍ਹਾਂ ਇਹ ਕਹਿ ਰਹੇ ਹਨ ਕਿ ਸੱਚ ਉਨ੍ਹਾਂ ਦਾ ਭਗਵਾਨ ਹੈ ਅਤੇ ਉਹ ਭਾਰਤ ਦੀ ਆਵਾਜ਼ ਲਈ ਲੜਦੇ ਰਹਿਣਗੇ, ਉਸ ਤੋਂ ਇਹ ਸਾਫ਼ ਹੈ ਕਿ ਉਹ ਇਕ ਕਾਨੂੰਨੀ ਮਾਮਲੇ ਨੂੰ ਰਾਜਨੀਤਕ ਰੂਪ ਦੇਣਾ ਚਾਹੁੰਦੇ ਹਨ। ਇਹ ਤਾਂ ਸਮਾਂ ਹੀ ਦੱਸੇਗਾ ਕਿ ਇਸ ਵਿਚ ਉਨ੍ਹਾਂ ਨੂੰ ਕਿੰਨੀ ਕਾਮਯਾਬੀ ਮਿਲੇਗੀ ਕਿਉਂਕਿ ਤੱਥ ਤਾਂ ਇਹੀ ਹੈ ਕਿ ਅਦਾਲਤੀ ਸਜ਼ਾ ਕਾਰਨ ਉਨ੍ਹਾਂ ਦੀ ਮੈਂਬਰੀ ਗਈ ਹੈ। ਜੇ ਉਨ੍ਹਾਂ ਨੇ ਆਪਣੀ ਅਪਮਾਨਜਨਕ ਟਿੱਪਣੀ ਲਈ ਮਾਫ਼ੀ ਮੰਗ ਲਈ ਹੁੰਦੀ ਤਾਂ ਉਹ ਬਚ ਸਕਦੇ ਸਨ ਪਰ ਉਨ੍ਹਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ। ਰਾਹੁਲ ਗਾਂਧੀ ਕਿਸੇ ਦੇ ਵੀ ਖ਼ਿਲਾਫ਼ ਬੋਲਦੇ ਰਹਿੰਦੇ ਹਨ। ਇਹ ਸਹੀ ਹੈ ਕਿ ਚੋਣਾਂ ਦੌਰਾਨ ਨੇਤਾ ਵਧ-ਚੜ੍ਹ ਕੇ ਬੋਲਦੇ ਹਨ ਪਰ ਇਸ ਦੀ ਵੀ ਇਕ ਹੱਦ ਹੁੰਦੀ ਹੈ। ਰਾਹੁਲ ਅਕਸਰ ਇਸ ਹੱਦ ਦੀ ਉਲੰਘਣਾ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲੈਣਾ ਉਨ੍ਹਾਂ ਦਾ ਮਨਪਸੰਦ ਸ਼ੌਕ ਹੈ। ਉਹ ਉਨ੍ਹਾਂ 'ਤੇ ਨਿਰੰਤਰ ਨਿੱਜੀ ਹਮਲੇ ਕਰਦੇ ਰਹਿੰਦੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਉਹ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾ ਕੇ 'ਚੌਕੀਦਾਰ ਚੋਰ ਹੈ' ਦਾ ਨਾਅਰਾ ਲਗਾਉਂਦੇ ਸਨ। ਇਕ ਵਾਰ ਉਨ੍ਹਾਂ ਨੇ ਇਹ ਕਹਿ ਦਿੱਤਾ ਸੀ ਕਿ ਹੁਣ ਤਾਂ ਸੁਪਰੀਮ ਕੋਰਟ ਨੇ ਵੀ ਮੰਨ ਲਿਆ ਹੈ ਕਿ ਚੌਕੀਦਾਰ ਚੋਰ ਹੈ। ਇਸ ਲਈ ਉਨ੍ਹਾਂ ਨੂੰ ਸੁਪਰੀਮ ਕੋਰਟ ਤੋਂ ਮਾਫ਼ੀ ਮੰਗਣੀ ਪਈ ਸੀ। ਜੇਕਰ ਉਹ ਬੋਲ-ਬਾਣੀ ਵਿਚ ਸੰਜਮ ਵਰਤਦੇ ਤਾਂ ਉਨ੍ਹਾਂ ਨੂੰ ਫਜ਼ੀਹਤ ਨਾ ਕਰਵਾਉਣੀ ਪੈਂਦੀ ਤੇ ਨਾ ਹੀ ਉਦੋਂ ਮਾਫ਼ੀ ਮੰਗਣੀ ਪੈਂਦੀ। ਮਾਣਹਾਨੀ ਮਾਮਲੇ ਵਿਚ ਉਨ੍ਹਾਂ ਨੇ ਹੰਕਾਰ ਕਾਰਨ ਮੋਦੀ ਭਾਈਚਾਰੇ ਤੋਂ ਮਾਫ਼ੀ ਨਹੀਂ ਮੰਗੀ।

ਉਹ ਆਸਾਨੀ ਨਾਲ ਅਜਿਹਾ ਕਰ ਸਕਦੇ ਸਨ ਪਰ ਉਹ ਆਪਣੀ ਅੜੀ 'ਤੇ ਅੜੇ ਰਹੇ। ਉਹ ਇਸ ਸਜ਼ਾ ਤੋਂ ਬਚ ਸਕਦੇ ਸਨ ਜੇ ਉਨ੍ਹਾਂ ਨੇ ਦਸ ਸਾਲ ਪਹਿਲਾਂ ਉਸ ਆਰਡੀਨੈਂਸ ਦੀ ਕਾਪੀ ਨਾ ਪਾੜੀ ਹੁੰਦੀ ਜੋ ਸਜ਼ਾ ਮਿਲੇ ਨੇਤਾਵਾਂ ਨੂੰ ਬਚਾਉਣ ਲਈ ਲਿਆਂਦਾ ਗਿਆ ਸੀ। ਉਨ੍ਹਾਂ ਦੇ ਇਸ ਕੰਮ ਕਾਰਨ ਮਨਮੋਹਨ ਸਰਕਾਰ ਨੂੰ ਸ਼ਰਮਿੰਦਾ ਹੋਣਾ ਪਿਆ ਸੀ ਅਤੇ ਉਸ ਨੂੰ ਆਰਡੀਨੈਂਸ ਵਾਪਸ ਲੈਣਾ ਪਿਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਜੇਕਰ ਕੋਈ ਲੋਕ ਨੁਮਾਇੰਦਾ ਆਪਣੀ ਸਜ਼ਾ ਖ਼ਿਲਾਫ਼ ਉੱਪਰਲੀ ਅਦਾਲਤ ਵਿਚ ਅਪੀਲ ਕਰ ਦਿੰਦਾ ਹੈ ਤਾਂ ਆਪਣੀ ਮੈਂਬਰੀ ਬਚਾ ਕੇ ਰੱਖ ਸਕਦਾ ਹੈ।

ਧਿਆਨ ਰਹੇ ਕਿ ਸੁਪਰੀਮ ਕੋਰਟ ਨੇ ਇਹ ਹੁਕਮ ਦਿੱਤਾ ਸੀ ਕਿ ਦੋ ਸਾਲ ਜਾਂ ਉਸ ਤੋਂ ਵੱਧ ਸਜ਼ਾ ਮਿਲਣ 'ਤੇ ਕਿਸੇ ਵਿਧਾਇਕ-ਸੰਸਦ ਮੈਂਬਰ ਦੀ ਮੈਂਬਰੀ ਆਪਣੇ-ਆਪ ਹੀ ਚਲੀ ਜਾਵੇਗੀ। ਇਸੇ ਵਿਰੁੱਧ ਆਰਡੀਨੈਂਸ ਲਿਆਂਦਾ ਗਿਆ ਸੀ। ਸੰਸਦ ਮੈਂਬਰੀ ਜਾਂਦੇ ਹੀ ਰਾਹੁਲ ਗਾਂਧੀ ਅਤੇ ਕਾਂਗਰਸ ਇਹ ਦੱਸਣ ਵਿਚ ਰੁੱਝ ਗਏ ਹਨ ਕਿ ਉਹ ਭਾਜਪਾ ਵਿਰੁੱਧ ਬੋਲਦੇ ਸਨ, ਇਸੇ ਲਈ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ, ਤੰਗ-ਪਰੇਸ਼ਾਨ ਕੀਤਾ ਗਿਆ। ਕਈ ਵਿਰੋਧੀ ਪਾਰਟੀਆਂ ਵੀ ਇਹੀ ਪ੍ਰਚਾਰ ਕਰਨ ਵਿਚ ਲੱਗੀਆਂ ਹੋਈਆਂ ਹਨ। ਉਹ ਰਾਹੁਲ ਨਾਲ ਹਮਦਰਦੀ ਜ਼ਾਹਰ ਕਰਨ ਦੇ ਨਾਲ-ਨਾਲ ਭਾਜਪਾ ਨੂੰ ਵੀ ਨਿਸ਼ਾਨੇ 'ਤੇ ਲੈ ਰਹੀਆਂ ਹਨ।

ਕਹਿਣਾ ਮੁਸ਼ਕਲ ਹੈ ਕਿ ਰਾਹੁਲ ਦੀ ਮੈਂਬਰੀ ਜਾਣ ਨਾਲ ਵਿਰੋਧੀ ਪਾਰਟੀਆਂ ਕਾਂਗਰਸ ਦੀ ਅਗਵਾਈ ਹੇਠ ਇਕਜੁੱਟ ਹੋ ਸਕਣਗੀਆਂ ਜਾਂ ਨਹੀਂ ਪਰ ਕਾਂਗਰਸੀ ਵਰਕਰ ਅੰਦੋਲਨ ਦੇ ਰਾਹ ਪੈ ਸਕਦੇ ਹਨ ਅਤੇ ਇਸ ਦਾ ਪਾਰਟੀ ਨੂੰ ਲਾਭ ਮਿਲ ਸਕਦਾ ਹੈ। ਆਮ ਜਨਤਾ ਰਾਹੁਲ ਦੇ ਪਿੱਛੇ ਇਕਜੁੱਟ ਹੋਵੇਗੀ ਜਾਂ ਨਹੀਂ, ਇਹ ਸਮਾਂ ਦੱਸੇਗਾ।

ਜੇਕਰ ਜਨਤਾ ਉਨ੍ਹਾਂ ਨੂੰ ਇਕ ਅਜਿਹੇ ਨੇਤਾ ਦੇ ਰੂਪ ਵਿਚ ਦੇਖਦੀ ਹੈ ਜੋ ਭਾਜਪਾ ਨੂੰ ਚੁਣੌਤੀ ਦੇ ਸਕਦਾ ਹੈ ਤਾਂ ਕੁਝ ਵਿਰੋਧੀ ਪਾਰਟੀਆਂ ਵੀ ਉਨ੍ਹਾਂ ਦੇ ਪਿੱਛੇ ਖੜ੍ਹੀਆਂ ਹੋ ਸਕਦੀਆਂ ਹਨ। ਰਾਹੁਲ ਗਾਂਧੀ ਇਸ ਸਮੇਂ ਆਪਣੀ ਲੋਕ ਸਭਾ ਦੀ ਮੈਂਬਰੀ ਖੁੱਸ ਜਾਣ ਕਾਰਨ ਚਰਚਾ ਦੇ ਕੇਂਦਰ ਵਿਚ ਹਨ। ਇਸ ਤੋਂ ਪਹਿਲਾਂ ਉਹ ਲੰਡਨ ਵਿਚ ਦਿੱਤੇ ਗਏ ਬਿਆਨਾਂ ਕਾਰਨ ਚਰਚਾ ਵਿਚ ਸਨ। ਉਨ੍ਹਾਂ ਨੇ ਲੰਡਨ ਵਿਚ ਕਿਹਾ ਸੀ ਕਿ ਭਾਰਤ ਵਿਚ ਲੋਕਤੰਤਰ ਖ਼ਤਮ ਹੋ ਗਿਆ ਹੈ ਅਤੇ ਫਿਰ ਵੀ ਅਮਰੀਕਾ ਅਤੇ ਯੂਰਪ ਮੌਨ ਹਨ। ਭਾਜਪਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਭਾਰਤ ਦਾ ਅਪਮਾਨ ਕੀਤਾ ਹੈ ਅਤੇ ਇਸ ਕਾਰਨ ਉਨ੍ਹਾਂ ਨੂੰ ਮਾਫ਼ੀ ਮੰਗਣੀ ਚਾਹੀਦੀ ਹੈ।

ਭਾਜਪਾ ਨੇ ਇਸ ਮੰਗ 'ਤੇ ਇੰਨਾ ਜ਼ੋਰ ਦਿੱਤਾ ਕਿ ਸੰਸਦ ਨਹੀਂ ਚੱਲਣ ਦਿੱਤੀ। ਇਸ ਮੰਗ ਦੇ ਜਵਾਬ ਵਿਚ ਵਿਰੋਧੀ ਧਿਰ ਅਡਾਨੀ ਮਾਮਲੇ ਦੀ ਜਾਂਚ ਜੇਪੀਸੀ ਅਰਥਾਤ ਸੰਯੁਕਤ ਸੰਸਦੀ ਕਮੇਟੀ ਤੋਂ ਕਰਵਾਉਣ 'ਤੇ ਜ਼ੋਰ ਦੇ ਰਹੀ ਹੈ। ਪਤਾ ਨਹੀਂ ਹੁਣ ਸੰਸਦ ਚੱਲ ਸਕੇਗੀ ਜਾਂ ਨਹੀਂ ਪਰ ਇੰਨਾ ਤਾਂ ਹੈ ਹੀ ਕਿ ਹੁਕਮਰਾਨ ਤੇ ਵਿਰੋਧੀ ਧਿਰ ਵਿਚਾਲੇ ਕੁੜੱਤਣ ਹੋਰ ਵਧਦੀ ਦਿਸ ਰਹੀ ਹੈ।

ਇਹ ਕੁੜੱਤਣ ਇਸ ਲਈ ਹੋਰ ਜ਼ਿਆਦਾ ਵਧਣ ਦੇ ਆਸਾਰ ਹਨ ਕਿਉਂਕਿ ਅਗਲੇ ਸਾਲ ਆਮ ਚੋਣਾਂ ਹੋਣੀਆਂ ਹਨ ਅਤੇ ਇਸ ਸਾਲ ਕਈ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸੇ ਲਈ ਸੱਤਾ ਧਿਰ ਤੇ ਵਿਰੋਧੀ ਧਿਰ ਦੀ ਪੂਰੀ ਕੋਸ਼ਿਸ਼ ਰਹੇਗੀ ਕਿ ਉਹ ਇਕ-ਦੂਜੀ ਨੂੰ ਠਿੱਬੀ ਲਾ ਕੇ ਚੋਣਾਂ ਵਿਚ ਕਾਮਯਾਬੀ ਹਾਸਲ ਕਰ ਸਕਣ। ਫ਼ਿਲਹਾਲ ਕਾਂਗਰਸ ਇਹੀ ਮੰਨ ਕੇ ਚੱਲ ਰਹੀ ਹੈ ਕਿ ਪਹਿਲਾਂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ, ਫਿਰ ਲੰਡਨ ਵਿਚ ਦਿੱਤੇ ਗਏ ਬਿਆਨ ਕਾਰਨ ਭਾਜਪਾ ਦਾ ਉਨ੍ਹਾਂ ਦੀ ਮਾਫ਼ੀ 'ਤੇ ਜ਼ੋਰ ਦੇਣ ਅਤੇ ਹੁਣ ਉਨ੍ਹਾਂ ਦੀ ਮੈਂਬਰੀ ਖੁੱਸ ਜਾਣ ਕਾਰਨ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਫ਼ਾਇਦਾ ਮਿਲੇਗਾ ਪਰ ਇਸ ਵਿਚ ਸ਼ੱਕ ਹੈ ਕਿ ਸਾਰੀਆਂ ਵਿਰੋਧੀ ਪਾਰਟੀਆਂ ਵੀ ਇਸੇ ਨਤੀਜੇ 'ਤੇ ਪੁੱਜਣਗੀਆਂ। ਅਜੇ ਕਝ ਹੀ ਦਿਨ ਪਹਿਲਾਂ ਤ੍ਰਿਣਮੂਲ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਨੇ ਕਿਹਾ ਸੀ ਕਿ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਮੋਦੀ ਲਈ ਸਭ ਤੋਂ ਵੱਡੀ ਟੀਆਰਪੀ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਭਾਜਪਾ ਆਪਣੇ ਰਾਜਨੀਤਕ ਫ਼ਾਇਦੇ ਲਈ ਰਾਹੁਲ ਨੂੰ ਜ਼ਰੂਰਤ ਤੋਂ ਜ਼ਿਆਦਾ ਅਹਿਮੀਅਤ ਦੇ ਰਹੀ ਹੈ। ਮਮਤਾ ਕਾਂਗਰਸ ਤੋਂ ਬਿਨਾਂ ਮੋਰਚਾ ਬਣਾਉਣ ਦੀ ਪਹਿਲ ਕਰ ਰਹੀ ਹੈ।

ਤੇਲੰਗਾਨਾ ਦੇ ਮੁੱਖ ਮੰਤਰੀ ਕੇਸੀਆਰ ਵੀ ਮਮਤਾ ਦੀ ਤਰ੍ਹਾਂ ਕਾਂਗਰਸ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ ਪਰ ਇਸ ਦੀ ਅਣਦੇਖੀ ਵੀ ਨਹੀਂ ਕੀਤੀ ਜਾ ਸਕਦੀ ਕਿ ਜੋ ਪਾਰਟੀਆਂ ਕੁਝ ਸਮੇਂ ਤੋਂ ਕਾਂਗਰਸ ਤੋਂ ਦੂਰੀ ਬਣਾ ਕੇ ਰੱਖ ਰਹੀਆਂ ਸਨ, ਉਹ ਹੁਣ ਰਾਹੁਲ ਦੀ ਮੈਂਬਰੀ ਜਾਣ ਤੋਂ ਬਾਅਦ ਤੋਂ ਉਨ੍ਹਾਂ ਦੇ ਪੱਖ ਵਿਚ ਬੋਲ ਰਹੀਆਂ ਹਨ।

ਇਨ੍ਹਾਂ ਵਿਚ ਤ੍ਰਿਣਮੂਲ ਕਾਂਗਰਸ, ਭਾਰਤ ਰਾਸ਼ਟਰ ਸਮਿਤੀ ਅਤੇ ਆਮ ਆਦਮੀ ਪਾਰਟੀ ਵੀ ਸ਼ੁਮਾਰ ਹਨ। ਸ਼ਾਇਦ ਭਾਜਪਾ ਵੀ ਇਸ ਹਕੀਕਤ ਨੂੰ ਸਮਝ ਰਹੀ ਹੈ ਅਤੇ ਇਸੇ ਲਈ ਉਹ ਇਸ 'ਤੇ ਜ਼ੋਰ ਦੇ ਰਹੀ ਹੈ ਕਿ ਰਾਹੁਲ ਦੀ ਮੈਂਬਰੀ ਓਬੀਸੀ ਭਾਈਚਾਰੇ ਦਾ ਅਪਮਾਨ ਕਰਨ ਕਾਰਨ ਗਈ ਹੈ ਅਤੇ ਉਨ੍ਹਾਂ ਨੂੰ ਸਜ਼ਾ ਉਸ ਨੇ ਨਹੀਂ, ਅਦਾਲਤ ਨੇ ਸੁਣਾਈ ਹੈ। ਕਾਂਗਰਸ ਅਤੇ ਭਾਜਪਾ ਵੱਲੋਂ ਇਕ-ਦੂਜੇ ਖ਼ਿਲਾਫ਼ ਜੋ ਮਾਹੌਲ ਬਣਾਇਆ ਜਾ ਰਿਹਾ ਹੈ, ਉਸ ਤੋਂ ਜਨਤਾ ਕਿੰਨੀ ਪ੍ਰਭਾਵਿਤ ਹੁੰਦੀ ਹੈ, ਇਸ ਤੋਂ ਹੀ ਇਹ ਤੈਅ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿਚ ਰਾਜਨੀਤੀ ਕਿਸ ਦਿਸ਼ਾ ਵੱਲ ਜਾਂਦੀ ਹੈ। ਖ਼ੈਰ! ਜੋ ਕੁਝ ਵੀ ਹੋਵੇ, ਫ਼ਿਲਹਾਲ ਰਾਹੁਲ ਗਾਂਧੀ ਰਾਜਨੀਤੀ ਦੇ ਕੇਂਦਰ ਵਿਚ ਦਿਖਾਈ ਦੇ ਰਹੇ ਹਨ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪੇਸ਼ਾਪ ਨਾਲੀ ਦੀ ਬਣਤਰ ਅਤੇ ਬਿਮਾਰੀਆਂ**

ਉਪਰਲੀ ਤਸਵੀਰ ਵਿੱਚ ਪੇਸ਼ਾਪ ਨਲੀ ਦੀ ਬਣਤਰ ਤੇ ਰਸਤੇ ਦੀ ਜਾਣਕਾਰੀ ਦਿਤੀ ਗਈ ਹੈ। ਬੀਤੇ ਕਈ ਹਫਤਿਆਂ ਤੋਂ ਅਸੀਂ ਮਨੁੱਖੀ ਦੋਹਾਂ ਸੈਕਸਾਂ ਦੀਆਂ ਆਈਡੈਂਟੀਫੀਕਸਨ ਯਾਨੀ ਸਮਾਖਤ ਅਧਾਰਤ ਉਹਨਾਂ ਅੰਗਾਂ ਦੀ ਬਣਤਰ ਕਾਰਕਰਦਗੀ ਤੇ ਕੁਦਰਤੀ ਪੈਦਾ ਹੋ ਸਕਣ ਵਾਲੇ ਵਿਕਾਰਾਂ ਦੀ ਗੱਲ ਕਰਦੇ ਆ ਰਹੇ ਹਾਂ ਤੇ ਪਹਿਲ ਦੇ ਅਧਾਰ ’ਤੇ ਆਦਮੀ ਦੇ ਜਣਨ ਅੰਗਾਂ ਦੀ ਬਣਤਰ ਤੇ ਕੁਦਰਤੀ ਵਿਕਾਰਾਂ ਦੀ ਗੱਲ ਕਰਦੇ ਆ ਰਹੇ ਹਾਂ। ਇੰਦਰੀ ਦੀ ਬਣਤਰ ਦੇ ਮੁਢਲੇ ਵਿਕਾਰਾਂ ਦੀ ਗੱਲ ਅਸੀਂ ਪਹਿਲੇ ਲੈਕਚਰਾਂ ਵਿੱਚ ਕਰ ਆਏ ਹਾਂ। ਅੱਜ ਅਸੀਂ ਇੰਦਰੀ ਦੀ ਕਾਰਕਰਦਗੀ ਦੇ ਵਿਕਾਰਾਂ ਦੀ ਗੱਲ ਕਰਨ ਤੋਂ ਪਹਿਲਾਂ ਯੁਰੇਥਰਾ ਯਾਨੀ ਪੇਸ਼ਾਬ ਨਾਲੀ ਦੀ ਗੱਲ ਕਰਾਂਗੇ ਪਰ ਉਸ ਤੋਂ ਪਹਿਲਾਂ ਥੋੜਾ ਵੇਰਵਾ ਯੂਰੀਨਰੀ ਬਲੈਡਰ ਯਾਨੀ ਪੇਸਾਪ ਦੀ ਥੈਲੀ ਦਾ ਦਿੱਤਾ ਜਾ ਰਿਹਾ ਕਿਉਂਕਿ ਯੁਰੇਥਰਾ ਦੀ ਸ਼ੁਰੂਆਤ ਯੂਰੀਨਰੀ ਬਲੈਡਰ ਦੇ ਹੇਠਲੇ ਹਿੱਸੇ ਵਿਚੋਂ ਹੁੰਦੀ ਹੈ। ਉਂਜ ਡਿਟੇਲ ਯੂਰੀਨਰੀ ਬਲੈਡਰ ਦੀ ਉਦੋਂ ਵਿਚਾਰੀ ਜਾਵੇਗੀ ਜਦੋਂ ਯੂਰੀਨਰੀ ਸਿਸਟਮ ਨੂੰ ਵਿਚਾਰਨਾ ਸ਼ੁਰੂ ਕਰਾਂਗੇ।

ਪਿਛਲੇ ਲੈਕਚਰਾਂ ਵਿੱਚ ਅਸੀਂ ਇਹ ਵੀ ਜਾਣ ਆਏ ਹਾਂ ਕਿ ਮਰਦ ਇੰਦਰੀ ਸਰੀਰ ਦੀ ਲੋੜ ਅਨੁਸਾਰ ਦੂਹਰਾ ਕੰਮ ਕਰਦੀ ਹੈ। ਪਹਿਲਾ ਤੇ ਸ਼ੁਰੂਆਤੀ ਕੰਮ ਹੈ ਪੇਸਾਪ ਦੇ ਨਿਕਾਸ ਨਾਲ ਸੰਬੰਧਿਤ ਜਿਸਦੀ ਜੰਮਣ ਤੋਂ ਬਾਅਦ ਹਰ ਵਕਤ ਵਾਰ-ਵਾਰ ਲੋੜ ਹੁੰਦੀ ਹੈ। ਜੋ ਜੰਮਣ ਤੇ ਲੈ ਕੇ ਆਖਰੀ ਪਲ ਤੱਕ ਜ਼ਰੂਰੀ ਕੰਮ ਹੁੰਦਾ ਹੈ ਇਸਦਾ। ਵੇਖਿਆ ਗਿਆ ਹੈ ਕਿ ਮਰਨ ਤੋਂ ਪਹਿਲਾਂ ਆਖਰੀ ਪੱਲਾਂ ਵਿੱਚ ਬੇਸੱਕ ਮੌਤ ਕੁਦਰਤੀ ਹੋਵੇ ਜਾਂ ਗੈਰ ਕੁਦਰਤੀ ਪੇਸਾਪ ਨਿਕਲਦਾ ਹੈ ਤੇ ਗੈਰ ਕੁਦਰਤੀ ਮੌਤਾਂ ਜਿਵੇਂ ਆਪ ਫਾਂਸੀ ਲੈਣ ਯਾਨੀ ਸੁਇਸਾਈਡ ਕਰਨ ਵੇਲੇ ਜਾਂ ਹੋਮੀਸਾਈਡ ਭਾਵ ਕਿਸੇ ਰਾਹੀਂ ਜਬਰਦਸਤੀ ਗੱਲਾ ਘੁੱਟੇ ਜਾਣ ਤੇ ਮਰਨ ਵਾਲੇ ਦੀ ਮੌਤ ਦੇ ਆਖਰੀ ਪਲਾਂ ਵਿੱਚ ਮੌਤ ਤੋਂ ਪਹਿਲਾਂ ਪੇਸ਼ਾਬ ਜਾਂ ਉਮਰ ਦੇ ਹਿਸਾਬ ਵੀਰਜ ਨਿਕਲ ਜਾਂਦਾ ਹੈ। ਕਿਉਂਕਿ ਉਹ ਐਕਸਟਰੀਮ ਬੇਹੱਦ ਅੰਦਰੂਨੀ ਸਰੀਰਕ ਕਸਾਵ ਦੇ ਉਤੇਜਨਾ ਦੇ ਪਲ ਹੁੰਦੇ ਹਨ।

ਸੋ ਇਹ ਮਰਦ ਇੰਦਰੀ ਰਾਹੀਂ ਸਮੇਂ ਸਮੇਂ ਕੀਤਾ ਜਾਣ ਵਾਲਾ ਦੂਹਰਾ ਕਰਮ ਹੈ। ਜਿਵੇਂ ਔਰਤ ਵਿੱਚ ਛਾਤੀਆਂ ਦੁਧੀਆ ਤੇ ਵੇਜਾਈਨਾ ਵੀ ਸਮੇਂ ਅਨੁਸਾਰ ਦੂਹਰਾ ਕਰਮ ਕਰਨ ਵਾਲੇ ਅੰਗ ਹਨ। ਔਰਤ ਵਿੱਚ ਛਾਤੀਆਂ ਜਵਾਨੀ ਵਿੱਚ ਸੈਕਸ ਉਤੇਜਨਾ ਦਾ ਕੰਮ ਵੀ ਕਰਦੀਆਂ ਹਨ ਤੇ ਬੱਚੇ ਦੇ ਜਨਮ ਬਾਅਦ ਬੱਚੇ ਲਈ ਦੁੱਧ ਪੈਦਾ ਵੀ ਕਰਦੀਆਂ ਹਨ। ਵੇਜਾਈਨਾ ਸੈਕਸ ਦਾ ਕੰਮ ਵੀ ਕਰਦੀ ਹੈ ਅਤੇ ਬੱਚੇ ਦੇ ਜਨਮ ਸਮੇਂ ਬਚੇਦਾਨੀ ਤੋਂ ਬਾਹਰ ਨਿਕਲਦਿਆਂ ਬੱਚੇ ਦੇ ਨਿਕਾਸ ਰਾਹ ਦਾ ਵੀ ਕੰਮ ਕਰਦੀ ਹੈ।

ਇਸ ਬਾਰੇ ਵਿਸਥਾਰ ਔਰਤ ਦੇ ਜਨਣ ਅੰਗਾਂ ਦੀ ਵਿਆਖਿਆ ਸਮੇਂ ਦਿੱਤਾ ਜਾਵੇਗਾ।

ਸੋ ਮਰਦ ਇੰਦਰੀ ਦਾ ਪਹਿਲਾ ਕੰਮ ਪੇਸਾਬ ਦਾ ਨਿਕਾਸ ਹੈ। ਬਲੈਡਰ ਯਾਨੀ ਪੇਸਾਪ ਦੀ ਥੈਲੀ ਵਿੱਚ ਜ਼ਿਆਦਾ ਪੇਸਾਪ ਜਦ ਇਕੱਠਾ ਹੋ ਜਾਂਦਾ ਹੈ ਤਾਂ ਉਹਦੇ ਹੇਠਲੇ ਪਾਸੇ ਲੱਗੀ ਸਫਿੰਕਟਰ ਰਿੰਗ ਯਾਨੀ ਬਲੈਡਰ ਦੇ ਮੂੰਹ ਨੂੰ ਘੁਟੀ ਰੱਖਣ ਵਾਲੀ ਮਾਸਪੇਸੀ ਬਲੈਡਰ ਵਿੱਚ ਪੇਸਾਪ ਦੇ ਭਾਰ ਨਾਲ ਖੁਲਦੀ ਹੈ ਤੇ ਪੇਸਾਪ ਯੂਰੇਥਰਾ ਯਾਨੀ ਪੇਸਾਪ ਬਾਹਰ ਲੈ-ਜਾਣ ਵਾਲੀ ਨਾਲੀ ਰਾਹੀਂ ਬਾਹਰ ਵੱਲ ਵਗਣਾ ਸ਼ੁਰੂ ਹੁੰਦਾ ਹੈ। ਦੂਜੇ ਅਸਾਨ ਲਫਜਾ ਵਿੱਚ ਕਹਿ ਸਕਦਾ ਹਾ ਕਿ ਅਸੀਂ ਬਿਲਡਿੰਗਾਂ ਬਣਾਉਣ ਲਈ ਪਿਲਰ ਯਾਨੀ ਥਮਲੇ ਬਣਾਉਂਦੇ ਹਾਂ ਤੇ ਉਹਨਾਂ ਥਮਲਿਆਂ ਦੀ ਪਾਵਰ ਦੇ ਹਿਸਾਬ ਇਹ ਤਹਿ ਕਰਦੇ ਹਾਂ ਕਿ ਇਹਨਾਂ ਉੱਪਰ ਕਿਨੇ ਮੰਜ਼ਿਲ ਦੀ ਬਿਲਡਿੰਗ ਖੜ੍ਹੀ ਕੀਤੀ ਜਾ ਸਕਦੀ ਹੈ। ਭਾਵ ਇਹ ਕਿੰਨਾ ਭਾਰ ਸਹਿ ਸਕਦੇ ਹਨ। ਠੀਕ ਇਸੇ ਤਰ੍ਹਾਂ ਹੀ ਬਲੈਡਰ ਦੀ ਸਫਿੰਕਟਰ ਯਾਨੀ ਬਲੈਡਰ ਦੇ ਮੂੰਹ ਨੂੰ ਘੁਟਨ ਵਾਲੀ ਮਾਸਪੇਸੀ ਯਾਨੀ ਸਫਿੰਕਟਰ ਦਾ ਕੰਮ ਹੈ ਕਿ ਕਿੰਨਾ ਕੁ ਭਾਰ ਪੇਸਾਪ ਦੀ ਥੈਲੀ ਯਾਨੀ ਪੇਸਾਪ ਦਾ ਇਹ ਸਹਿ ਸਕਦੀ ਹੈ ਤੇ ਉਸ ਤੋਂ ਬਾਹਦ ਇਹਦੀ ਸਹਿਣ ਸਮਰੱਥਾ ਖਤਮ ਹੋਣ ਤੋਂ ਬਾਅਦ ਪੇਸਾਪ ਯੁਰੇਥਰਾ ਯਾਨੀ ਪੇਸਾਪ ਵਾਲੀ ਨਾਲੀ ਵਿੱਚ ਵਗਣ ਲਗਦਾ ਹੈ। ਯਾਦ ਰਹੇ ਇਹ ਯੂਰੇਥਰਾ ਨਾਲੀ ਬਲੈਡਰ ਤੋਂ ਬਾਅਦ ਪ੍ਰੌਸਟੇਟ ਗਿਲਟੀ ਯਾਨੀ ਗਲੈਂਡ ਵਿਚੋਂ ਹੋ ਕੇ ਬਾਹਰ ਵੱਲ ਨਿਕਲਦੀ ਹੈ। ਪੇਸਾਪ ਦੇ ਨਿਕਾਸ ਦਾ ਵੱਖਰਾ ਸਿਸਟਮ ਹੁੰਦਿਆਂ ਹੋਇਆ ਵੀ ਇਹ ਪ੍ਰੌਸਟੇਟ ਤੇ ਇੰਦਰੀ ਦੇ ਸਹਿਯੋਗ ਰਾਹੀਂ ਹੀ ਆਪਣਾ ਕਰਮ ਪੂਰਾ ਕਰਦਾ ਹੈ। ਪ੍ਰੌਸਟੇਟ ਦੀ ਘੁਟਨ ਵੀ ਪੇਸਾਪ ਨੂੰ ਰੋਕੀ ਰੱਖਣ ਲਈ ਕਿਸੇ ਹੱਦ ਤੱਕ ਯੋਗਦਾਨ ਪਾਉਂਦੀ ਹੈ। ਪਰੌਸਟੇਟ ਇਕ ਜੰਕਸਨ ਯਾਨੀ ਸੁਮੇਲ ਦਾ ਕੰਮ ਕਰਦਾ ਹੈ ਕਿਉਂਕਿ ਇਸ ਵਿਚੋਂ ਹੋਕੇ ਬਾਹਰ ਨਿਕਲਣ ਵਾਲੀਆਂ ਦੋਵੇ ਨਾਲੀਆਂ ਪਹਿਲੀ ਪੇਸਾਪ ਦੀ ਤੇ ਦੂਜੀ ਵੀਰਜ ਦੀ ਆਪਣੇ ਰਾਹੀ ਜਾਣ ਵਾਲੇ ਸਮਾਨ ਨੂੰ ਯੁਰੇਥਰਾ ਦੇ ਅਗਲੇ ਹਿੱਸੇ ਰਾਹੀਂ ਬਾਹਰ ਭੇਜਦੀਆਂ ਹਨ। ਸੋ ਦੋਹਾਂ ਦਾ ਯਾਨੀ ਪੇਸਾਪ ਅਤੇ ਵੀਰਜ ਦਾ ਨਿਰਾਸ ਪ੍ਰੌਸਟੇਟ ਦੇ ਅੰਦਰ ਇਹਨਾਂ ਨਾਲੀਆਂ ਦੇ ਮਿਲਣ ਬਾਅਦ ਬੇਸ਼ੱਕ ਅਲੱਗ ਅਲੱਗ ਸਮੇਂ ਹੀ ਸਹੀ ਪਰ ਯੁਰੇਥਰਾ ਰਾਹੀਂ ਹੀ ਬਾਹਰ ਨਿਕਲਦਾ ਹੈ।

ਹੇਠਲੀ ਤਸਵੀਰ ਪੇਸਾਪ ਵਾਲੀ ਥੈਲੀ ਦੀ ਬਣਤਰ ਸਪਸ਼ਟ ਕਰ ਰਹੀ ਹੈ।

ਬਲੈਡਰ ਦੇ ਸਭ ਤੋ ਉੱਪਰ ਵੱਲ ਬਲਦ ਦੇ ਸਿੰਙਾ ਵਾਂਗ ਦਿਸਦੀਆਂ ਦੋ ਨਾਲੀਆਂ ਹਨ ਜਿਹਨਾਂ ਨੂੰ ਯੂਰੇਟਰ ਕਹਿੰਦੇ ਹਨ ਜੋ ਕਿਡਨੀ ਰਾਹੀਂ ਖ਼ੂਨ ਵਿਚੋਂ ਫਿਲਟਰ ਹੋਇਆ ਪੇਸ਼ਾਪ ਕਿਡਨੀ ਤੋਂ ਬਲੈਡਰ ਵਿੱਚ ਪਹੁੰਚਾਉਂਦੀਆਂ ਹਨ। ਇਸ ਤੋਂ ਉੱਪਰ ਦੀ ਵਿਆਖਿਆ ਯੂਰੀਨਰੀ ਸਿਸਟਮ ਦੀ ਵਿਆਖਿਆ ਸਮੇਂ ਦੱਸੀ ਜਾਵੇਗੀ।

**ਪੇਸਾਪ ਨਾਲੀ ਦੀ ਬਣਤਰ ਅਤੇ ਬਿਮਾਰੀਆਂ**

ਤਸਵੀਰ ਵਿੱਚ ਵਿਖਾਇਆ ਗਿਆ ਹੈ ਕਿ ਪੇਸਾਪ ਵਾਲੀ ਥੈਲੀ ਵਿਚੋ ਨਿਕਲਣ ਬਾਅਦ ਕਿਵੇਂ ਪੇਸਾਪ ਵਾਲੀ ਨਾਲੀ ਪ੍ਰੌਸਟੇਟ ਤੇ ਇੰਦਰੀ ਦੇ ਵੱਖ ਵੱਖ ਵੱਖ ਭਾਗਾਂ ਵਿਚੋਂ ਲੰਘਦੀ ਬਾਹਰ ਵੱਲ ਪੇਸਾਪ ਦਾ ਨਿਕਾਸ ਕਰਦੀ ਹੈ।

ਬਲੈਡਰ ਵੀ ਕਿਉਂਕਿ ਜਣਨ ਅੰਗਾਂ ਦੇ ਸਿਸਟਮ ਨਾਲ ਸੰਬੰਧਿਤ ਨਹੀਂ ਯੂਰੀਨਰੀ ਸਿਸਟਮ ਨਾਲ ਸੰਬੰਧਿਤ ਹੈ ਕੇਵਲ ਰਲ ਕੇ ਪੇਸਾਪ ਦੀ ਨਿਕਾਸੀ ਵਿਚ ਸਹਿਯੋਗ ਕਰਦਾ ਹੈ। ਇਸ ਲਈ ਇਸ ਬਾਰੇ ਵੀ ਯੂਰੀਨਰੀ ਸਿਸਟਮ ਦੇ ਵਿਸਥਾਰ ਨਾਲ ਹੀ ਦੱਸਿਆ ਜਾਵੇਗਾ।

ਪੇਸਾਪ ਦੀ ਲੋੜ ਅਨੁਸਾਰ ਹਾਜਤ ਜਾ ਵਾਰ ਵਾਰ ਹਾਜਤ ਹੋਣਾ।

ਪੇਸਾਪ ਦੀ ਹਾਜਤ ਬਲੈਡਰ ਦੇ ਹੇਠਲੇ ਪਾਸੇ ਦੀ ਘੁਟਣ ਨਾਲ ਸੰਬੰਧਿਤ ਹੈ। ਬਲੈਡਰ ਦੀਆ ਮਾਸਪੇਸੀਆਂ ਰਬੜ ਦੇ ਬਲੈਡਰ ਵਾਂਗ ਹਨਤੇ ਜਿਵੇਂ ਜਿਵੇਂ ਕਿਡਨੀਆਂ ਵਿਚੋਂ ਫਿਲਟਰ ਹੋ ਹੋ ਕੇ ਪੇਸਾਪ ਦੀ ਥੈਲੀ ਵਿੱਚ ਪੇਸਾਪ ਆਉਂਦਾ ਜਾਂਦਾ ਹੈ ਇਹ ਥੈਲੀ ਰਬੜ ਦੇ ਭੁਕਾਨੇ ਵਾਂਗ ਫੈਲਦੀ ਜਾਂਦੀ ਹੈ।

ਇੱਥੇ ਇਕ ਗੱਲ ਯਾਦ ਕਰਵਾਉਣੀ ਮੈਂ ਹੁਣੇ ਜ਼ਰੂਰੀ ਸਮਝਦਾ ਹਾਂ ਕਿ ਪੇਟ ਦੇ ਵੱਡੇ ਘੇਰੇ ਅੰਦਰ ਰੱਖੇ ਅੰਗ ਖਾਸ ਕਰ ਆਤੜੀਆਂ ਜੋ ਬਹੁਤਾ ਹਿੱਸਾ ਪੇਟ ਦਾ ਮੱਲਦੀਆਂ ਹਨ ਉਹਨਾਂ ਨੂੰ ਲਪੇਟ ਕੇ ਰੱਖਣ ਵਾਲਾ ਇਕ ਗਿਲਾਫਨੁਮਾ ਪਰਦਾ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206

(A Historical Land Mark of CA)



ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ

# 24ਵੇਂ ਮਹਾਨ ਨਗਰ ਕੀਰਤਨ

16 ਅਪ੍ਰੈਲ 2023, ਦਿਨ ਐਤਵਾਰ

ਅਤੇ ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 1 ਤੋਂ 16 ਅਪ੍ਰੈਲ 5 ਤੋਂ 9 ਵਜੇ ਤੱਕ



ਗਿਆਨੀ ਪ੍ਰਿੰਦਰਪਾਲ ਸਿੰਘ ਜੀ 5 ਤੋਂ 16 ਅਪ੍ਰੈਲ

ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ 4 ਤੋਂ 9 ਅਪ੍ਰੈਲ

ਭਾਈ ਸਰਬਜੀਤ ਸਿੰਘ ਰੰਗੀਲਾ 10 ਤੋਂ 16 ਅਪ੍ਰੈਲ

ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ

ਭਾਈ ਗੁਰਸੇਵਕ ਸਿੰਘ ਜੀ ਹੈਡ ਗ੍ਰੰਥੀ

ਭਾਈ ਜਗਮੋਹਨ ਸਿੰਘ ਜੀ ਹਜ਼ੂਰੀ ਰਾਗੀ ਜਥਾ

ਭਾਈ ਮਹਿਲ ਸਿੰਘ ਜੀ ਕਵੀਸ਼ਰੀ ਜਥਾ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 16 ਅਪ੍ਰੈਲ 2023 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 324ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੰਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਅੰਮ੍ਰਿਤ ਸੰਚਾਰ :
15 ਅਪ੍ਰੈਲ ਦਿਨ ਸ਼ਨੀਵਾਰ
ਸਵੇਰੇ 9.00 ਵਜੇ

ਫਲੋਟਾਂ ਦੀ ਸੇਵਾ ਲਈ ਕਾਲ ਕਰੋ
ਗੁਲਵਿੰਦਰ ਸਿੰਘ ਭਿੰਦਾ
209-487-3699
ਜਗਜੀਤ ਸਿੰਘ ਰੱਕੜ
209-483-9700

ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :
ਸ੍ਰ. ਗੁਰਨਾਮ ਸਿੰਘ ਟਿੱਕਾ : 209-649-1208
ਦੁਕਾਨਾਂ ਦੀ ਜਾਣਕਾਰੀ ਲਈ ਕਾਲ ਕਰੋ ਜੀ :
ਬੀਬੀ ਸਰਬਜੀਤ ਕੌਰ 209-430-9415

ਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ : 209-275-8725, ਹਰਨੇਕ ਸਿੰਘ ਅਟਵਾਲ ਵਾਈਸ ਪ੍ਰਧਾਨ - 209-351-5965
ਅਮਰਜੀਤ ਸਿੰਘ ਤੁੰਗ ਜਨਰਲ ਸੈਕਟਰੀ : 209-954-2881, ਮਨਜੀਤ ਸਿੰਘ ਮਕੇਰੀਆਂ ਸਹਾਇਕ ਸੈਕਟਰੀ :209-992-1122
ਕਸ਼ਮੀਰ ਸਿੰਘ ਮੀਤ ਪ੍ਰਧਾਨ : 209-470-7005, ਜਸਵਿੰਦਰ ਸਿੰਘ ਝਿੰਜਰ ਸਹਾਇਕ ਸੈਕਟਰੀ : 209-649-6578
ਬਲਜਿੰਦਰ ਸਿੰਘ ਖਜ਼ਾਨਚੀ : 209-603-0680, ਸ੍ਰ. ਤੇਜਪਾਲ ਸਿੰਘ ਬੈਨੀਵਾਲ ਸਹਾਇਕ ਖਜ਼ਾਨਚੀ: 209-627-9233
ਅਮੋਲਕ ਸਿੰਘ ਬਡਿਆਲ ਚੇਅਰਮੈਨ 209-483-8946, ਗੁਰਪ੍ਰੀਤ ਸਿੰਘ ਵਾਈਸ ਚੇਅਰਮੈਨ : 209-513-8101

ਗੁਰਦੁਆਰਾ ਸਾਹਿਬ ਸਟਾਕਟਨ (209) 625-7500

# ਅਮਰੀਕਾ ਨੂੰ ਵਿੱਤੀ ਸਾਲ 2024 ਲਈ ਲੋੜੀਂਦੀਆਂ H-AB ਵੀਜ਼ਾ ਅਰਜ਼ੀਆਂ ਪ੍ਰਾਪਤ

ਨਿਊਯਾਰਕ : ਅਮਰੀਕਾ ਨੂੰ ਵਿੱਤੀ ਸਾਲ 2024 ਲਈ ਕਾਂਗਰਸ ਵੱਲੋਂ ਲਾਜ਼ਮੀ 65,000 ਐੱਚ1-ਬੀ ਵੀਜ਼ਾ ਕੈਪ ਤੱਕ ਪਹੁੰਚਣ ਲਈ ਲੋੜੀਂਦੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼




(ਯੂ.ਐੱਸ.ਸੀ.ਆਈ.ਐੱਸ.) ਨੇ ਸੋਮਵਾਰ ਨੂੰ ਕਿਹਾ ਕਿ ਸ਼ੁਰੂਆਤੀ ਰਜਿਸਟ ?ਰੇਸ਼ਨ ਮਿਆਦ ਦੌਰਾਨ ਵਿੱਤੀ ਸਾਲ 2024 ਐਚ-1ਬੀ ਸੰਖਿਆਤਮਕ ਵੰਡ ਤੱਕ ਪਹੁੰਚਣ ਲਈ ਉਸ ਨੂੰ ਕਾਫ਼ੀ ਇਲੈਕਟ ?ਰਾਨਿਕ ਰਜਿਸਟ੍ਰੇਸ਼ਨ ਪ੍ਰਾਪਤ ਹੋਏ ਹਨ, ਜਿਸ ਵਿੱਚ ਐਡਵਾਂਸ ਡਿਗਰੀ ਛੋਟ (ਮਾਸਟਰ ਦੀ ਕੈਪ) ਵੀ ਸ਼ਾਮਲ ਹੈ।

USCIS ਨੇ ਕਿਹਾ ਕਿ 'ਅਸੀਂ ਕੈਪ ਤੱਕ ਪਹੁੰਚਣ ਲਈ ਸਹੀ ਢੰਗ ਨਾਲ ਜਮ ?ਹਾਂ ਕਰਵਾਈਆਂ ਰਜਿਸਟ੍ਰੇਸ਼ਨਾਂ ਵਿੱਚੋਂ ਚੋਣਵੇਂ ਢੰਗ ਨਾਲ ਚੁਣਿਆ ਹੈ ਅਤੇ ਚੁਣੇ ਹੋਏ ਰਜਿਸਟ੍ਰੇਸ਼ਨਾਂ ਵਾਲੇ ਸਾਰੇ ਸੰਭਾਵੀ ਪਟੀਸ਼ਨਰਾਂ ਨੂੰ ਸੂਚਿਤ ਕੀਤਾ ਹੈ ਕਿ ਉਹ ਲਾਗੂ ਚੁਣੀ ਗਈ ਰਜਿਸਟ੍ਰੇਸ਼ਨ ਵਿੱਚ ਨਾਮਿਤ ਲਾਭਪਾਤਰੀ ਲਈ ਇੱਕ H-AB ਕੈਪ-ਵਿਸ਼ਾ ਪਟੀਸ਼ਨ ਦਾਇਰ ਕਰਨ ਦੇ ਯੋਗ ਹਨ।' FY 2024 ਲਈ H-AB ਕੈਪ-ਵਿਸ਼ਾ ਪਟੀਸ਼ਨਾਂ, ਜਿਨ੍ਹਾਂ ਵਿੱਚ ਐਡਵਾਂਸ ਡਿਗਰੀ ਛੋਟ ਲਈ ਯੋਗ ਪਟੀਸ਼ਨਾਂ ਸ਼ਾਮਲ ਹਨ, USCIS ਕੋਲ 1 ਅਪ੍ਰੈਲ, 2023 ਤੋਂ ਦਾਇਰ ਕੀਤੀਆਂ ਜਾ ਸਕਦੀਆਂ ਹਨ, ਜੇਕਰ ਇਹ ਇੱਕ ਵੈਧ, ਚੁਣੀ ਹੋਈ ਰਜਿਸਟ ?ਰੇਸ਼ਨ 'ਤੇ ਆਧਾਰਿਤ ਹੈ।

ਸਿਰਫ਼ ਚੁਣੀਆਂ ਗਈਆਂ ਰਜਿਸਟ੍ਰੇਸ਼ਨਾਂ ਵਾਲੇ ਪਟੀਸ਼ਨਰ ਹੀ FY 2024 ਲਈ 8-12 ਕੈਪ-ਵਿਸ਼ਾ ਪਟੀਸ਼ਨਾਂ ਦਾਇਰ ਕਰ ਸਕਦੇ ਹਨ ਅਤੇ ਇਹ ਸਿਰਫ਼ ਚੁਣੇ ਗਏ ਰਜਿਸਟ੍ਰੇਸ਼ਨ ਨੋਟਿਸ ਵਿੱਚ ਨਾਮ ਦਿੱਤੇ ਲਾਭਪਾਤਰੀ ਲਈ ਹੈ। ਇੱਥੇ ਦੱਸ ਦਈਏ ਕਿ H-AB ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਪੇਸ਼ਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਸ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਇਹ ਭਾਰਤੀਆਂ ਸਮੇਤ ਵਿਦੇਸ਼ੀ ਪੇਸ਼ੇਵਰਾਂ ਵਿੱਚ ਸਭ ਤੋਂ ਵੱਧ ਮੰਗਿਆ ਜਾਣ ਵਾਲਾ ਵਰਕ ਵੀਜ਼ਾ ਹੈ। FY21 ਵਿੱਚ ਭਾਰਤੀਆਂ ਨੂੰ 74 ਪ੍ਰਤੀਸ਼ਤ ਤੋਂ ਵੱਧ 812 ਵੀਜ਼ਾ ਪ੍ਰਾਪਤ ਹੋਏ। USCIS ਦੁਆਰਾ ਮਨਜ਼ੂਰ 4.07 ਲੱਖ ਐੱਚ-1ਬੀ ਵੀਜ਼ਿਆਂ ਵਿੱਚੋਂ 3.01 ਲੱਖ ਭਾਰਤੀਆਂ ਨੂੰ ਅਲਾਟ ਕੀਤੇ ਗਏ ਸਨ, ਜਦਕਿ ਚੀਨ ਨੂੰ 50,000 ਵੀਜ਼ੇ ਪ੍ਰਾਪਤ ਹੋਏ ਸਨ।

# ਬਾਈਡੇਨ ਨੇ ਨੈਸ਼ਵਿਲੇ ਦੇ ਇਕ ਸਕੂਲ ਚ ਗੋਲੀਬਾਰੀ ਮਗਰੋਂ ਅੱਧਾ ਅਮਰੀਕੀ ਝੰਡਾ ਝੁਕਾਉਣ ਦਾ ਦਿੱਤਾ ਹੁਕਮ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਟੈਨੇਸੀ ਦੇ ਨੈਸ਼ਵਿਲੇ ਵਿਚ ਇਕ ਨਿੱਜੀ ਕ੍ਰਿਸਚੀਅਨ ਸਕੂਲ ਵਿਚ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਅਮਰੀਕੀ ਝੰਡੇ ਨੂੰ ਅੱਧਾ ਝੁਕਾਉਣ ਦਾ ਹੁਕਮ ਦਿੱਤਾ ਹੈ। ਵ੍ਹਾਈਟ ਹਾਊਸ ਨੇ ਇਕ ਘੋਸ਼ਣਾ ਵਿਚ ਇਹ ਜਾਣਕਾਰੀ ਦਿੱਤੀ। ਵ ?ਹਾਈਟ ਹਾਊਸ ਨੇ ਬਾਈਡੇਨ ਦੇ ਹਵਾਲੇ ਨਾਲ ਕਿਹਾ, ÷ਟੈਨੇਸੀ ਦੇ ਨੈਸ਼ਵਿਲੇ ਵਿਚ 27 ਮਾਰਚ 2023 ਨੂੰ ਹੋਈ ਹਿੰਸਾ ਦੇ ਪੀੜਤਾਂ ਦੇ ਪ੍ਰਤੀ ਸਨਮਾਨ ਦਿਖਾਉਣ ਦਾ ਸੰਵਿਧਾਨ ਅਤੇ ਅਮਰੀਕੀ ਕਾਨੂੰਨਾਂ ਵੱਲੋਂ ਮੈਨੂੰ ਅਮਰੀਕੀ ਰਾਸ਼ਟਰਪਤੀ ਵਜੋਂ ਮੈਨੂੰ ਨਿਹਿਤ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਇਸ ਲਈ ਮੈਂ ਆਦੇਸ਼ ਦਿੰਦਾ ਹਾਂ ਕਿ ਵ੍ਹਾਈਟ ਹਾਊਸ ਸਮੇਤ ਸਾਰੀਆਂ ਜਨਤਕ ਇਮਾਰਤਾਂ ਅਤੇ ਮੈਦਾਨਾਂ 'ਤੇ, ਸਾਰੀਆਂ ਮਿਲਟਰੀ ਪੋਸਟਾਂ ਅਤੇ ਜਲ ਸੈਨਾ ਦੇ ਸਟੇਸ਼ਨਾਂ 'ਤੇ ਅਤੇ ਕੋਲੰਬੀਆ



ਜ਼ਿਲ੍ਹੇ ਵਿਚ ਸੰਘੀ ਸਰਕਾਰ ਦੇ ਸਾਰੇ ਸਮੁੰਦਰੀ ਜਹਾਜ਼ਾਂ ਅਤੇ ਪੂਰੇ ਅਮਰੀਕਾ ਅਤੇ ਉਸ ਦੇ ਖੇਤਰਾਂ ਅਤੇ ਸੰਪਤੀ 'ਤੇ ਅਮਰੀਕੀ ਝੰਡਾ 31 ਮਾਰਚ ਨੂੰ ਸੂਰਜ ਡੁੱਬਣ ਤੱਕ ਅੱਧਾ ਝੁਕਿਆ ਰਹੇਗਾ।' ਘੋਸ਼ਣਾ ਵਿੱਚ ਬਾਈਡੇਨ ਨੇ ਕਿਹਾ ਕਿ ਮੈਂ ਇਹ ਵੀ ਨਿਰਦੇਸ਼ ਦਿੰਦਾ ਹਾਂ ਕਿ ਸਾਰੀਆਂ ਫੌਜੀ ਸਹੂਲਤਾਂ, ਜਲ ਸੈਨਾ ਦੇ ਜਹਾਜ਼ਾਂ ਅਤੇ ਸਟੇਸ਼ਨਾਂ ਸਮੇਤ ਵਿਦੇਸ਼ਾਂ ਵਿੱਚ ਸਾਰੇ ਅਮਰੀਕੀ ਦੂਤਘਰਾਂ, ਦੂਤਘਰ ਦੇ ਦਫਤਰਾਂ ਅਤੇ ਹੋਰ ਸਹੂਲਤਾਂ 'ਤੇ ਝੰਡਾ ਅੱਧਾ ਝੁਕਿਆ ਰਹੇਗਾ। ਨੈਸ਼ਵਿਲੇ ਪੁਲਸ ਦੇ ਮੁਖੀ ਜੌਨ ਡਰੇਕ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਕਿਹਾ ਕਿ ਪੁਲਸ ਨੇ ਨੈਸ਼ਵਿਲੇ ਗੋਲੀਬਾਰੀ ਦੇ ਦੋਸ਼ੀ ਦੀ ਪਛਾਣ 28 ਸਾਲਾ ਔਰਤ ਔਡਰੇ ਹੇਲ ਵਜੋਂ ਕੀਤੀ ਹੈ। ਡਰੇਕ ਨੇ ਕਿਹਾ ਕਿ ਹੇਲ ਦੀ ਪਛਾਣ ਇੱਕ ਟਰਾਂਸਜੈਂਡਰ ਪੁਰਸ਼ ਵਜੋਂ ਹੋਈ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਪਹਿਲਾਂ ਸਕੂਲ ਵਿੱਚ ਪੜ੍ਹ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਗੋਲੀਬਾਰੀ ਵਿੱਚ 10 ਸਾਲ ਤੋਂ ਘੱਟ ਉਮਰ ਦੇ 3 ਬੱਚੇ ਅਤੇ 3 ਬਾਲਗ ਮਾਰੇ ਗਏ ਹਨ। ਪੁਲਸ ਵੱਲੋਂ ਜਵਾਬੀ ਗੋਲੀਬਾਰੀ ਵਿੱਚ ਹੇਲ ਵੀ ਮਾਰਿਆ ਗਿਆ।

# ਮਾਣ ਵਾਲੀ ਗੱਲ, ਅਮਰੀਕਾ 'ਚ ਭਾਰਤੀ ਮੂਲ ਦੀ ਸਿੱਖ ਮਨਮੀਤ ਕੋਲਨ ਨੇ ਸਹਾਇਕ ਪੁਲਸ ਮੁਖੀ ਵਜੋਂ ਚੁੱਕੀ ਸਹੁੰ

ਨਿਊਯਾਰਕ : ਭਾਰਤੀ ਮੂਲ ਦੀ ਸਿੱਖ ਮਨਮੀਤ ਕੋਲਨ ਨੇ ਕਨੈਕਟੀਕਟ ਦੇ ਨਿਊ ਹੈਵਨ ਸ਼ਹਿਰ ਦੀ ਪਹਿਲੀ ਸਹਾਇਕ ਪੁਲਸ ਮੁਖੀ ਵਜੋਂ ਸਹੁੰ ਚੁੱਕੀ ਹੈ, ਜਿਸ ਨਾਲ ਉਹ ਚੋਟੀ ਦੇ ਸਥਾਨ 'ਤੇ ਪਹੁੰਚਣ ਵਾਲੀ ਵਿਭਾਗ ਦੀ ਪਹਿਲੀ ਭਾਰਤੀ-ਅਮਰੀਕੀ ਬਣ ਗਈ ਹੈ।



ਦਿ ਨਿਊ ਹੈਵਨ ਇੰਡੀਪੈਂਡੈਂਟ ਦੀ ਰਿਪੋਰਟ ਮੁਤਾਬਕ, ਨਿਊ ਹੈਵਨ ਵਿੱਚ ਪੁਲਸ ਕਮਿਸ਼ਨਰਾਂ ਦੇ ਬੋਰਡ ਨੇ ਸਰਬਸੰਮਤੀ ਨਾਲ 37 ਸਾਲਾ ਕੋਲਨ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ, ਜੋ ਪਹਿਲਾਂ ਅੰਦਰੂਨੀ ਮਾਮਲਿਆਂ ਦੇ ਦਫ਼ਤਰ ਵਿੱਚ ਲੈਫਟੀਨੈਂਟ ਸੀ। ਮੁੰਬਈ ਵਿੱਚ ਜਨਮੀ ਕੋਲਨ 11 ਸਾਲ ਦੀ ਉਮਰ ਵਿਚ ਆਪਣੇ ਪਰਿਵਾਰ ਨਾਲ ਕੁਈਨਜ਼ ਚਲੀ ਗਈ ਅਤੇ ਉਨ੍ਹਾਂ ਨੇ ਨਿਊ ਹੈਵਨ ਯੂਨੀਵਰਸਿਟੀ ਵਿੱਚ ਅਪਰਾਧਿਕ ਨਿਆਂ ਦੀ ਪੜ੍ਹਾਈ ਕੀਤੀ।

ਕੋਲਨ ਨੇ ਉਮੀਦ ਜਤਾਈ ਕਿ ਵਿਭਾਗ ਦੀ ਪਹਿਲੀ ਭਾਰਤੀ-ਅਮਰੀਕੀ ਸਹਾਇਕ ਮੁਖੀ ਵਜੋਂ ਉਨ੍ਹਾਂ ਦੀ ਸਥਿਤੀ ਸਮਾਨ ਪਿਛੋਕੜ ਵਾਲੇ ਹੋਰ ਲੋਕਾਂ ਨੂੰ ਕਾਨੂੰਨ ਲਾਗੂ ਕਰਨ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਦੀ ਹੈ। ਦਿ ਨਿਊ ਹੈਵਨ ਇੰਡੀਪੈਂਡੈਂਟ ਵਿੱਚ ਕੋਲਨ ਦੇ ਹਵਾਲੇ ਨਾਲ ਕਿਹਾ ਗਿਆ ਹੈ, 'ਮੈਂ ਇੱਕ ਸਿੱਖ ਪਰਿਵਾਰ ਤੋਂ ਆਉਂਦੀ ਹਾਂ। ਮੈਂ ਪੰਜਾਬੀ ਬੋਲਦੀ ਹਾਂ। ਮੈਨੂੰ ਆਪਣੀ ਵਿਰਾਸਤ 'ਤੇ ਬਹੁਤ ਮਾਣ ਹੈ। ਕੋਲਨ ਦੀ ਧੀ ਨੇ ਆਪਣੀ ਮਾਂ ਦੀ ਵਰਦੀ 'ਤੇ ਨਵੇਂ ਸਹਾਇਕ ਪੁਲਸ ਮੁੱਖੀ ਦਾ ਬੈਜ ਲਗਾਇਆ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਅਸੀਂ ਉਨ੍ਹਾਂ ਦੇ ਇਸ ਹਫਤੇ ਤੋਂ ਲਗਾਤਾਰ ਆਰਟੀਕਲ ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਸਾਨੂੰ ਯਕੀਨ ਹੈ ਕਿ ਪਾਠਕ ਇਸਨੂੰ ਪੜ੍ਹਕੇ ਕੌਮ ਦੇ ਸੁਨਹਿਰੀ ਭਵਿੱਖ ਬਾਰੇ ਸੋਚਣਗੇ ਅਤੇ ਏਕਤਾ ਅਤੇ ਸਮੇਂ ਸਿਰ ਠੀਕ ਫੈਸਲੇ ਲੈਣ ਲਈ ਪ੍ਰੇਰਤ ਕਰਨਗੇ : ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਵਿਵਾਦਜਨਕ ਪੁਸਤਕਾਂ

ਕਲਮ ਤਲਵਾਰ ਨਾਲੋਂ ਵੀ ਵੱਧ ਮਾਰ ਕਰਦੀ ਹੈ। ਇਹ ਗੱਲ ਸ਼ਬਦ ਗੁਰੂ ਵਿਚ ਵਿਸ਼ਵਾਸ ਰੱਖਣ ਵਾਲੇ ਅਤੇ ਕਲਗੀਧਰ ਪਿਤਾ ਦੇ ਜ਼ਫਰਨਾਮੇ ਦੇ ਜ਼ਹੂਰ ਅਤੇ ਜਲਾਲ ਦੇ ਪ੍ਰਤੱਖ ਅਸਰ ਨੂੰ ਦੇਖਣ ਵਾਲੇ ਸਿੱਖਾਂ ਨਾਲੋਂ ਵੱਧ ਕੌਣ ਮਹਿਸੂਸ ਕਰ ਸਕਦਾ ਹੈ। ਇਸ ਲਈ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਿਤਾ ਨੇ ਸੁੱਚੀਆਂ ਕਲਮਾਂ ਨੂੰ ਨਾ ਕੇਵਲ ਚੁੰਮਿਆ ਬਲਕਿ ਆਪਣੇ ਨਾਲ ਆਸੀਨ ਵੀ ਕੀਤਾ।

ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ, ਭਾਈ ਨੰਦ ਲਾਲ ਜੀ ਜਿਥੇ ਆਪ ਦੀ ਕ੍ਰਿਪਾ-ਦ੍ਰਿਸ਼ਟੀ ਦੇ ਪਾਤਰ ਬਣੇ, ਉਥੇ ਭੱਟਾਂ ਨੂੰ ਤਾਂ ਆਪ ਨੇ ਦੀਨ ਦੁਨੀ ਦੋਨੋਂ ਥਾਵਾਂ ਵਿਚ ਸਰਵੋਤਮ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਕੀਤਾ :

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
**ਗਰੀਬ ਨਿਵਾਜੁ ਗੁਸਈਆ**
**ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥**
**ਅੰਗ ੧੧੦੬**

ਜਿਵੇਂ ਰਾਗ ਵਿਚ ਸ਼ਬਦ ਪਾ ਕੇ ਗਾਉਣ ਨਾਲ ਇਹ ਇਲਾਹੀ ਮਿਲਾਪ ਦਾ ਸਾਧਨ ਹੋ ਨਿਬੜਦਾ ਹੈ ਪਰ ਇਸ ਦਾ ਵਿਕ੍ਰਿਤ ਰੂਪ 'ਰਾਗ ਰੰਗ' ਤੋਂ ਤਬਾਹੀ ਵੱਲ ਅਗ੍ਰਸਰ ਕਰਦਾ ਹੈ ਉਸੇ ਤਰ੍ਹਾਂ ਸ਼ਰਧਾ, ਵਿਸ਼ਵਾਸ, ਭਰੋਸਾ ਪੈਦਾ ਕਰਨ ਲਈ ਕਲਮ ਮਬਾਰਕ ਹੈ ਅਤੇ ਗੁਰੂ ਘਰ ਵਿਚ ਸਲਾਹੀ ਵੀ ਗਈ ਹੈ:

**ਧੰਨੁ ਸੁ ਕਾਗਦੁ ਕਲਮ ਧਨੁ ਧਨੁ ਭਾਂਡਾ ਧਨੁ ਮਸੁ। ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥ (ਅੰਗ ੧੨੯੧)**

ਪਰ ਇਸ ਦੇ ਉਲਟ ਅਸ਼ਰਧਾ, ਅਵਿਸ਼ਵਾਸ ਅਤੇ ਸਿਦਕ-ਭਰੋਸੇ 'ਤੇ ਕੁਠਾਰਘਾਤ ਕਰਨ ਬਾਰੇ ਚਿਤਾਵਨੀ ਹੈ :

**ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥**
**ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥**

ਗੁਰੂ ਕਾਲ ਦੇ ਰਾਜਨੀਤਕ ਅਤੇ ਸਮਾਜਿਕ ਵਾਤਾਵਰਣ ਵਿਚ 'ਹਿੰਦੂ ਸਮਾਜ' ਕੋਲ ਦੋ ਸ਼ਕਤੀਆਂ ਪ੍ਰਮੁੱਖ ਸਨ-ਪਹਿਲੀ ਸ਼ਾਸਤ੍ਰਾਰਥ ਦੀ ਅਤੇ ਦੂਸਰੀ  ਸਮਝੌਤਾਵਾਦ ਦੀ। ਧਰਮ ਸ਼ਾਸਤ੍ਰਾਰਥ ਜਾਂ ਵਾਦ-ਵਿਵਾਦ ਦਾ ਵਿਸ਼ਾ ਨਹੀਂ ਹੋ ਸਕਦਾ। ਚਰਪਟ ਨਾਥ ਜੋਗੀ ਨੇ ਜਦੋਂ ਗੁਰੂ ਨਾਨਕ ਸਾਹਿਬ ਨਾਲ ਹੁੱਜਤ ਕਰਦਿਆਂ ਸੰਸਾਰ ਤੋਂ ਪਾਰ ਉਤਾਰੇ ਸਾਧਨ ਪੁੱਛਿਆ ਤਾਂ ਹਜ਼ੂਰ ਨੇ ਸ਼ਬਦੀ ਉਲਝਣ ਵਿਚ ਫਸਣ ਨਾਲੋਂ ਸਪਸ਼ਟ ਫੁਰਮਾਇਆ :

**ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥**
**ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥ (ਅੰਗ ੯੩੮)**

ਗੁਰੂ ਸਾਹਿਬ ਨੇ ਕੋਈ ਵੀ ਸ਼ਾਸਤ੍ਰਾਰਥ ਨਹੀਂ ਕੀਤਾ ਬਲਕਿ ਚੋਜ, ਕੌਤਕ ਕੀਤੇ।

19ਵੀਂ ਸਦੀ ਦੇ ਅਖ਼ੀਰ ਵਿਚ ਪੰਜਾਬ ਵਿਚ ਆਰੀਆ ਸਮਾਜ ਦੇ ਬਾਨੀ ਦਯਾ ਨੰਦ ਦਾ ਆਗਮਨ ਹੋਇਆ। ਇਸ ਨੇ ਆਪਣੀਆਂ ਹੁੱਜਤ ਭਰਪੂਰ ਦਲੀਲਾਂ ਅਤੇ ਲਿਖਤਾਂ ਨੂੰ ਆਪਣੇ ਪ੍ਰਚਾਰ ਦਾ ਸਾਧਨ ਬਣਾਇਆ। ਇਹ ਸਾਧਨ ਕੁਝ ਰੋਚਕਤਾ ਤਾਂ ਪੈਦਾ ਕਰ ਸਕਿਆ ਪਰ ਇਸ ਨੇ ਸਮਾਜ ਵਿਚ ਤ੍ਰੇੜਾਂ ਅਤੇ ਬਿਖਮਤਾ ਪੈਦਾ ਕੀਤੀ।

ਬਾਅਦ ਵਿਚ ਕੁਝ ਸਿੱਖ ਲਿਖਾਰੀਆਂ ਨੇ ਵੀ ਇਹੀ ਸਾਧਨ ਅਪਣਾਉਂਦਿਆਂ ਗੁਰਮਤਿ ਤੇ ਗੁਰਬਾਣੀ ਅਤੇ ਗੁਰੂ ਸਾਹਿਬ 'ਤੇਹੀ ਉਟੰਕਣ ਸ਼ੁਰੂ ਕਰ ਦਿੱਤੇ। ਇਸ ਲੜੀ ਵਿਚ ਭਸੌੜੀਏ, ਭਾਗ ਸਿੰਘ ਮਿਸ਼ਨਰੀ ਅਤੇ ਕਾਲਾ ਅਫ਼ਗਾਨੀਏ ਚਰਚਿਤ ਰਹੇ। ਗੁਰੂ ਪੰਥ ਨੇ ਆਪਣੇ ਅਧਿਕਾਰ ਨੂੰ ਵਰਤਦਿਆਂ ਅਕਾਲ ਤਖਤ ਸਾਹਿਬ ਨੇ ਇਸ ਰੁਝਾਨ ਨੂੰ ਕਾਰਗਰ ਢੰਗ ਨਾਲ ਠੱਲ੍ਹ ਪਾਈ। ਇਸ ਦੇ ਮੁਕਾਬਲੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਮਾਸਟਰ ਤਾਰਾ ਸਿੰਘ, ਭਾਈ ਕਾਨ੍ਹ ਸਿੰਘ, ਗਿ. ਦਿੱਤ ਸਿੰਘ ਨੇ ਆਪਣੀਆਂ ਲਿਖਤਾਂ ਰਾਹੀਂ ਸੁਚੱਚੀ ਸੇਧ ਬਖਸ਼ੀ। ਸੋ ਲੋੜ ਇਸ ਗੱਲ ਦੀ ਹੈ ਕਿ ਇਸ ਪੰਥ ਘਾਤਕ ਬਿਰਤੀ ਨੂੰ ਸਖ਼ਤੀ ਨਾਲ ਰੋਕਿਆ ਜਾਏ। ਨਹੀਂ ਤਾਂ ਇਹ ਰੁਝਾਨ ਨਾ ਕੇਵਲ ਪੰਥ ਵਿਚ ਬਿਖਮਤਾ ਪੈਦਾ ਕਰੇਗਾ ਬਲਕਿ ਨਵੀਂ ਪਨੀਰੀ ਜੋ ਪਹਿਲਾਂ ਹੀ ਦੁਬਿਧਾ ਵਿੱਚੀਂ ਵਿਚਰ ਰਹੀ ਹੈ, ਉਸ ਨੂੰ ਧਰਮ ਤੋਂ ਹੋਰ ਦੂਰ ਲੈ ਜਾਏਗਾ।

## ਲਾਸ ਏਂਜਲਸ ਵਿਚ ਸਕੂਲਾਂ ਦੇ ਸਟਾਫ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਤਿੰਨ ਦਿਨਾ ਹੜਤਾਲ




ਲਾਸ ਏਂਜਲਸ ਵਿਚ ਸਕੂਲਾਂ ਦੇ ਸਟਾਫ਼ ਵੱਲੋਂ ਹੜਤਾਲ ਉਪਰੰਤ ਕੀਤੀ ਰੈਲੀ ਦਾ ਇਕ ਦ੍ਰਿਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸਰਵਿਸ ਇੰਪਲਾਈਜ ਇੰਟਰਨੈਸ਼ਨਲ ਯੂਨੀਅਨ ਜੋ ਲਾਸ ਏਂਜਲਸ ਦੇ ਸਕੂਲ ਕਸਟੋਡੀਅਨਾਂ,ਕੈਫਟੀਰੀਆ ਵਰਕਰਾਂ, ਬੱਸ ਡਰਾਇਵਰਾਂ ਤੇ ਹੋਰ ਸਹਾਇਕ ਸਟਾਫ਼ ਦੀ ਪ੍ਰਤੀਨਿੱਧਤਾ ਕਰਦੀ ਹੈ, ਵੱਲੋਂ ਡਿਸਟ੍ਰਿਕਟ ਟੀਚਰਾਂ ਦੇ ਸਮਰਥਨ ਨਾਲ ਤਿੰਨਾ ਦਿਨਾ ਹੜਤਾਲ ਸ਼ੁਰੂ ਕਰਨ ਤੇ ਰੈਲੀ ਕੱਢਣ ਦੀ ਰਿਪੋਰਟ ਹੈ। ਇਸ ਹੜਤਾਲ ਕਾਰਨ 5 ਲੱਖ ਤੋਂ ਵਧ ਵਿਦਿਆਰਥੀ ਪ੍ਰਭਾਵਿਤ ਹੋਏ ਹਨ। ਲਾਸ ਏਂਜਲਸ ਵਿਚ ਅਮਰੀਕਾ ਦਾ ਦੂਸਰਾ ਸਭ ਤੋਂ ਵੱਡਾ ਸਕੂਲ ਸਿਸਟਮ ਹੈ। ਯੂਨੀਅਨ ਦੇ ਮੈਂਬਰਾਂ ਨੇ ਠੰਡ ਤੇ ਬਾਰਿਸ਼ ਦੀ ਪਰਵਾਹ ਕੀਤੇ ਬਗੈਰ ਰੈਲੀ ਕੱਢੀ। ਪ੍ਰਦਰਸ਼ਕਾਰੀਆਂ ਨੇ ਵੱਖ ਵੱਖ ਤਰਾਂ ਦੇ ਮਾਟੋ ਚੁੱਕੇ ਹੋਏ ਸਨ ਜਿਨਾਂ ਵਿਚ ਮਜ਼ਦੂਰੀ ਵਧਾਉਣ ਸਮੇਤ ਆਪਣੀਆਂ ਹੋਰ ਮੰਗਾਂ ਦਾ ਜ਼ਿਕਰ ਕੀਤਾ ਗਿਆ ਸੀ। ਯੂਨੀਅਨ ਦੀਆਂ ਮੰਗਾਂ ਵਿਚ ਮਜ਼ਦੂਰੀ ਵਧਾਉਣਾ, ਪੂਰਾ ਸਮਾਂ ਕੰਮ ਦੇਣਾ, ਮਾਨ ਸਨਮਾਨ ਦੇਣਾ ਤੇ ਵਿਦਿਆਰਥੀਆਂ ਦੀ ਪੜਾਈ ਵਿਚ ਸੁਧਾਰ ਲਈ ਸਟਾਫ਼ ਵਧਾਉਣਾ ਸ਼ਾਮਿਲ ਹਨ। ਯੂਨਅਨ ਨੇ ਕਿਹਾ ਹੈ ਕਿ ਵਰਕਰਾਂ ਦੀ ਔਸਤ ਤਨਖਾਹ 25000 ਡਾਲਰ ਸਲਾਨਾ ਹੈ ਤੇ ਜਿਆਦਾਤਰ ਵਰਕਰ ਪਾਰਟ ਟਾਈਮ ਕੰਮ ਕਰਦੇ ਹਨ ਜਿਸ ਕਾਰਨ ਸਟਾਫ਼ ਦੀ ਘਾਟ ਰਹਿੰਦੀ ਹੈ। ਪ੍ਰਦਰਸ਼ਨ ਵਿਚ ਸ਼ਾਮਿਲ ਕਸਟੋਡੀਅਨ ਜੋਸ ਟੋਵਰ ਨੇ ਕਿਹਾ ਕਿ ਉਹ ਗਰੀਬੀ ਦੀ ਰੇਖਾ ਦੇ ਹੇਠਾਂ ਜੀਵਨ ਜੀ ਰਹੇ ਹਨ, ਅਸੀਂ ਹੋਰ  ਕੁਝ ਨਹੀਂ ਚਹੁੰਦੇ ਕੇਵਲ ਪਾਣੀ ਤੋਂ ਉਪਰ ਜੀਣਾ ਚਹੁੰਦੇ ਹਾਂ। ਵਿਦਿਆਰਥੀਆਂ ਦੇ ਮਾਪਿਆਂ ਨੇ ਹਾਲਾਂ ਕਿ ਪੜਾਈ ਦੇ ਹੋ ਰਹੇ ਨੁਕਸਾਨ 'ਤੇ ਨਾ ਖੁਸ਼ੀ ਜਾਹਿਰ ਕੀਤੀ ਹੈ ਪਰੰਤੂ ਸਕੂਲ ਸਟਾਫ਼ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ। ਕੁਝ ਮਾਪੇ ਵੀ ਪ੍ਰਦਰਸ਼ਨ ਵਿਚ ਸ਼ਾਮਿਲ ਹੋਏ।

## ਅਮਰੀਕਾ-ਕੈਨੇਡਾ ਸ਼ਰਨ ਸਮਝੌਤੇ ਤੇ ਹੋਏ ਸਹਿਮਤ, ਵੱਡੀ ਗਿਣਤੀ 'ਚ ਪ੍ਰਭਾਵਿਤ ਹੋਣਗੇ ਪ੍ਰਵਾਸੀ

ਓਟਾਵਾ/ਵਾਸ਼ਿੰਗਟਨ : ਇੱਕ ਮਹੱਤਵਪੂਰਨ ਕਦਮ ਦੇ ਤਹਿਤ ਅਮਰੀਕਾ ਅਤੇ ਕੈਨੇਡਾ ਵਿਚਾਲੇ ਦਹਾਕਿਆਂ ਪੁਰਾਣੇ ਸ਼ਰਨ ਸਮਝੌਤੇ 'ਤੇ ਸਹਿਮਤੀ ਬਣੀ ਹੈ ਜੋ ਕੁਝ ਪ੍ਰਵਾਸੀਆਂ ਨੂੰ ਕੈਨੇਡਾ ਵਿੱਚ ਸੁਰੱਖਿਆ ਦੀ ਮੰਗ ਕਰਨ ਤੋਂ ਰੋਕ ਦੇਵੇਗਾ। ਜੋਅ ਬਾਈਡੇਨ ਇਸ ਸਮੇਂ ਓਟਾਵਾ ਦੇ ਦੌਰੇ 'ਤੇ ਹਨ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸ਼ੁੱਕਰਵਾਰ ਨੂੰ ਇਸ ਸੌਦੇ 'ਤੇ ਰਸਮੀ ਸਾਂਝਾ ਬਿਆਨ ਦੇਣਗੇ। ਮੀਡੀਆ ਰਿਪੋਰਟਾਂ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ। ਨਵਾਂ ਯੂਐਸ-ਕੈਨੇਡਾ ਸਮਝੌਤਾ ਜਲਦੀ ਲਾਗੂ ਹੋ ਸਕਦਾ ਹੈ ਕਿਉਂਕਿ ਇਸ ਨੂੰ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ।

CNN ਦੀ ਰਿਪੋਰਟ ਦੇ ਮੁਤਾਬਕ 2002 ਵਿੱਚ ਦਸਤਖ਼ਤ ਕੀਤਾ ਗਿਆ, ਸੁਰੱਖਿਅਤ ਤੀਜੇ ਦੇਸ਼ ਦਾ ਸਮਝੌਤਾ ਉਹਨਾਂ ਵਿਅਕਤੀਆਂ 'ਤੇ ਲਾਗੂ ਹੁੰਦਾ ਹੈ ਜੋ ਕਿਸੇ ਅਜਿਹੇ ਦੇਸ਼ ਵਿੱਚੋਂ ਲੰਘੇ ਹਨ ਜਿੱਥੇ ਉਹ ਸ਼ਰਨ ਦਾ ਦਾਅਵਾ ਕਰ ਸਕਦੇ ਸਨ ਕਿਉਂਕਿ ਇਸ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ, ਜਿਵੇਂ ਕਿ ਸਮਝੌਤੇ ਦੇ ਨਾਮ ਦਾ ਮਤਲਬ ਹੈ। ਇੱਥੇ ਦੱਸ ਦਈਏ ਕਿ ਇਹ ਸਮਝੌਤਾ ਇੰਦਰਾਜ਼ ਦੇ ਬੰਦਰਗਾਹਾਂ 'ਤੇ ਪ੍ਰਭਾਵੀ ਹੈ ਅਤੇ ਪ੍ਰਵੇਸ਼ ਦੇ ਲੈਂਡ ਪੋਰਟ 'ਤੇ ਦਾਖਲ ਹੋਣ ਵਾਲੇ ਵਿਅਕਤੀ ਦਾਅਵਾ ਕਰਨ ਲਈ ਅਯੋਗ ਹੋ ਸਕਦੇ ਹਨ ਅਤੇ ਅਮਰੀਕਾ ਨੂੰ ਵਾਪਸ ਜਾ



ਸਕਦੇ ਹਨ। ਪਰ ਰੋਕਸਹੈਮ ਰੋਡ ਇੱਕ ਅਧਿਕਾਰਤ ਕ੍ਰਾਸਿੰਗ ਨਹੀਂ ਹੈ, ਮਤਲਬ ਕਿ ਉੱਥੇ ਜਾਣ ਵਾਲੇ ਲੋਕ ਕੈਨੇਡਾ ਵਿੱਚ ਸੁਰੱਖਿਆ ਦੀ ਮੰਗ ਕਰ ਸਕਦੇ ਹਨ ਭਾਵੇਂ ਉਹ ਅਮਰੀਕਾ ਵਿੱਚੋਂ ਲੰਘਦੇ ਹਨ। ਬੀਬੀਸੀ ਨੇ ਮੀਡੀਆ ਨੂੰ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਸੌਦੇ ਦੇ ਹਿੱਸੇ ਵਜੋਂ ਕੈਨੇਡਾ ਦੱਖਣੀ ਅਤੇ ਮੱਧ ਅਮਰੀਕਾ ਵਿੱਚ ਅਤਿਆਚਾਰ ਅਤੇ ਹਿੰਸਾ ਤੋਂ ਭੱਜਣ ਵਾਲੇ 15,000 ਪ੍ਰਵਾਸੀਆਂ ਲਈ ਇੱਕ ਨਵਾਂ ਸ਼ਰਨਾਰਥੀ ਪ੍ਰੋਗਰਾਮ ਤਿਆਰ ਕਰੇਗਾ। ਇਸ ਸੌਦੇ ਤੋਂ ਇਲਾਵਾ ਬਾਈਡੇਨ ਅਤੇ ਟਰੂਡੋ ਆਰਥਿਕ ਅਤੇ ਵਪਾਰਕ ਮੁੱਦਿਆਂ ਬਾਰੇ ਵੀ ਗੱਲ ਕਰਨਗੇ। ਵੀਰਵਾਰ ਨੂੰ CNN ਨਾਲ ਗੱਲ ਕਰਦੇ ਹੋਏ ਕੈਨੇਡੀਅਨ ਨੇਤਾ ਜਸਟਿਨ ਟਰੂਡੋ ਨੇ ਕਿਹਾ ਕਿ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅਸੀਂ ਜ਼ਿੰਮੇਵਾਰ ਢੰਗ ਨਾਲ ਕੰਮ ਕਰ ਰਹੇ ਹਾਂ। ਇਸ ਦੌਰਾਨ ਇੱਕ ਹੋਮਲੈਂਡ ਸਿਕਿਓਰਿਟੀ ਅਧਿਕਾਰੀ ਦੇ ਅਨੁਸਾਰ ਅਮਰੀਕੀ ਅਧਿਕਾਰੀਆਂ ਨੇ ਪ੍ਰੋਸੈਸਿੰਗ ਲਈ ਕੈਨੇਡਾ ਤੋਂ ਅਮਰੀਕਾ ਵਿੱਚ ਟੈਕਸਾਸ ਜਾਣ ਵਾਲੇ ਪ੍ਰਵਾਸੀਆਂ ਨੂੰ ਭੇਜਣਾ ਸ਼ੁਰੂ ਕਰ ਦਿੱਤਾ ਹੈ। ਯੂਐਸ ਬਾਰਡਰ ਪੈਟਰੋਲ ਨੇ ਹਾਲ ਹੀ ਵਿੱਚ ਉੱਤਰੀ ਖੇਤਰ ਵਿੱਚ ਇੱਕ ਇਤਿਹਾਸਕ ਵੱਡੀ ਗਿਣਤੀ ਵਿੱਚ ਪ੍ਰਵਾਸੀ ਕਰਾਸਿੰਗ ਦੇਖੇ ਹਨ, ਜਿਸ ਨੇ ਏਜੰਸੀ ਨੂੰ ਸਹਾਇਤਾ ਲਈ ਇਸ ਖੇਤਰ ਵਿੱਚ ਵਾਧੂ ਅਧਿਕਾਰੀ ਭੇਜਣ ਲਈ ਪ੍ਰੇਰਿਤ ਕੀਤਾ ਹੈ। ਸਵਾਂਟਨ ਸੈਕਟਰ, ਜੋ ਕਿ ਯੂਐਸ-ਕੈਨੇਡਾ ਸਰਹੱਦ ਦੇ ਨਾਲ ਲਗਭਗ 24,000 ਵਰਗ ਮੀਲ ਨੂੰ ਕਵਰ ਕਰਦਾ ਹੈ, ਵਿੱਚ ਅਮਰੀਕਾ ਦੀ ਦੱਖਣੀ ਸਰਹੱਦ ਦੇ ਨਾਲ ਸੈਕਟਰਾਂ ਨਾਲੋਂ ਘੱਟ ਕਰਮਚਾਰੀ ਹਨ ਅਤੇ ਸਰਹੱਦੀ ਕ੍ਰਾਸਿੰਗਾਂ ਵਿੱਚ ਵਾਧੇ ਕਾਰਨ ਹਾਵੀ ਹੋ ਗਿਆ ਹੈ

## ਗੋਲੀਬਾਰੀ ਨਾਲ ਫਿਰ ਦਹਿਲਿਆ ਅਮਰੀਕਾ, ਸਕੂਲ 'ਚ ਫਾਇਰਿੰਗ, 3 ਬੱਚਿਆਂ ਸਮੇਤ 7 ਦੀ ਮੌਤ

ਨੈਸ਼ਵਿਲੇ : ਅਮਰੀਕਾ 'ਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਅਮਰੀਕਾ ਦੇ ਸ਼ਹਿਰ ਨੈਸ਼ਵਿਲੇ 'ਚ ਸੋਮਵਾਰ ਸਵੇਰੇ ਇਕ ਨਿੱਜੀ ਕ੍ਰਿਸਚੀਅਨ ਸਕੂਲ ਵਿੱਚ ਹੋਈ ਗੋਲੀਬਾਰੀ ਦੌਰਾਨ 3 ਵਿਦਿਆਰਥੀਆਂ ਸਮੇਤ 7 ਲੋਕਾਂ ਦੀ ਮੌਤ ਹੋ ਗਈ। ਹਮਲਾਵਰ ਇਕ ਔਰਤ ਸੀ, ਜਿਸ ਨੂੰ ਮੌਕੇ 'ਤੇ ਪੁਲਸ ਨੇ ਗੋਲੀ ਮਾਰ ਦਿੱਤੀ। ਸਾਰਿਆਂ ਦੀ ਮੌਤ ਗੋਲ ?ੀ ਲੱਗਣ ਨਾਲ ਹੋਈ ਹੈ। ਇਹ ਹਮਲਾ ਕਾਨਵੈਂਟ ਸਕੂਲ 'ਚ ਹੋਇਆ। ਦੱਸਿਆ ਜਾ ਰਿਹਾ ਹੈ ਕਿ ਗੋਲੀਬਾਰੀ ਤੋਂ ਬਾਅਦ ਬੱਚਿਆਂ ਦੀਆਂ ਲਾਸ਼ਾਂ ਨੂੰ ਸਥਾਨਕ ਵੈਂਡਰਬਿਲਟ ਦੇ ਮੋਨਰੋ ਕੈਰੇਲ ਜੂਨੀਅਰ ਚਿਲਡਰਨ ਹਸਪਤਾਲ 'ਚ ਭੇਜਿਆ ਗਿਆ। ਹਸਪਤਾਲ ਦੇ ਬੁਲਾਰੇ ਜੌਨ ਹਾਉਸਰ ਨੇ ਦੱਸਿਆ ਕਿ ਹਸਪਤਾਲ ਪਹੁੰਚਦੇ ਹੀ ਡਾਕਟਰ ਨੇ ਤਿੰਨੋਂ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ।

## ਭਾਰਤੀ ਅਮਰੀਕੀ ਨੀਲ ਮਾਖੀਜਾ ਵੱਲੋਂ ਪੈਨਸਿਲਵਾਨੀਆ ਵਿੱਚ ਕਮਿਸ਼ਨਰ ਦੀ ਚੋਣ ਲੜਣ ਦਾ ਐਲਾਨ

ਸੈਕਰਾਮੈਂਟੋ , ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਮੂਲ ਦੇ ਅਮਰੀਕੀ ਵਕੀਲ ਤੇ ਸਿੱਖਿਆ ਸ਼ਾਸ਼ਤਰੀ ਨੀਲ ਮਾਖੀਜਾ ਨੇ ਪੈਨਸਿਲਵਾਨੀਆ ਰਾਜ ਦੀ ਤੀਸਰੀ ਸਭ ਤੋਂ ਵੱਡੀ ਕਾਊਂਟੀ ਮੌਂਟਗੋਮਰੀ ਦੇ ਕਮਿਸ਼ਨਰ ਦੀ 16 ਮਈ ਨੂੰ ਹੋ ਰਹੀ ਮੁੱਢਲੀ ਚੋਣ ਲੜਨ ਦਾ ਐਲਾਨ ਕੀਤਾ ਹੈ। ਮੌਂਟਗੋਮਰੀ ਕਾਊਂਟੀ ਦੀ 8,65,000 ਆਬਾਦੀ ਹੈ। 36 ਸਾਲਾ ਮੁਖਰਜੀ ਯਨੀਵਰਸਿਟੀ ਆਫ ਪੈਨਸਿਲਵਾਨੀਆ ਵਿਖੇ ਲਾਅ ਪ੍ਰੋਫੈਸਰ ਹਨ। ਜੇਕਰ ਉਹ ਚੋਣ ਜਿੱਤ ਜਾਂਦੇ ਹਨ ਤਾਂ ਉਹ ਮੌਂਟਗੋਮਰੀ ਕਾਊਂਟੀ ਵਿਚ ਇਸ ਅਹੁੱਦੇ ਉਪਰ ਪੁੱਜਣ ਵਾਲੇ ਪਹਿਲੇ ਦੱਖਣੀ ਏਸ਼ਆਈ ਹੋਣਗੇ। ਮਾਖੀਜਾ ਜੋ ਭਾਰਤ ਦੇ ਸਿੰਧੀ ਪਰਿਵਾਰ ਨਾਲ ਸਬੰਧਿਤ ਹਨ, ਨੇ ਹਾਲ ਹੀ ਵਿਚ ਚੋਣ ਲੜਣ ਲਈ ਇੰਪੈਕਟ ਜੋ ਪ੍ਰਮੁੱਖ ਸਾਊਥ ਏਸ਼ੀਅਨ ਸਿਵਲ ਆਰਗੇਨਾਈਜੇਸ਼ਨ ਹੈ, ਦੇ ਕਾਰਜਕਾਰੀ ਡਾਇਰੈਕਟਰ ਦੇ ਅਹੁਦੇ ਤੋਂ ਫਾਰਗ ਹੋਣ ਦਾ ਐਲਾਨ ਕੀਤਾ ਹੈ।



# ਪੇਂਟਾਗਨ ਦੀ ਚੇਤਾਵਨੀ : ਚੀਨ ਦੇ ਨਾਲ ਬਣ ਰਹੇ ਜੰਗ ਦੇ ਹਾਲਾਤ, ਅਮਰੀਕਾ ਰਹੇ ਤਿਆਰ

ਵਾਸ਼ਿੰਗਟਨ : ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੇਂਟਾਗਨ ਨੇ ਚੀਨ ਦੇ ਨਾਲ ਬਣ ਰਹੇ ਜੰਗ ਦੇ ਹਾਲਾਤ ਨੂੰ ਲੈ ਕੇ ਚਿਤਾਵਨੀ ਦਿੰਦੇ ਹੋਏ ਅਮਰੀਕਾ ਨੂੰ ਹਰ ਸਥਿਤੀ ਤੋਂ ਨਿਪਟਣ ਲਈ ਤਿਆਰ ਰਹਿਣ ਨੂੰ ਕਿਹਾ ਹੈ। ਪੇਂਟਾਗਨ ਦੇ ਅਧਿਕਾਰੀਆਂ ਨੇ ਵੀਰਵਾਰ ਨੂੰ ਕਿਹਾ ਕਿ ਚੀਨ ਦੇ ਨਾਲ ਸੰਭਾਵਿਤ ਟਕਰਾਅ ਲਈ ਅਮਰੀਕਾ ਦੀ ਫੌਜ ਨੂੰ ਤਿਆਰ ਰਹਿਣਾ ਚਾਹੀਦਾ ਹੈ। ਪੇਂਟਾਗਨ ਨੇ ਕਾਂਗਰਸ ਤੋਂ ਰੱਖਿਆ ਵਿਭਾਗ ਲਈ 842 ਅਰਬ ਡਾਲਰ ਦੇ ਬਜਟ ਨੂੰ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਏਸ਼ੀਆ ਅਤੇ ਦੁਨੀਆ ਦੇ ਵੱਖ-ਵੱਖ ਖੇਤਰਾਂ 'ਚ ਅਮਰੀਕੀ ਫੌਜ ਨੂੰ ਮਜ਼ਬੂਤ ਕੀਤਾ ਜਾ ਸਕੇ। ਅਮਰੀਕਾ ਦੇ ਰੱਖਿਆ ਮੰਤਰੀ ਲੋਇਡ ਆਸਟਿਨ ਨੇ ਰੱਖਿਆ ਮਾਮਲਿਆਂ 'ਤੇ ਨਿਯੋਜਨ ਸਬ ਕਮੇਟੀ ਦੇ ਸਾਹਮਣੇ ਆਪਣੇ ਇਕ ਬਿਆਨ 'ਚ ਕਿਹਾ ਕਿ ਇਹ ਇਕ ਰਣਨੀਤੀ-ਸੰਚਾਲਿਤ ਬਜਟ ਹੈ ਜੋ ਚੀਨ ਦੇ ਨਾਲ ਸਾਡੀ ਰਣਨੀਤਿਕ ਮੁਕਾਬਲੇ ਦੀ ਗੰਭੀਰਤਾ ਤੋਂ ਪ੍ਰੇਰਿਤ ਹੈ। ਤਾਇਵਾਨ ਸਮੇਤ ਦੱਖਣੀ ਚੀਨ ਸਾਗਰ 'ਤੇ ਕਬਜ਼ਾ ਕਰਨ ਦੀ ਤਾਕ 'ਚ ਲੱਗੇ ਚੀਨ ਨੂੰ ਕਰਾਰਾ ਜਵਾਬ ਦੇਣ ਲਈ ਅਮਰੀਕੀ ਫੌਜ 4 ਨਵੇਂ ਫੌਜੀ ਅੱਡੇ ਬਣਾਉਣ ਜਾ ਰਹੀ ਹੈ।



ਇਹ ਅਮਰੀਕੀ ਫੌਜੀ ਅੱਡੇ ਦੱਖਣੀ ਚੀਨ ਸਾਗਰ 'ਚ ਸਥਿਤ ਫਿਲੀਪੀਨਸ ਦੇ ਦੀਪਾਂ 'ਤੇ ਬਣਾਏ ਜਾਣਗੇ ਜੋ ਚੀਨ ਅਤੇ ਤਾਇਵਾਨ ਦੇ ਬੇਹੱਦ ਕਰੀਬ ਸਥਿਤ ਹਨ। ਫਿਲੀਪੀਂਸ ਦੇ ਰਾਸ਼ਟਰਪਤੀ ਫੇਰਡਿਨਾਂਦ ਮਾਰਕੋਸ ਜੂਨੀਅਰ ਨੇ ਬੁੱਧਵਾਰ ਨੂੰ ਇਨ੍ਹਾਂ ਅਮਰੀਕੀ ਫੌਜੀ ਅੱਡਿਆਂ ਦਾ ਐਲਾਨ ਕੀਤਾ ਸੀ। ਫਿਲੀਪੀਨਜ਼ ਨੇ ਅਮਰੀਕਾ ਦੇ ਨਾਲ ਇੱਕ ਨਵੇਂ ਰੱਖਿਆ ਸਮਝੌਤੇ 'ਤੇ ਹਸਤਾਖ਼ਰ ਕੀਤਾ ਹੈ ਅਤੇ ਇਸ ਦੇ ਤਹਿਤ ਇਹ ਨਵੇਂ ਅਮਰੀਕੀ ਅੱਡੇ ਬਣਾਏ ਜਾ ਰਹੇ ਹਨ। ਇਨ੍ਹਾਂ ਅਮਰੀਕੀ ਅੱਡਿਆਂ 'ਚੋਂ ਇਕ ਉਸ ਟਾਪੂ ਦੇ ਨੇੜੇ ਹੋਵੇਗਾ ਜਿਸ ਨੂੰ ਲੈ ਕੇ ਚੀਨ ਅਤੇ ਫਿਲੀਪੀਨਜ਼ ਦੇ ਵਿਚਾਲੇ ਤਣਾਅ ਹੈ। ਪਿਛਲੇ ਮਹੀਨੇ ਹੀ ਮਾਰਕੋਸ ਨੇ ਅਮਰੀਕਾ ਨੂੰ 4 ਨਵੀਆਂ ਥਾਵਾਂ 'ਤੇ ਅੱਡੇ ਬਣਾਉਣ ਦੀ ਮਨਜ਼ੂਰੀ ਦਿੱਤੀ ਸੀ। ਅਮਰੀਕਾ ਦੇ ਅਜੇ 5 ਫੌਜੀ ਅੱਡੇ ਫਿਲੀਪੀਨਜ਼ 'ਚ ਮੌਜੂਦ ਹਨ। ਫਿਲੀਪੀਨਜ਼ ਨੇ ਇਹ ਕਦਮ ਅਜਿਹੇ ਸਮੇਂ 'ਚ ਚੁੱਕਿਆ ਹੈ ਜਦੋਂ ਚੀਨ ਇਸ ਖੇਤਰ 'ਚ ਬਹੁਤ ਹੀ ਆਕਰਾਮਕ ਹੋ ਗਿਆ ਹੈ। ਚੀਨ ਨੇ ਦੱਖਣੀ ਚੀਨ ਸਾਗਰ 'ਚ ਕਈ ਨਕਲੀ ਟਾਪੂ ਬਣਾ ਲਏ ਹਨ ਅਤੇ ਉਨ੍ਹਾਂ 'ਤੇ ਮਿਜ਼ਾਈਲਾਂ ਤੋਂ ਲੈ ਕੇ ਲੜਾਕੂ ਜਹਾਜ਼ਾਂ ਤੱਕ ਸਭ ਕੁਝ ਤਾਇਨਾਤ ਕੀਤਾ ਹੋਇਆ ਹੈ।

# ਰਾਹੁਲ ਗਾਂਧੀ ਦੇ ਮਾਨਹਾਨੀ ਕੇਸ 'ਤੇ ਅਮਰੀਕਾ ਰੱਖ ਰਿਹਾ ਨਜ਼ਰ





ਵਾਸ਼ਿੰਗਟਨ : ਅਮਰੀਕੀ ਵਿਦੇਸ਼ ਵਿਭਾਗ ਦੇ ਮੁੱਖ ਉਪ ਬੁਲਾਰੇ ਵੇਦਾਂਤ ਪਟੇਲ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਭਾਰਤੀ ਅਦਾਲਤਾਂ 'ਚ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਮਾਮਲੇ ਦੀ ਜਾਂਚ ਕਰ ਰਿਹਾ ਹੈ। ਪੀ. ਟੀ. ਆਈ. ਮੁਤਾਬਕ ਉਨ੍ਹਾਂ ਕਿਹਾ ਕਿ ਅਮਰੀਕਾ ਪ੍ਰਗਟਾਵੇ ਦੀ ਆਜ਼ਾਦੀ, ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਤੇ ਲੋਕਤੰਤਰੀ ਸਿਧਾਂਤਾਂ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਲੈ ਕੇ ਭਾਰਤ ਦੇ ਨਾਲ ਹੈ।

ਨਿਊਜ਼ ਏਜੰਸੀ ਮੁਤਾਬਕ ਉਨ੍ਹਾਂ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਕਾਨੂੰਨ ਦੇ ਸ਼ਾਸਨ ਤੇ ਨਿਆਇਕ ਆਜ਼ਾਦੀ ਦਾ ਸਨਮਾਨ ਕਿਸੇ ਵੀ ਲੋਕਤੰਤਰ ਦੀ ਨੀਂਹ ਹੈ। ਅਸੀਂ ਭਾਰਤੀ ਅਦਾਲਤਾਂ 'ਚ ਰਾਹੁਲ ਗਾਂਧੀ ਦੇ ਕੇਸ ਦੀ ਜਾਂਚ ਕਰ ਰਹੇ ਹਾਂ। ਇਕ ਸਵਾਲ ਦੇ ਜਵਾਬ 'ਚ ਪਟੇਲ ਨੇ ਕਿਹਾ ਕਿ ਜਿਥੇ ਅਮਰੀਕਾ ਨਾਲ ਦੁਵੱਲੇ ਸਬੰਧ ਹਨ, ਉਥੇ ਕਿਸੇ ਵੀ ਦੇਸ਼ 'ਚ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨਾਲ ਜੁੜਨਾ ਸੁਭਾਵਿਕ ਹੈ।

ਸੂਰਤ ਦੀ ਸੈਸ਼ਨ ਕੋਰਟ ਨੇ 23 ਮਾਰਚ ਨੂੰ ਰਾਹੁਲ ਗਾਂਧੀ ਨੂੰ ਕਰਨਾਟਕ 'ਚ ਇਕ ਚੋਣ ਰੈਲੀ ਦੌਰਾਨ ਉਨ੍ਹਾਂ ਦੀ 'ਮੋਦੀ ਸਰਨੇਮ' ਟਿੱਪਣੀ ਨੂੰ ਲੈ ਕੇ ਮਾਨਹਾਨੀ ਦੇ ਇਕ ਮਾਮਲੇ 'ਚ ਦੋ ਸਾਲ ਦੀ ਸਜ਼ਾ ਸੁਣਾਈ ਸੀ। ਇਸ ਮਾਮਲੇ 'ਚ ਸੂਰਤ ਪੱਛਮੀ ਤੋਂ ਭਾਜਪਾ ਵਿਧਾਇਕ ਪੂਰਨੇਸ਼ ਮੋਦੀ ਨੇ ਰਾਹੁਲ 'ਤੇ ਮਾਨਹਾਨੀ ਦਾ ਕੇਸ ਦਰਜ ਕਰਵਾਇਆ ਸੀ। ਉਨ੍ਹਾਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਇਕ ਦਿਨ ਬਾਅਦ ਲੋਕ ਸਭਾ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਸੀ।

ਅਯੋਗ ਠਹਿਰਾਏ ਜਾਣ ਤੋਂ ਤਿੰਨ ਦਿਨਾਂ ਬਾਅਦ ਵਿਰੋਧੀ ਪਾਰਟੀਆਂ ਨੇ ਨਰਿੰਦਰ ਮੋਦੀ ਸਰਕਾਰ ਵਿਰੁੱਧ ਆਪਣਾ ਹਮਲਾ ਤੇਜ਼ ਕਰ ਦਿੱਤਾ ਤੇ ਸੋਮਵਾਰ ਨੂੰ 'ਲੋਕਤੰਤਰ ਲਈ ਕਾਲੇ ਦਿਨ' ਵਜੋਂ ਮਨਾਇਆ। ਇਸ ਦੇ ਨਾਲ ਹੀ ਭਾਜਪਾ ਨੇ ਸੰਸਦ 'ਚ ਵਿਰੋਧੀ ਧਿਰ ਦੇ ਹੰਗਾਮੇ ਦੀ ਨਿੰਦਿਆ ਕੀਤੀ। ਕਾਂਗਰਸ 'ਤੇ ਓ. ਬੀ. ਸੀ. ਭਾਈਚਾਰੇ ਵਿਰੁੱਧ ਗਾਂਧੀ ਦੀਆਂ ਟਿੱਪਣੀਆਂ ਨੂੰ ਜਾਇਜ਼ ਠਹਿਰਾਉਣ ਲਈ ਨੀਵੇਂ ਪੱਧਰ ਦੀ ਸਿਆਸਤ ਖੇਡਣ ਦਾ ਦੋਸ਼ ਲਾਇਆ।

ਦੂਜੇ ਪਾਸੇ ਵੇਦਾਂਤ ਪਟੇਲ ਨੇ ਭਾਰਤ ਦੇ ਰਾਜਦੂਤ ਤੇ ਪੱਤਰਕਾਰ 'ਤੇ ਖ਼ਾਲਿਸਤਾਨੀ ਸਮਰਥਕਾਂ ਵਲੋਂ ਕੀਤੇ ਗਏ ਹਮਲੇ 'ਤੇ ਕਿਹਾ ਕਿ ਅਮਰੀਕਾ 'ਚ ਕੂਟਨੀਤਕ ਸਹੂਲਤਾਂ ਤੇ ਕਰਮਚਾਰੀਆਂ 'ਤੇ ਹਿੰਸਾ ਜਾਂ ਹਿੰਸਾ ਦੀ ਧਮਕੀ ਚਿੰਤਾ ਦਾ ਵਿਸ਼ਾ ਹੈ ਤੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸੀਂ ਇਨ੍ਹਾਂ ਸਹੂਲਤਾਂ ਤੇ ਇਨ੍ਹਾਂ ਦੇ ਅੰਦਰ ਕੰਮ ਕਰਨ ਵਾਲੇ ਡਿਪਲੋਮੈਟਾਂ ਦੀ ਸੁਰੱਖਿਆ ਲਈ ਸਾਰੇ ਢੁਕਵੇਂ ਕਦਮ ਚੁੱਕਣ ਲਈ ਵਚਨਬੱਧ ਹਾਂ। ਇਸ ਤੋਂ ਇਲਾਵਾ ਪੱਤਰਕਾਰਾਂ 'ਤੇ ਹਮਲੇ ਵੀ ਬਰਦਾਸ਼ਤ ਨਹੀਂ ਹਨ।"

# ਏਅਰ ਸਟਰਾਈਕ ਮਗਰੋਂ ਬਾਈਡੇਨ ਦੀ ਈਰਾਨ ਨੂੰ ਚੇਤਾਵਨੀ, ਅਮਰੀਕਾ ਆਪਣੇ ਲੋਕਾਂ ਦੀ ਰੱਖਿਆ ਲਈ ਤਿਆਰ

ਵਾਸ਼ਿੰਗਟਨ : ਉੱਤਰ-ਪੂਰਬੀ ਸੀਰੀਆ 'ਚ ਗਠਜੋੜ ਫੌਜੀ ਅੱਡੇ 'ਤੇ ਵੀਰਵਾਰ ਨੂੰ ਕੀਤੇ ਗਏ ਸ਼ੱਕੀ ਈਰਾਨੀ ਡਰੋਨ ਹਮਲੇ 'ਚ ਇਕ ਅਮਰੀਕੀ ਠੇਕੇਦਾਰ ਦੀ ਮੌਤ ਅਤੇ 5 ਅਮਰੀਕੀ ਫ਼ੌਜੀ ਅਤੇ ਇਕ ਹੋਰ ਠੇਕੇਦਾਰ ਦੇ ਜ਼ਖ਼ਮੀ ਹੋ ਜਾਣ ਤੋਂ ਬਾਅਦ ਅਮਰੀਕਾ ਨੇ ਵੀ ਸੀਰੀਆ 'ਤੇ ਜਵਾਬੀ ਕਾਰਵਾਈ ਕਰਦੇ ਹੋਏ ਹਵਾਈ ਹਮਲੇ ਕੀਤੇ।

ਈਰਾਨੀ ਲੜਾਕਿਆਂ 'ਤੇ ਹਮਲੇ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਈਰਾਨ ਨੂੰ ਚੇਤਾਵਨੀ ਵੀ ਦਿੱਤੀ ਹੈ। ਬਾਈਡੇਨ ਨੇ ਕਿਹਾ ਹੈ ਕਿ ਉਹ ਅਮਰੀਕੀ ਨਾਗਰਿਕਾਂ ਦੀ ਰੱਖਿਆ ਲਈ ਜ਼ਬਰਦਸਤ ਕਾਰਵਾਈ ਕਰਨ ਲਈ ਤਿਆਰ ਹੈ। ਸਰਕਾਰੀ ਦੌਰੇ 'ਤੇ ਕੈਨੇਡਾ ਗਏ ਬਾਈਡੇਨ ਨੇ ਮਾਰੇ ਗਏ ਅਮਰੀਕੀ ਦੇ ਪਰਿਵਾਰ ਪ੍ਰਤੀ ਡੂੰਘੀ ਹਮਦਰਦੀ ਪ੍ਰਗਟ ਕੀਤੀ ਹੈ। ਬਾਈਡੇਨ ਨੇ ਕਿਹਾ ਕਿ ਅਮਰੀਕਾ ਈਰਾਨ ਨਾਲ ਸੰਘਰਸ਼ ਨਹੀਂ ਚਾਹੁੰਦਾ ਪਰ ਅਮਰੀਕਾ ਆਪਣੇ ਲੋਕਾਂ ਦੀ ਰੱਖਿਆ ਲਈ ਜ਼ਬਰਦਸਤ ਕਾਰਵਾਈ ਕਰਨ ਲਈ ਤਿਆਰ ਹੈ।

ਅਮਰੀਕੀ ਰੱਖਿਆ ਮੰਤਰੀ ਲੋਇਡ ਆਸਟਿਨ ਨੇ ਵੀਰਵਾਰ ਦੇਰ ਰਾਤ ਜਾਰੀ ਇਕ ਬਿਆਨ ਵਿਚ ਕਿਹਾ ਕਿ ਅਮਰੀਕੀ ਕੇਂਦਰੀ ਕਮਾਂਡ ਬਲਾਂ ਨੇ ਜਵਾਬੀ ਕਾਰਵਾਈ ਦੇ ਤੌਰ 'ਤੇ ਈਰਾਨ ਦੇ ਰੈਵੋਲਿਊਸ਼ਨਰੀ ਗਾਰਡ ਨਾਲ ਜੁੜੇ ਸਮੂਹਾਂ ਵੱਲੋਂ ਪੂਰਬੀ ਸੀਰੀਆ ਵਿਚ ਇਸਤੇਮਾਲ ਕੀਤੇ ਜਾਣ ਵਾਲੇ ਅੱਡਿਆਂ 'ਤੇ 'ਸਟੀਕ ਹਵਾਈ ਹਮਲੇ' ਕੀਤੇ। ਰੱਖਿਆ ਵਿਭਾਗ ਨੇ ਕਿਹਾ ਕਿ ਖੁਫੀਆ ਕਮਿਊਨਿਟੀ ਨੇ ਪਤਾ ਲਗਾਇਆ ਹੈ ਕਿ ਮਨੁੱਖ ਰਹਿਤ ਡਰੋਨ ਈਰਾਨੀ ਮੂਲ ਦਾ ਸੀ।




# ਅਡਾਨੀ ਮਸਲਾ: ਵਿਰੋਧੀ ਧਿਰਾਂ ਵੱਲੋਂ ਸੰਸਦ ਤੋਂ ਵਿਜੈ ਚੌਕ ਤੱਕ ਰੋਸ ਮਾਰਚ

**• ਕਾਲੇ ਕੱਪੜੇ ਪਾ ਕੇ ਵਿਜੈ ਚੌਕ ਵਿੱਚ ਦਿੱਤਾ ਧਰਨਾ • ਰਾਹੁਲ ਨੂੰ ਅਯੋਗ ਠਹਿਰਾਉਣ ਵਿਰੁੱਧ ਵੀ ਰੋਸ ਪ੍ਰਗਟਾਇਆ**

ਨਵੀਂ ਦਿੱਲੀ : ਕਾਲੇ ਕੱਪੜੇ ਪਾਈ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਅਡਾਨੀ ਮਸਲੇ ਅਤੇ ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਕਰਾਰ ਦਿੱਤੇ ਜਾਣ ਖਿਲਾਫ਼ ਅੱਜ ਸੰਸਦ ਤੋਂ ਵਿਜੈ ਚੌਕ ਤੱਕ ਰੋਸ ਮਾਰਚ ਕੱਢਿਆ। ਪ੍ਰਦਰਸ਼ਨਕਾਰੀ ਮੈਂਬਰਾਂ, ਜਿਨ੍ਹਾਂ ਵਿੱਚ ਕਾਂਗਰਸ ਆਗੂ ਸੋਨੀਆ ਗਾਂਧੀ ਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਵੀ ਸ਼ਾਮਲ ਸਨ, ਸੰਸਦੀ ਅਹਾਤੇ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਨੇੜੇ ਇਕੱਤਰ ਹੋਏ ਤੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਮੈਂਬਰਾਂ ਨੇ ਹੱਥਾਂ ਵਿੱਚ 'ਸਤਯਮੇਵ ਜਯਤੇ' ਦੇ ਬੈਨਰ ਤੇ ਤਖਤੀਆਂ, ਜਿਨ੍ਹਾਂ 'ਤੇ 'ਜਮਹੂਰੀਅਤ ਨੂੰ ਬਚਾਓ' ਲਿਖਿਆ ਹੋਇਆ ਸੀ, ਫੜ੍ਹੀਆਂ ਸਨ। ਮੈਂਬਰਾਂ ਨੇ ਵਿਜੈ ਚੌਕ ਵਿੱਚ ਧਰਨਾ ਵੀ ਦਿੱਤਾ।

ਸ੍ਰੀ ਖੜਗੇ ਨੇ ਵਿਜੈ ਚੌਕ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਪਿਛਲੇ ਕੁਝ ਸਾਲਾਂ ਵਿੱਚ ਅਡਾਨੀ ਦੀ ਦੌਲਤ ਵਿਚ ਤੇਜ਼ੀ ਨਾਲ ਇਜ਼ਾਫਾ ਕਿਵੇਂ ਹੋਇਆ ਹੈ। ਜਦੋਂ ਤੁਸੀਂ (ਮੋਦੀ) ਵਿਦੇਸ਼ੀ ਮੁਲਕਾਂ ਵਿੱਚ ਜਾਂਦੇ ਹੋ, ਤੁਸੀਂ ਕਿੰਨੀ ਵਾਰ ਸਨਅਤਕਾਰ ਨੂੰ ਆਪਣੇ ਨਾਲ ਲੈ ਕੇ ਗਏ ਹੋ। ਪ੍ਰਧਾਨ ਮੰਤਰੀ, ਅਡਾਨੀ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਦੇਣ ਵਿੱਚ ਨਾਕਾਮ ਰਹੇ ਹਨ।" ਉਨ੍ਹਾਂ ਕਿਹਾ, "ਅਸੀਂ ਇਸ ਮੁੱਦੇ 'ਤੇ ਜੇਪੀਸੀ ਚਾਹੁੰਦੇ ਹਾਂ।






ਸਰਕਾਰ ਇਸ 'ਤੇ ਸਹਿਮਤੀ ਕਿਉਂ ਨਹੀਂ ਦੇ ਰਹੀ? ਤੁਸੀਂ ਜੇਪੀਸੀ ਜਾਂਚ ਤੋਂ ਕਿਉਂ ਡਰਦੇ ਹੋ...ਇਸ ਦਾ ਮਤਲਬ ਹੈ ਕਿ 'ਦਾਲ ਵਿੱਚ ਕੁਝ ਕਾਲਾ ਹੈ।' ਚੇਤੇ ਰਹੇ ਕਿ ਵਿਰੋਧੀ ਧਿਰਾਂ ਅਡਾਨੀ ਸਮੂਹ 'ਤੇ ਲੱਗੇ ਕਾਰਪੋਰੇਟ ਧੋਖਾਧੜੀ ਤੇ ਸ਼ੇਅਰਾਂ ਦੀ ਵੇਟ-ਵੱਚ ਵਿੱਚ ਹੇਰਾਫੇਰੀ ਦੇ ਦੋਸ਼ਾਂ ਦੀ ਸਾਂਝੀ ਸੰਸਦੀ ਕਮੇਟੀ ਤੋਂ ਜਾਂਚ ਕਰਵਾਏ ਜਾਣ ਦੀ ਮੰਗ ਕਰ ਰਹੀਆਂ ਹਨ। ਖੜਗੇ ਨੇ ਸੰਸਦ ਮੈਂਬਰ ਵਜੋਂ ਰਾਹੁਲ ਗਾਂਧੀ ਨੂੰ ਅਯੋਗ ਠਹਿਰਾਏ ਜਾਣ ਦਾ ਮੁੱਦਾ ਵੀ ਚੁੱਕਿਆ। ਉਨ੍ਹਾਂ ਕਿਹਾ, "ਤੁਸੀਂ ਰਾਹੁਲ ਗਾਂਧੀ ਨੂੰ ਬਦਨਾਮ ਕਰਨਾ ਚਾਹੁੰਦੇ ਹੋ, ਇਹੀ ਵਜ ?ਹਾ ਹੈ ਕਿ ਤੁਸੀਂ ਸਬੰਧਤ ਕੇਸ ਗੁਜਰਾਤ ਵਿੱਚ ਤਬਦੀਲ ਕੀਤਾ...ਜਦੋਂਕਿ ਟਿੱਪਣੀਆਂ ਕਰਨਾਟਕ ਦੇ ਕੋਲਾਰ 'ਚ ਇਕ ਰੈਲੀ ਦੌਰਾਨ ਕੀਤੀਆਂ ਗਈਆਂ ਸਨ। ਜਮਹੂਰੀਅਤ ਲਈ ਅੱਜ ਕਾਲਾ ਦਿਨ ਹੈ। ਖੜਗੇ ਨੇ ਕਿਹਾ ਕਿ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਕਾਲੇ ਚੋਲੇ ਪਾਏ ਹੋਏ ਹਨ, ਕਿਉਂਕਿ ਪ੍ਰਧਾਨ ਮੰਤਰੀ ਜਮਹੂਰੀਅਤ ਨੂੰ 'ਖ਼ਤਮ' ਕਰ ਰਹੇ ਹਨ।

ਤ੍ਰਿਣਮੂਲ ਕਾਂਗਰਸ, ਜੋ ਹੁਣ ਤੱਕ ਵਿਰੋਧੀ ਧਿਰਾਂ ਦੇ ਰੋਸ ਪ੍ਰਦਰਸ਼ਨਾਂ ਤੋਂ ਲਾਂਭੇ ਰਹੀ ਹੈ, ਵੀ ਵਿਜੈ ਚੌਕ ਵਿੱਚ ਦਿੱਤੇ ਧਰਨੇ 'ਚ ਸ਼ਾਮਲ ਹੋਈ। ਸੰਸਦ ਤੋਂ ਵਿਜੈ ਚੌਕ ਤੱਕ ਰੋਸ ਮਾਰਚ ਕੱਢਣ ਤੋਂ ਪਹਿਲਾਂ ਵੱਖ ਵੱਖ ਪਾਰਟੀਆਂ ਦੇ ਸੰਸਦ ਮੈਂਬਰ, ਜਿਨ੍ਹਾਂ ਵਿੱਚ ਕਾਂਗਰਸ, ਟੀਐੱਮਸੀ, ਬੀਆਰਐੱਸ ਤੇ ਸਪਾ ਵੀ ਸ਼ਾਮਲ ਸਨ, ਨੇ ਅਡਾਨੀ ਮਸਲੇ ਤੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖਾਰਜ ਕੀਤੇ ਜਾਣ ਦੇ ਮਸਲੇ 'ਤੇ ਭਵਿੱਖੀ ਰਣਨੀਤੀ ਘੜਨ ਲਈ ਸੰਸਦੀ ਕੰਪਲੈਕਸ ਵਿੱਚ ਮੀਟਿੰਗ ਵੀ ਕੀਤੀ।

ਉਧਰ ਸੀਨੀਅਰ ਪਾਰਟੀ ਆਗੂ ਆਨੰਦ ਸ਼ਰਮਾ ਨੇ ਸ਼ਿਮਲਾ ਵਿੱਚ ਕਿਹਾ ਕਿ ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਠਹਿਰਾਉਣ ਲਈ ਵਿਖਾਈ ਕਾਹਲ ਕੇਂਦਰ ਸਰਕਾਰ ਦੀ ਸਾਜ਼ਿਸ਼ ਹੈ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਗਾਂਧੀ ਨੂੰ ਸੰਸਦ ਵਿੱਚ ਬੋਲਣ ਦਾ ਪੂਰਾ ਹੱਕ ਹੈ। ਇਥੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਮਿਲਣ ਲਈ ਆਏ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੂੰ ਨਿਆਂਪਾਲਿਕਾ ਵਿੱਚ ਪੂਰਾ ਭਰੋਸਾ ਹੈ ਤੇ ਸੂਰਤ ਦੀ ਕੋਰਟ ਵੱਲੋਂ ਸੁਣਾਇਆ ਫੈਸਲਾ ਉਚੇਰੀ ਅਦਾਲਤ ਵਿੱਚ ਬਹੁਤਾ ਚਿਰ ਨਹੀਂ ਟਿਕੇਗਾ ਅਤੇ ਕਾਂਗਰਸ ਪਾਰਟੀ ਇਸ ਖਿਲਾਫ਼ ਸਿਆਸੀ ਤੇ ਕਾਨੂੰਨੀ ਲੜਾਈ ਲੜੇਗੀ।

## ਛੇਤੀ ਹੀ ਰਾਹੁਲ ਗਾਂਧੀ ਦੀ ਸੰਸਦ ਵਿੱਚ ਵਾਪਸੀ ਹੋਵੇਗੀ: ਖੁਰਸ਼ੀਦ

***ਵਿਰੋਧੀ ਧਿਰਾਂ ਦੇ ਇਕਜੁੱਟ ਹੋਣ ਦੀ ਕੀਤੀ ਸ਼ਲਾਘਾ***

ਨਵੀਂ ਦਿੱਲੀ : ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਨੂੰ ਅਯੋਗ ਠਹਿਰਾਏ ਜਾਣ ਸਬੰਧੀ ਕਾਂਗਰਸ ਦੇ ਸੀਨੀਅਰ ਆਗੂ ਸਲਮਾਨ ਖੁਰਸ਼ੀਦ ਨੇ ਅੱਜ ਇੱਥੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਗਾਂਧੀ ਕਾਨੂੰਨੀ ਪ੍ਰਕਿਰਿਆ ਰਾਹੀਂ ਬਹੁਤ ਛੇਤੀ ਸੰਸਦ ਵਿੱਚ ਦੁਬਾਰਾ ਨਜ਼ਰ ਆਉਣਗੇ। ਇਸ ਖ਼ਬਰ ਏਜੰਸੀ ਨਾਲ ਇੰਟਰਵਿਊ ਦੌਰਾਨ ਸਾਬਕਾ ਕਾਨੂੰਨ ਮੰਤਰੀ ਨੇ ਕਿਹਾ ਕਿ ਕਾਨੂੰਨਘਾੜਿਆਂ ਨੂੰ ਅਯੋਗ ਠਹਿਰਾਏ ਜਾਣ ਦੇ ਕਾਨੂੰਨ ਵਿੱਚ ਬਦਲਾਅ ਜ਼ਰੂਰੀ ਸਨ। ਉਨ੍ਹਾਂ ਕਿਹਾ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਕਿੰਨੀ ਕੁ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਮਸਲੇ ਨੂੰ ਵਿਚਾਰਨ ਦੀ ਲੋੜ ਹੈ। ਉਨ੍ਹਾਂ



ਇਹ ਵੀ ਕਿਹਾ ਕਿ ਗਾਂਧੀ ਨੂੰ ਅਯੋਗ ਠਹਿਰਾਉਣ ਦਾ ਮਸਲਾ ਬੇਹੱਦ ਨਾਜ਼ੁਕ ਹੈ। ਇਹ ਚਾਰ ਦਹਾਕਿਆਂ ਪਹਿਲਾਂ ਲੋਕ ਸਭਾ ਤੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਅਯੋਗ ਠਹਿਰਾਏ ਜਾਣ ਨਾਲ ਮਿਲਦਾ-ਜੁਲਦਾ ਹੈ। ਉਨ੍ਹਾਂ ਕਿਹਾ,'ਜਦੋਂ ਅਸੀਂ ਭਾਜਪਾ ਤੇ ਇਸ ਦੀ ਕੇਂਦਰ ਵਿਚਲੀ ਸਰਕਾਰ ਦਾ ਸਫਾਇਆ ਨਹੀਂ ਕਰ ਦਿੰਦੇ, ਅਸੀਂ ਆਪਣੀ ਜੰਗ ਜਾਰੀ ਰੱਖਾਂਗੇ। ਰਾਹੁਲ ਗਾਂਧੀ ਨੂੰ ਅਯੋਗ ਠਹਿਰਾਏ ਜਾਣ ਮਗਰੋਂ ਵਿਰੋਧੀ ਧਿਰਾਂ ਵੱਲੋਂ ਇਕਜੁਟਤਾ ਦਿਖਾਉਣ ਸਬੰਧੀ ਪੁੱਛੇ ਜਾਣ 'ਤੇ ਖੁਰਸ਼ੀਦ ਨੇ ਕਿਹਾ,'ਇਸ ਮੁੱਦੇ 'ਤੇ ਵਿਰੋਧੀ ਪਾਰਟੀਆਂ ਦਾ ਇਕਮੱਤ ਹੋਣਾ ਸ਼ੁੱਭ ਸ਼ਗਨ ਹੈ। ਅਸੀਂ ਉਨ੍ਹਾਂ ਦੀ ਸ਼ਲਾਘਾ ਕਰਦੇ ਹਾਂ।'

## ਕਾਂਗਰਸ ਨੂੰ 'ਸੰਜੀਦਾ ਅੰਤਰਝਾਤ' ਦੀ ਲੋੜ: ਭਾਜਪਾ

ਨਵੀਂ ਦਿੱਲੀ: ਭਾਜਪਾ ਨੇ ਰਵਾਇਤੀ ਵਿਰੋਧੀ ਕਾਂਗਰਸ ਨੂੰ 'ਸੰਜੀਦਾ ਅੰਤਰਝਾਤ' ਦੀ ਸਲਾਹ ਦਿੱਤੀ ਹੈ। ਭਾਜਪਾ ਨੇ ਕਿਹਾ ਕਿ ਕਾਂਗਰਸ ਉਹੀ ਗੱਲ ਕਰੇ, ਜੋ ਸਿਆਸੀ ਤੇ ਕਾਨੂੰਨੀ ਪ੍ਰਬੰਧ ਵਿੱਚ ਸਵੀਕਾਰਯੋਗ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ, ਜਦੋਂ ਕਾਂਗਰਸ ਨੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖਾਰਜ ਕੀਤੇ ਜਾਣ ਤੇ ਅਡਾਨੀ ਮਸਲੇ 'ਤੇ ਦੇਸ਼ਵਿਆਪੀ ਅੰਦੋਲਨ ਵਿੱਢਿਆ ਹੋਇਆ ਹੈ। ਪੁਰੀ ਨੇ ਕਿਹਾ, "ਉਨ੍ਹਾਂ ਨੂੰ ਸੱਚਮੁੱਚ ਸੰਜੀਦਾ ਅੰਤਰਝਾਤ ਦੀ ਲੋੜ ਹੈ। ਤੁਹਾਨੂੰ ਮਰਿਯਾਦਾ ਦੀ ਹੱਦ ਬਾਰੇ ਪਤਾ ਹੈ, ਸਿਆਸੀ ਤੇ ਕਾਨੂੰਨੀ ਪ੍ਰਬੰਧ ਵਿੱਚ ਕੀ ਸਵੀਕਾਰਯੋਗ ਹੈ। ਉਸ (ਰਾਹੁਲ ਗਾਂਧੀ) ਨੂੰ ਕੋਰਟ ਨੇ ਸਜ਼ਾ ਦਿੱਤੀ ਹੈ। ਮਗਰੋਂ ਕੁਝ ਸਵੈਚਾਲਿਤ ਪ੍ਰਕਿਰਿਆਵਾਂ ਹੁੰਦੀਆਂ ਹਨ। ਅਤੇ ਮਗਰੋਂ ਅਜਿਹੇ ਜਜ਼ਬਾਤੀ ਬਿਆਨ? ਮੇਰਾ ਮਤਲਬ ਹੈ ਕਿ ਉਹ ਜੋ ਹਨ, ਭਾਰਤ ਦੇ ਲੋਕ ਉਨ੍ਹਾਂ ਨੂੰ ਉਸੇ ਤਰ੍ਹਾਂ ਜੱਜ ਕਰਨਗੇ।" ਇਥੇ ਸੰਸਦੀ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਰੀ ਨੇ ਕਿਹਾ, "ਇਕ ਦਿਨ ਪਹਿਲਾਂ ਉਸ (ਗਾਂਧੀ ਨੇ) ਕਿਹਾ ਸੀ ਕਿ 'ਮੈਂ ਮੁਆਫ਼ੀ ਨਹੀਂ ਮੰਗਾਂਗਾ ਕਿਉਂਕਿ ਮੈਂ ਸਾਵਰਕਰ ਨਹੀਂ ਹਾਂ।' ਕੀ ਤੁਹਾਨੂੰ ਸਾਵਰਕਰ ਜੀ ਵਰਗੇ ਲੋਕਾਂ ਦੇ



ਯੋਗਦਾਨ ਬਾਰੇ ਪਤਾ ਹੈ?" ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਰਾਹੁਲ ਗਾਂਧੀ ਤਾਂ ਆਪਣੇ ਸੁਪਨਿਆਂ ਵਿੱਚ 'ਵੀਰ ਸਾਵਰਕਰ' ਨਹੀਂ ਹੋ ਸਕਦੇ ਕਿਉਂ ਜੋ ਅਜ਼ਾਦੀ ਘੁਲਾਟੀਆ ਕਦੇ ਵੀ ਮਹੀਨਿਆਂਬੱਧੀ ਵਿਦੇਸ਼ ਵਿੱਚ ਨਹੀਂ ਰਿਹਾ ਤੇ ਨਾ ਹੀ ਉਨ੍ਹਾਂ ਆਪਣੇ ਹੀ ਮੁਲਕ ਖਿਲਾਫ਼ ਵਿਦੇਸ਼ੀਆਂ ਤੋਂ ਮਦਦ ਮੰਗੀ। ਕੇਂਦਰੀ ਮੰਤਰੀ ਜੀ.ਕਿਸ਼ਨ ਰੈੱਡੀ ਨੇ ਕਿਹਾ ਕਿ ਕਾਂਗਰਸ ਆਗੂ ਨੂੰ ਪਤਾ ਨਹੀਂ ਲੱਗਦਾ ਕਿ ਉਹ ਕੀ ਕਹਿੰਦੇ ਹਨ।

## ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਹੋਣ ਖ਼ਿਲਾਫ਼ ਸੱਤਿਆਗ੍ਰਹਿ ਪ੍ਰਦਰਸ਼ਨ

***ਨਾਗਰਾ ਤੇ ਜੀਪੀ ਨੇ ਕੀਤੀ ਪ੍ਰਦਰਸ਼ਨ ਦੀ ਅਗਵਾਈ; ਸੰਸਦ ਮੈਂਬਰ ਅਮਰ ਸਿੰਘ ਨੇ ਵੀ ਕੀਤੀ ਸ਼ਮੂਲੀਅਤ***

ਫ਼ਤਹਿਗੜ੍ਹ ਸਾਹਿਬ : ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਹੋਣ ਤੋਂ ਬਾਅਦ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਦੀ ਅਗਵਾਈ ਹੇਠ ਅੱਜ ਇੱਥੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਕੇਂਦਰ ਸਰਕਾਰ ਖ਼ਿਲਾਫ ਸੱਤਿਆਗ੍ਰਹਿ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਤਾਨਾਸ਼ਾਹੀ ਖ਼ਿਲਾਫ਼ ਤੇ ਦੇਸ਼ ਵਿੱਚ ਲੋਕਤੰਤਰ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਵੱਲੋਂ ਪੂਰੇ ਦੇਸ਼ 'ਚ ਸੱਤਿਆਗ੍ਰਹਿ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਸੱਚ ਦੀ ਆਵਾਜ਼ ਨੂੰ ਬੁਲੰਦ ਕਰਦੀ ਰਹੇਗੀ। ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਦੇਸ਼ ਹਿੱਤ ਲਈ ਕੰਮ ਕਰਦੀ ਆਈ ਹੈ। ਇਤਿਹਾਸ ਵਿੱਚ ਵੀ ਕਈ ਵਾਰ ਵਿਰੋਧੀ ਤਾਕਤਾਂ ਨੇ ਸੱਚ ਦੀ ਇਸ ਆਵਾਜ਼ ਨੂੰ ਧੱਕੇਸ਼ਾਹੀ ਨਾਲ ਦਬਾਉਣ ਦਾ ਯਤਨ ਕੀਤਾ ਸੀ ਪਰ ਦਬਾਅ ਨਹੀਂ ਸਕੇ



ਅਤੇ ਭਾਜਪਾ ਸਰਕਾਰ ਰਾਹੁਲ ਗਾਂਧੀ ਦੀ ਆਵਾਜ਼ ਨੂੰ ਇਸ ਤਰੀਕੇ ਨਾਲ ਦਬਾਅ ਨਹੀਂ ਸਕਦੀ।

ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੀ.ਪੀ. ਨੇ ਕਿਹਾ ਕਿ ਮੋਦੀ ਦੀ ਤਾਨਾਸ਼ਾਹ ਸਰਕਾਰ ਰਾਹੁਲ ਗਾਂਧੀ ਦੀ ਆਵਾਜ਼ ਨੂੰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ, ਪਰ ਸੱਚ ਦੀ ਇਹ ਆਵਾਜ਼ ਇਸ ਤਰ੍ਹਾਂ ਹੀ ਬੇਬਾਕ ਤਰੀਕੇ ਨਾਲ ਦੇਸ਼ ਹਿੱਤ ਦੀ ਗੱਲ ਕਰਦੀ ਰਹੇਗੀ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਡਾ. ਜੋਗਿੰਦਰ ਸਿੰਘ ਮੈਣੀ, ਸਰਹਿੰਦ ਬਲਾਕ ਦੇ ਪ੍ਰਧਾਨ ਗੁਰਮੁੱਖ ਸਿੰਘ ਪੰਡਰਾਲੀ, ਅਮਲੋਹ ਬਲਾਕ ਦੇ ਪ੍ਰਧਾਨ ਜਗਬੀਰ ਸਿੰਘ ਸਲਾਣਾ, ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਸੰਜੀਵ ਦੱਤਾ, ਚੇਅਰਪਰਸਨ ਬਲਜੀਤ ਕੌਰ, ਸਤਵੀਰ ਸਿੰਘ ਨੌਗਾਵਾਂ, ਬਲਾਕ ਪ੍ਰਧਾਨ ਲਾਲਾ ਕੰਗ, ਸਰਬਜੀਤ ਸਿੰਘ ਜੀਤੀ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

## ਰਾਹੁਲ ਗਾਂਧੀ ਨੂੰ ਸਰਕਾਰੀ ਬੰਗਲਾ 22 ਅਪਰੈਲ ਤੱਕ ਖਾਲੀ ਕਰਨ ਦਾ ਨੋਟਿਸ

ਨਵੀਂ ਦਿੱਲੀ : ਲੋਕ ਸਭਾ ਮੈਂਬਰੀ ਤੋਂ ਅਯੋਗ ਠਹਿਰਾਏ ਗਏ ਰਾਹੁਲ ਗਾਂਧੀ ਨੂੰ ਸਰਕਾਰੀ ਬੰਗਲਾ 22 ਅਪਰੈਲ ਤੱਕ ਖਾਲੀ ਕਰਨ ਲਈ ਕਿਹਾ ਗਿਆ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਰਾਹੁਲ ਨੂੰ 12, ਤੁਗਲਕ ਲੇਨ ਬੰਗਲਾ ਖਾਲੀ ਕਰਨ ਦਾ ਨੋਟਿਸ ਲੋਕ ਸਭਾ ਦੀ ਹਾਊਸਿੰਗ ਕਮੇਟੀ ਵੱਲੋਂ ਦਿੱਤਾ ਗਿਆ ਹੈ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਰਾਹੁਲ ਨੂੰ ਲੋਕ ਸਭਾ ਮੈਂਬਰੀ ਜਾਣ ਦੇ ਇਕ ਮਹੀਨੇ ਦੇ ਅੰਦਰ-ਅੰਦਰ ਸਰਕਾਰੀ ਬੰਗਲਾ ਖਾਲੀ ਕਰਨਾ ਪਵੇਗਾ। ਇਕ ਹੋਰ ਅਧਿਕਾਰੀ ਨੇ ਕਿਹਾ ਕਿ ਰਾਹੁਲ ਗਾਂਧੀ ਹਾਊਸਿੰਗ ਕਮੇਟੀ ਨੂੰ ਪੱਤਰ ਲਿਖ ਕੇ ਬੰਗਲੇ 'ਚ ਰਹਿਣ ਲਈ ਹੋਰ ਸਮਾਂ ਮੰਗ ਸਕਦੇ ਹਨ ਅਤੇ ਉਨ੍ਹਾਂ ਦੀ ਬੇਨਤੀ ਨੂੰ ਕਮੇਟੀ ਵੱਲੋਂ ਵਿਚਾਰਿਆ ਜਾਵੇਗਾ। ਲੋਕ ਸਭਾ ਸਕੱਤਰੇਤ ਵੱਲੋਂ ਜਾਰੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਡਾਇਰੈਕਟੋਰੇਟ ਆਫ਼ ਅਸਟੇਟਸ, ਨਵੀਂ ਦਿੱਲੀ ਮਿਉਂਸਿਪਲ ਕੌਂਸਲ ਸਮੇਤ ਹੋਰ ਵਿਭਾਗਾਂ



ਨੂੰ ਭੇਜੀਆਂ ਗਈਆਂ ਹਨ। ਸੰਸਦ ਮੈਂਬਰ ਵਜੋਂ ਰਾਹੁਲ ਗਾਂਧੀ ਨੂੰ ਮਿਲੀਆਂ ਹੋਰ ਸਹੂਲਤਾਂ ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਸੂਰਤ ਦੀ ਇਕ ਅਦਾਲਤ ਨੇ ਮਾਣਹਾਨੀ ਕੇਸ 'ਚ ਸਜ਼ਾ ਸੁਣਾਈ ਹੈ।

# TOTAL MULTI SERVICES

YOUR ONE STOP SOLUTION FOR TAX, TRUCKING AND IMMIGRATION SERVICES

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇੰਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇੰਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇੰਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks. CTEC California Tax Education Council Registered Tax Preparer · AUTHORIZED IRS e-file PROVIDER · COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@TOTALIRP.com

# ਸ਼ਾਂਤੀ ਬਣਾਈ ਰੱਖਣ ਦੇ ਭਰੋਸੇ ਮਗਰੋਂ ਅੰਮ੍ਰਿਤਪਾਲ ਦੇ 19 ਸਮਰਥਕ ਰਿਹਾਅ

### *ਆਵਾਜਾਈ ਠੱਪ ਕਰਨ ਦੇ ਦੋਸ਼ ਹੇਠ 19 ਮਾਰਚ ਨੂੰ ਗ੍ਰਿਫ਼ਤਾਰ ਕਰਕੇ ਭੇਜੇ ਸਨ ਜੇਲ੍ਹ*



ਗੁਰੂਸਰ ਸੁਧਾਰ : 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸੂਬਾ ਪੁਲੀਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਦੇ ਵਿਰੋਧ ਵਿੱਚ ਲੰਘੀ 19 ਮਾਰਚ ਨੂੰ ਲੁਧਿਆਣਾ-ਬਠਿੰਡਾ ਰਾਜ ਮਾਰਗ 'ਤੇ ਆਵਾਜਾਈ ਠੱਪ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ 21 ਵਿਅਕਤੀਆਂ 'ਚੋਂ 19 ਨੂੰ ਅੱਜ ਰਿਹਾਅ ਕਰ ਦਿੱਤਾ ਗਿਆ ਹੈ। ਥਾਣਾ ਸੁਧਾਰ ਦੇ ਮੁਖੀ ਇੰਸਪੈਕਟਰ ਜਰਨੈਲ ਸਿੰਘ ਅਨੁਸਾਰ ਅਮਨ ਕਾਨੂੰਨ ਭੰਗ ਹੋਣ ਦੇ ਡਰੋਂ ਇਨ੍ਹਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ 19 ਵਿਅਕਤੀਆਂ ਅਤੇ ਉਨ੍ਹਾਂ ਦੇ ਪਿੰਡ ਦੇ ਮੋਹਤਬਰਾਂ ਵੱਲੋਂ ਭਵਿੱਖ ਵਿੱਚ ਸ਼ਾਂਤੀ ਬਣਾਈ ਰੱਖਣ ਦਾ ਭਰੋਸਾ ਦਿੱਤੇ ਜਾਣ ਮਗਰੋਂ, ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬੋਪਾਰਾਏ ਕਲਾਂ ਗੁਰੂਘਰ ਦੇ ਗ੍ਰੰਥੀ ਹਰਜੀਤ ਸਿੰਘ ਉਰਫ਼ ਜਰਨੈਲ ਸਿੰਘ ਖ਼ਾਲਸਾ ਵਾਸੀ ਪਿੰਡ ਸੰਧੂ ਕਲਾਂ ਥਾਣਾ ਭਦੌੜ ਜ਼ਿਲ੍ਹਾ ਬਰਨਾਲਾ ਅਤੇ ਬਚਿੱਤਰ ਸਿੰਘ ਵਾਸੀ ਪਿੰਡ ਸੁਧਾਰ ਨੂੰ ਭਲਕੇ 28 ਮਾਰਚ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਰਿਹਾਅ ਕੀਤੇ ਗਏ ਵਿਅਕਤੀਆਂ ਵਿੱਚ ਬੋਪਾਰਾਏ ਕਲਾਂ ਵਾਸੀ ਭਾਗ ਸਿੰਘ, ਮਨਦੀਪ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ, ਅਜੈਬ ਸਿੰਘ, ਪ੍ਰੇਮ ਸਿੰਘ, ਸੁਖਮਿੰਦਰ ਸਿੰਘ, ਰਣਜੀਤ ਸਿੰਘ, ਹਰਮਿੰਦਰ ਸਿੰਘ, ਵਿਕੀ ਸਿੰਘ, ਹਰਪ੍ਰੀਤ ਸਿੰਘ, ਪ੍ਰਦੀਪ ਸਿੰਘ, ਜਸਪ੍ਰੀਤ ਸਿੰਘ, ਗੁਰਮੇਲ ਸਿੰਘ, ਗੁਰਦੇਵ ਸਿੰਘ, ਅਵਤਾਰ ਸਿੰਘ, ਮਲਕੀਤ ਸਿੰਘ, ਜਸਵਿੰਦਰ ਸਿੰਘ ਤੇ ਸਤਨਾਮ ਸਿੰਘ ਵਾਸੀ ਮੁੱਲਾਂਪੁਰ ਸ਼ਾਮਲ ਹਨ।

**ਇੱਕ ਸਾਥੀ ਨੂੰ ਟਰਾਂਜ਼ਿਟ ਰਿਮਾਂਡ ਤੇ ਦੂਜੇ ਨੂੰ ਜੇਲ੍ਹ ਭੇਜਿਆ**

ਅਜਨਾਲਾ : ਥਾਣਾ ਅਜਨਾਲਾ ਵਿੱਚ ਦਰਜ ਹੋਏ ਇੱਕ ਕੇਸ ਦੇ ਸਬੰਧ ਵਿੱਚ ਅੰਮ੍ਰਿਤਪਾਲ ਸਿੰਘ ਦੇ ਸਾਥੀ ਹਰਕਿਰਨ ਸਿੰਘ ਤੇ ਓਂਕਾਰ ਸਿੰਘ ਨੂੰ ਅੱਜ ਪੁਲੀਸ ਰਿਮਾਂਡ ਸਮਾਪਤ ਹੋਣ ਮਗਰੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਵੱਲੋਂ ਅੱਜ ਦੀ ਸੁਣਵਾਈ ਮਗਰੋਂ ਹਰਕਿਰਨ ਸਿੰਘ ਨੂੰ ਟਰਾਂਜ਼ਿਟ ਰਿਮਾਂਡ 'ਤੇ ਬਾਬਾ ਬਕਾਲਾ ਪੁਲੀਸ ਨੂੰ ਸੌਂਪਣ ਅਤੇ ਓਂਕਾਰ ਸਿੰਘ ਨੂੰ ਜੇਲ੍ਹ ਭੇਜਣ ਦਾ ਹੁਕਮ ਸੁਣਾਇਆ ਗਿਆ ਹੈ। ਇਸ ਦੇ ਨਾਲ ਹੀ ਤਿੰਨ ਹੋਰ ਮੁਲਜ਼ਮਾਂ ਗੁਰਜੋਤ ਸਿੰਘ, ਰਣਜੋਧ ਸਿੰਘ ਤੇ ਬਲਵਿੰਦਰ ਸਿੰਘ ਦੀ ਜੇਲ੍ਹ ਵਿੱਚੋਂ ਹੀ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ੀ ਕੀਤੀ ਗਈ ਜਿਨ੍ਹਾਂ ਨੂੰ ਅਦਾਲਤ ਨੇ ਜੇਲ੍ਹ ਵਿੱਚ ਹੀ ਰੱਖਣ ਦੇ ਹੁਕਮ ਦਿੱਤੇ ਹਨ।

# ਅੰਮ੍ਰਿਤਪਾਲ ਸਿੰਘ ਮਾਮਲੇ 'ਤੇ ਹਾਈਕੋਰਟ 'ਚ ਹੋਈ ਸੁਣਵਾਈ




ਚੰਡੀਗੜ੍ਹ : ਅੰਮ੍ਰਿਤਪਾਲ ਸਿੰਘ ਮਾਮਲੇ ਵਿੱਚ ਅੱਜ ਹਾਈਕੋਰਟ ਵਿੱਚ ਸੁਣਵਾਈ ਹੋਈ ਹੈ। ਜਿੱਥੇ ਪੰਜਾਬ ਸਰਕਾਰ ਵਲੋਂ ਐਡਵੋਕੇਟ ਜਨਰਲ ਵਲੋਂ ਹਾਈਕੋਰਟ ਵਿੱਚ ਜਵਾਬ ਦਿੱਤਾ ਗਿਆ ਕਿ ਅਸੀਂ ਅੰਮ੍ਰਿਤਪਾਲ ਸਿੰਘ ਨੂੰ ਫੜਨ ਦੇ ਬਹੁਤ ਨਜ਼ਦੀਕ ਹਾਂ।

ਉਧਰ ਅੰਮ੍ਰਿਤਪਾਲ ਸਿੰਘ ਪੱਖ ਵਲੋਂ ਕਿਹਾ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਪੁਲਿਸ ਦੀ ਗ੍ਰਿਫਤ ਵਿੱਚ ਹੈ ਜਿਸ ਦੇ ਐਡਵੋਕੇਟ ਜਨਰਲ ਨੇ ਅੰਮ੍ਰਿਤਪਾਲ ਸਿੰਘ ਵਲੋਂ ਪੇਸ਼ ਹੋਏ ਵਕੀਲ ਨੂੰ ਸਬੂਤ ਦੇਣ ਲਈ ਕਿਹਾ ਹੈ। ਐਡਵੋਕੇਟ ਜਨਰਲ ਨੇ ਕਿਹਾ ਹੈ ਕਿ ਕੋਈ ਵੀ ਸਬੂਤ ਲਿਆਓ ਕਿ ਅਮ੍ਰਿਤਪਾਲ ਸਿੰਘ ਥਾਣੇ ਵਿੱਚ ਹੈ।

ਜ਼ਿਕਰਯੋਗ ਹੈ ਕਿ ਪੁਲਿਸ ਨੇ 18 ਮਾਰਚ ਨੂੰ ਪੰਜਾਬ ਵਿੱਚ ਅੰਮ੍ਰਿਤਪਾਲ ਅਤੇ ਉਸ ਦੀ ਸੰਸਥਾ 'ਵਾਰਿਸ ਪੰਜਾਬ ਦੇ' ਦੇ ਮੈਂਬਰਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਸੀ ਅਤੇ ਅੰਮ੍ਰਿਤਪਾਲ ਉਦੋਂ ਤੋਂ ਲਾਪਤਾ ਹੈ।

ਜਸਟਿਸ ਐਨ. ਐੱਸ. ਸ਼ੇਖਾਵਤ ਦੀ ਅਦਾਲਤ 'ਚ ਐਡਵੋਕੇਟ ਇਮਾਨ ਸਿੰਘ ਖਾਰਾ ਦੁਆਰਾ ਦਾਇਰ ਇੱਕ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਇਸ ਪਟੀਸ਼ਨ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਕਥਿਤ ਪੁਲਿਸ ਹਿਰਾਸਤ ਵਿੱਚੋਂ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੈ।

ਖਾਰਾ ਨੇ ਹਾਲ ਹੀ ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅੰਮ੍ਰਿਤਪਾਲ ਪੁਲਿਸ ਦੀ 'ਗੈਰ-ਕਾਨੂੰਨੀ ਹਿਰਾਸਤ' ਵਿੱਚ ਹੈ। ਸੁਣਵਾਈ ਦੌਰਾਨ ਪੰਜਾਬ ਦੇ ਐਡਵੋਕੇਟ ਜਨਰਲ ਵਿਨੋਦ ਘਈ ਨੇ ਦੱਸਿਆ ਕਿ ਅੰਮ੍ਰਿਤਪਾਲ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਅਦਾਲਤ ਦੀ ਇਮਾਰਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਟੀਸ਼ਨਰ ਨੇ ਕਿਹਾ ਕਿ ਐਡਵੋਕੇਟ ਜਨਰਲ ਨੇ ਅਦਾਲਤ ਨੂੰ ਦੱਸਿਆ ਕਿ ਉਹ ਅੰਮ੍ਰਿਤਪਾਲ ਸਿੰਘ ਨੂੰ ਫੜਨ ਦੇ ਬਹੁਤ ਨਜ਼ਦੀਕ ਹਨ।

ਪਟੀਸ਼ਨਰ ਮੁਤਾਬਕ ਅਦਾਲਤ ਨੇ ਐਡਵੋਕੇਟ ਜਨਰਲ ਨੂੰ ਇਸ ਸਬੰਧੀ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਹੈ। ਅਦਾਲਤ ਨੇ ਪਟੀਸ਼ਨਰ ਨੂੰ ਇਹ ਵੀ ਕਿਹਾ ਕਿ ਉਹ ਸਬੂਤ ਪੇਸ਼ ਕਰਨ ਲਈ ਹਲਫ਼ਨਾਮਾ ਦਾਇਰ ਕਰੇ ਕਿ ਅੰਮ੍ਰਿਤਪਾਲ ਸਿੰਘ ਕਥਿਤ ਪੁਲਿਸ ਹਿਰਾਸਤ ਵਿੱਚ ਹੈ।

# ਲੰਡਨ 'ਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਤਿਰੰਗੇ ਦਾ ਅਪਮਾਨ ਕਰਨ ਵਾਲਿਆਂ ਦੇ ਪਾਸਪੋਰਟ ਹੋਣਗੇ ਰੱਦ




ਨਵੀਂ ਦਿੱਲੀ : 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਪੁਲਸ ਦਾ ਆਪ੍ਰੇਸ਼ਨ ਜਾਰੀ ਹੈ। ਇਸ ਸਭ ਦੇ ਦਰਮਿਆਨ ਵਿਦੇਸ਼ੀ ਧਰਤੀ 'ਤੇ ਭਾਰਤੀ ਖ਼ਿਲਾਫ਼ ਸਾਜ਼ਿਸ਼ ਰਚਣ ਵਾਲਿਆਂ ਦੀ ਹੁਣ ਖ਼ੈਰ ਨਹੀਂ ਹੈ। ਸਰਕਾਰ ਨੇ ਸਖ਼ਤ ਰਵੱਈਆ ਅਖ਼ਤਿਆਰ ਕਰਦਿਆਂ ਵਿਦੇਸ਼ 'ਚ ਬੈਠੇ ਖ਼ਾਲਿਸਤਾਨ ਸਮਰਥਕਾਂ 'ਤੇ ਸਖ਼ਤ ਕਾਰਵਾਈ ਦਾ ਫ਼ੈਸਲਾ ਕੀਤਾ ਹੈ। ਦਰਅਸਲ 19 ਮਾਰਚ ਨੂੰ ਭਾਰਤੀ ਹਾਈ ਕਮਿਸ਼ਨ 'ਤੇ ਪ੍ਰਦਰਸ਼ਨ ਅਤੇ ਤਿਰੰਗੇ ਦਾ ਅਪਮਾਨ ਕਰਨ ਵਾਲਿਆਂ 'ਤੇ ਦਿੱਲੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਕੇਂਦਰ ਸਰਕਾਰ ਨੇ ਹੁਣ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਲਈ ਕਿਹਾ ਹੈ, ਜੋ ਪ੍ਰਦਰਸ਼ਨ ਵਿਚ ਸ਼ਾਮਲ ਸਨ। ਦੋਸ਼ੀ ਪਾਏ ਜਾਣ 'ਤੇ ਉਨ੍ਹਾਂ ਦੇ ਪਾਸਪੋਰਟ ਰੱਦ ਹੋਣਗੇ। ਸੂਤਰਾਂ ਮੁਤਾਬਕ ਬਹੁਤ ਜਲਦ ਹੀ ਇਸ ਸਬੰਧ ਵਿਚ ਇਕ ਰਿਪੋਰਟ ਤਿਆਰ ਕਰ ਕੇ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ, ਤਾਂ ਕਿ ਉਕਤ ਲੋਕਾਂ ਦੇ ਪਾਸਪੋਰਟ ਰੱਦ ਕਰਵਾ ਕੇ ਡਿਪੋਰਟ ਕਰਵਾ ਕੇ ਭਾਰਤ ਲਿਆਂਦਾ ਜਾਵੇ। ਪੁਲਸ ਖਾਲਿਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਵਿਦੇਸ਼ ਵਿਚ ਬੈਠੇ ਅਜਿਹੇ ਲੋਕਾਂ ਦੇ ਰਿਸ਼ੇਤਦਾਰਾਂ ਅਤੇ ਪਰਿਵਾਰਕ ਮੈਂਬਰਾਂ 'ਤੇ ਵੀ ਕੇਸ ਦਰਜ ਕਰੇਗੀ। ਮਾਮਲੇ ਦੀ ਜਾਂਚ ਸਪੈਸ਼ਲ ਸੈੱਲ ਨੂੰ ਸੌਂਪੀ ਗਈ ਹੈ। ਦੱਸਣਯੋਗ ਹੈ ਕਿ ਖਾਲਿਸਤਾਨੀ ਝੰਡੇ ਲਹਿਰਾਉਂਦੇ ਅਤੇ ਖਾਲਿਸਤਾਨ ਦੇ ਸਮਰਥਨ 'ਚ ਨਾਅਰੇ ਲਗਾਉਂਦੇ ਹੋਏ ਪ੍ਰਦਰਸ਼ਨਕਾਰੀਆਂ ਦੇ ਇਕ ਸਮੂਹ ਨੇ ਲੰਡਨ 'ਚ ਭਾਰਤੀ ਹਾਈ ਕਮਿਸ਼ਨ ਦੇ ਉੱਪਰ ਲਹਿਰਾਏ ਗਏ ਤਿਰੰਗੇ ਨੂੰ 19 ਮਾਰਚ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਸੀ। ਭਾਰਤ ਨੇ ਇਸ ਘਟਨਾ ਦੇ ਸਬੰਧ ਵਿਚ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਨੂੰ ਤਲੱਬ ਕੀਤਾ ਅਤੇ ਪੂਰੀ ਤਰ੍ਹਾਂ ਨਾਲ ਸੁਰੱਖਿਆ ਦੀ ਕਮੀ 'ਤੇ ਸਪੱਸ਼ਟੀਕਰਨ ਮੰਗਿਆ। ਇਸ ਘਟਨਾ ਦੇ ਸਬੰਧਤ 'ਚ ਪੁਲਸ ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਘਟਨਾ ਤੋਂ ਪਹਿਲਾਂ ਭਾਰਤ ਤੋਂ ਕਿੰਨੇ ਲੋਕ ਲੰਡਨ ਗਏ ਸਨ। ਖ਼ਦਸ਼ਾ ਹੈ ਕਿ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਲਈ ਕਈ ਦੇਸ਼ਾਂ ਤੋਂ ਖ਼ਾਲਿਸਤਾਨ ਸਮਰਥਕ ਆਏ ਸਨ। ਇਨ੍ਹਾਂ 'ਚੋਂ ਭਾਰਤੀਆਂ ਦੀ ਪਛਾਣ ਕੀਤੀ ਜਾ ਰਹੀ ਹੈ।

# ਪੰਜਾਬ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਐਨ.ਡੀ.ਪੀ ਆਗੂ ਜਗਮੀਤ ਸਿੰਘ ਸਮੇਤ ਕਈ ਮੈਂਬਰ ਪਾਰਲੀਮੈਂਟ ਆਗੂਆਂ ਕੇ ਕੀਤਾ ਵਿਰੋਧ



ਸਰੀ : ਪੰਜਾਬ ਵਿੱਚ ਚੱਲ ਰਹੀ ਨੌਜਵਾਨਾਂ ਦੀ ਫੜੋ-ਫੜੀ ਅਤੇ ਕਈ ਦਿਨ ਬੰਦ ਕੀਤੀਆਂ ਇੰਟਰਨੈੱਟ ਸੇਵਾਵਾਂ ਦਾ ਬੰਦ ਕਰਨ ਅਤੇ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਦਾ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਹਾਊਸ ਆਫ਼ ਕਾਮਨ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਦਾ ਨੋਟਿਸ ਲੈਣ ਲਈ ਕਿਹਾ ਹੈ। ਜਗਮੀਤ ਸਿੰਘ ਦੇ ਨਾਲ ਨਾਲ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਪਾਰਲੀਮੈਂਟ ਟਿਮ ਉਪਲ, ਜਸਰਾਜ ਹੱਲਣ, ਓਂਟਾਰੀਓ ਦੇ ਐਮ.ਐਲ.ਏ. ਗੁਰਤਰਨ ਸਿੰਘ, ਲਿਬਰਲ ਪਾਰਟੀ ਦੇ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ, ਇਕਵਿੰਦਰ ਸਿੰਘ ਅਤੇ ਸੋਨੀਆ ਸਿੱਧੂ ਵਲੋਂ ਵੀ ਟਵੀਟ ਕਰਦਿਆਂ ਕਿਹਾ ਗਿਆ ਹੈ ਕਿ ਅਸੀਂ ਪੰਜਾਬ ਇੰਟਰਨੈੱਟ ਬੰਦ ਕਰਨ, ਵੱਡੇ ਪੱਧਰ 'ਤੇ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰਨ ਅਤੇ 144 ਲਗਾਉਣ ਤੋਂ ਚਿੰਤਤ ਹਾਂ ਤੇ ਪੰਜਾਬ ਦੀ ਸਥਿਤੀ 'ਤੇ ਨਿਗ੍ਹਾ ਰੱਖ ਰਹੇ ਹਾਂ।

ਪੰਜਾਬ ਵਿੱਚ ਸਿੱਖ ਸੰਸਥਾਵਾਂ ਦਾ ਕਹਿਣਾ ਹੈ ਕਿ ਇਸ ਵੇਲੇ ਪੰਜਾਬ ਵਿੱਚ ਲੱਗਭਗ 1500 ਤੋਂ ਵਧੇਰੇ ਬੇਕਸੂਰ ਨੌਜਵਾਨਾਂ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਭਾਰਤ ਘੱਟ ਗਿਣਤੀਆਂ ਨਾਲ ਹੁੰਦੀ ਧੱਕੇਸ਼ਾਹੀ ਹੋ ਰਹੀ ਹੈ। ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਹੈ ਕਿ ਇਹ ਭਾਰਤ ਹੀ ਹੈ ਜਿੱਥੇ ਕਨੂੰਨੀ ਸਜ਼ਾ ਪੂਰੀ ਕਰ ਲੈਣ 'ਤੇ ਵੀ ਘੱਟ ਗਿਣਤੀ ਨੁਮਾਇੰਦਿਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਹੈ। ਇਹ ਵੀ ਭਾਰਤ ਅੰਦਰ ਹੀ ਮੁਮਕਿਨ ਹੈ ਕਿ ਇੱਥੇ ਕਿਸੇ ਦੇ ਕਾਤਲ ਰਿਹਾਅ ਹੋ ਸਕਦੇ ਹਨ ਬਲਾਤਕਾਰੀ ਰਿਹਾਅ ਹੋ ਸਕਦੇ ਹਨ। ਸਿੱਖ ਆਗੂਆਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨੂੰ ਲੈ ਕੇ ਜਦੋਂ ਪੰਜਾਬ ਅੰਦਰ ਮੁਸ਼ਤੈਦੀ ਹੈ ਅਤੇ ਪੰਜਾਬ ਪੁਲਿਸ ਧੜਾਧੜ ਛਾਪੇਮਾਰੀ ਕਰ ਰਹੀ ਹੈ ਪਰ ਪੰਜਾਬ ਵਿੱਚ ਨਸ਼ਿਆਂ ਨਾਲ ਨੌਜਵਾਨਾਂ ਦੀ ਬਰਬਾਦੀ ਕਰ ਰਹੇ ਨਸ਼ਾ ਤਸਕਰਾਂ ਵਿਰੁੱਧ ਸਰਕਾਰ ਕੋਈ ਵੀ ਕਾਰਵਾਈ ਨਹੀਂ ਕਰ ਰਹੀ ਸਗੋਂ ਇਨ੍ਹਾਂ ਕੁਰੀਤੀਆਂ ਨੂੰ ਰੋਕਣ ਲਈ ਉਪਰਾਲੇ ਕਰਨ ਵਾਲਿਆਂ ਨੂੰ ਹੀ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਸੇ ਦਰਮਿਆਨ ਵਿਦੇਸ਼ੀ ਧਰਤੀ ਤੋਂ ਵੀ ਵੱਡੀ ਗਿਣਤੀ 'ਚ ਇਸ ਮਸਲੇ 'ਤੇ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ ਹਨ। ਕੈਨੇਡਾ ਅਤੇ ਇੰਗਲੈਂਡ 'ਚ ਚੁਣੇ ਗਏ ਸਿੱਖ ਨੁਮਾਇੰਦਿਆਂ ਨੇ ਸਰਕਾਰ ਵਲੋਂ ਪੰਜਾਬ 'ਚ ਬਣਾਏ ਮਾਹੌਲ ਦਾ ਸਖਤ ਨੋਟਿਸ ਲਿਆ ਹੈ ਅਤੇ ਕਈ ਥਾਵਾਂ 'ਤੇ ਰੋਸ ਪ੍ਰਦਰਸ਼ਨ ਵੀ ਕੀਤੇ ਗਏ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਰਕਾਰਾਂ ਨੂੰ ਸਿਆਸੀ ਲਾਹਾ ਲੈਣ ਕਾਰਨ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਸਿਰਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਜਮਹੂਰੀਅਤ ਵਿਚ ਰਹਿ ਕੇ ਆਪਣੇ ਹੱਕਾਂ ਦੀ ਗੱਲ ਕਰਨ ਵਾਲੇ ਨੌਜਵਾਨ ਹਨ,ਉਨਾ ਨਾਲ ਸਰਕਾਰੀ ਜਬਰ ਅਤੇ ਨਜਾਇਜ਼ ਹਿਰਾਸਤਾਂ ਦਾ ਅਮਲ ਅਪਣਾਉਣ ਤੋਂ ਸਰਕਾਰਾਂ ਨੂੰ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਨੇ ਪਹਿਲਾਂ ਹੀ ਬੜੇ ਸੰਤਾਪ ਹੰਢਾਏ ਹਨ ਅਤੇ ਹੁਣ ਚੰਗੇਰੇ ਭਵਿੱਖ ਵੱਲ ਤੁਰਨ ਦੀ ਲੋੜ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਅੰਦਰ ਇਸ ਦੇਸ਼ ਵਿਚ ਅਲਹਿਦਗੀ ਦਾ ਅਹਿਸਾਸ ਭਰਨ ਵਿਚ ਸਮੇਂ-ਸਮੇਂ ਦੀਆਂ ਸਰਕਾਰਾਂ ਦੇ ਸਿਆਸੀ ਵਿਤਕਰਿਆਂ ਨੇ ਵੱਡੀ ਭੂਮਿਕਾ ਨਿਭਾਈ ਹੈ ਪਰ ਅੱਜ ਸਮਾਂ ਮੰਗ ਕਰ ਰਿਹਾ ਹੈ ਕਿ ਅਤੀਤ ਦੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਸਰਕਾਰਾਂ ਦੁਆਰਾ ਸਿੱਖਾਂ ਦੇ ਚਿਰੋਕਣੇ ਧਾਰਮਿਕ, ਰਾਜਨੀਤਕ ਅਤੇ ਆਰਥਿਕ ਮਸਲਿਆਂ ਦਾ ਸਰਲੀਕਰਨ ਕਰਕੇ ਸਿੱਖਾਂ ਅੰਦਰ ਬੇਗਾਨਗੀ ਦੇ ਅਹਿਸਾਸ ਨੂੰ ਖ਼ਤਮ ਕੀਤਾ ਜਾਵੇ।

# ਪੰਜਾਬ ਪੁਲੀਸ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਦੇ ਨੇੜੇ ਪੁੱਜੀ

### *ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਨੇ ਹਾਈ ਕੋਰਟ 'ਚ ਕੀਤਾ ਦਾਅਵਾ*



ਚੰਡੀਗੜ੍ਹ : ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਅੱਜ 'ਵਾਰਿਸ ਪੰਜਾਬ ਦੇ' ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੂੰ ਜਲਦੀ ਗ੍ਰਿਫ਼ਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਐਡਵੋਕੇਟ ਜਨਰਲ (ਏਜੀ) ਨੇ ਅਦਾਲਤ ਵਿਚ ਕਿਹਾ ਕਿ ਸੂਬਾ ਸਰਕਾਰ ਭਗੌੜੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਨੇੜੇ ਹੈ। ਇਸ ਦਾਅਵੇ ਤੋਂ ਜਾਪਦਾ ਹੈ ਕਿ ਪੰਜਾਬ ਸਰਕਾਰ ਕੋਲ ਕੋਈ ਠੋਸ ਆਧਾਰ ਹੋਵੇਗਾ, ਜਿਸ ਤੋਂ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਹੁਣ ਦੂਰ ਨਹੀਂ ਜਾਪਦੀ ਹੈ। ਐਡਵੋਕੇਟ ਜਨਰਲ ਨੇ ਮੁੜ ਸਪਸ਼ਟ ਕੀਤਾ ਹੈ ਕਿ ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਹੈ ਅਤੇ ਰਾਜ ਸਰਕਾਰ ਅੰਮ੍ਰਿਤਪਾਲ ਨੂੰ ਫੜਨ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ। ਚੇਤੇ ਰਹੇ ਕਿ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਮੰਗ ਕਰਨ ਵਾਲੀ ਪਟੀਸ਼ਨ ਪਿਛਲੇ ਦਿਨਾਂ ਵਿਚ ਹਾਈ ਕੋਰਟ ਵਿਚ ਦਾਇਰ ਹੋਈ ਸੀ। ਪਟੀਸ਼ਨਰ ਨੇ ਕਿਹਾ ਸੀ ਕਿ ਜ਼ਿਲ੍ਹਾ ਜਲੰਧਰ ਦੇ ਸ਼ਾਹਕੋਟ ਪੁਲੀਸ ਸਟੇਸ਼ਨ 'ਚ ਅੰਮ੍ਰਿਤਪਾਲ ਸਿੰਘ ਗ਼ੈਰਕਾਨੂੰਨੀ ਹਿਰਾਸਤ ਵਿਚ ਹੈ। ਅੰਮ੍ਰਿਤਪਾਲ ਸਿੰਘ ਦੇ ਵਾਰਸਾਂ ਦੇ ਵਕੀਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਕੋਲ 18 ਮਾਰਚ ਦੀ ਸੀਸੀਟੀਵੀ ਫੁਟੇਜ ਵੀ ਹੈ। ਹਾਈ ਕੋਰਟ ਨੇ ਪਟੀਸ਼ਨਰ ਦੇ ਵਕੀਲ ਨੂੰ ਅੰਮ੍ਰਿਤਪਾਲ ਸਿੰਘ ਦੀ ਗ਼ੈਰਕਾਨੂੰਨੀ ਹਿਰਾਸਤ ਬਾਰੇ ਸਬੂਤ ਪੇਸ਼ ਕਰਨ ਲਈ ਕਿਹਾ ਹੈ। ਜਸਟਿਸ ਐੱਨ.ਐੱਸ. ਸ਼ੇਖਾਵਤ ਨੇ ਕਿਹਾ ਕਿ ਸੂਬਾ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਨਾ ਕੀਤੇ ਜਾਣ ਦੇ ਸਟੈਂਡ 'ਤੇ ਕਾਇਮ ਹੈ। ਉਨ੍ਹਾਂ ਸੂਬਾ ਸਰਕਾਰ ਨੂੰ ਇਸ ਬਾਰੇ ਨਵਾਂ ਹਲਫ਼ਨਾਮਾ ਦਾਇਰ ਕਰਨ ਤੇ ਪਟੀਸ਼ਨਰ ਦੇ ਵਕੀਲ ਨੂੰ ਠੋਸ ਤੱਥ ਰਿਕਾਰਡ 'ਤੇ ਰੱਖਣ ਦੀ ਹਦਾਇਤ ਕੀਤੀ। ਜਸਟਿਸ ਸ਼ੇਖਾਵਤ ਨੇ ਕਿਹਾ ਕਿ ਅੰਮ੍ਰਿਤਪਾਲ ਦੀ ਗ਼ੈਰਕਾਨੂੰਨੀ ਹਿਰਾਸਤ ਬਾਰੇ ਜੇਕਰ ਕੋਈ ਠੋਸ ਸਬੂਤ ਸਾਹਮਣੇ ਆਏ ਤਾਂ ਅਦਾਲਤ ਇੱਕ ਵਾਰੰਟ ਅਫ਼ਸਰ ਨਿਯੁਕਤ ਕਰੇਗੀ। ਉਨ੍ਹਾਂ ਕਿਹਾ ਕਿ ਸੀਜੇਐੱਮ ਨੂੰ ਤੁਰੰਤ ਛਾਪਾ ਮਾਰਨ ਵਾਸਤੇ ਕਿਹਾ ਜਾਵੇਗਾ। ਅਦਾਲਤ ਨੇ ਅਗਲੀ ਸੁਣਵਾਈ ਬੁੱਧਵਾਰ 'ਤੇ ਪਾ ਦਿੱਤੀ ਹੈ।

# ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨ ਤੁਰੰਤ ਛੱਡੇ ਜਾਣ: ਜਥੇਦਾਰ ਹਰਪ੍ਰੀਤ ਸਿੰਘ



## ਪੰਜਾਬ ਦੇ ਮੌਜੂਦਾ ਹਾਲਾਤ 'ਤੇ ਵਿਚਾਰ ਕਰਨ ਲਈ ਸਿੱਖ ਜਥੇਬੰਦੀਆਂ ਦੀ ਮੀਟਿੰਗ

ਅੰਮ੍ਰਿਤਸਰ : ਪੰਜਾਬ ਦੇ ਮੌਜੂਦਾ ਹਾਲਾਤ ਅਤੇ ਸਿੱਖ ਨੌਜਵਾਨਾਂ ਦੀ ਫ਼ੜੋ-ਫ਼ੜੀ ਦੇ ਮੁੱਦੇ ਨੂੰ ਵਿਚਾਰਨ ਲਈ ਅਕਾਲ ਤਖਤ ਵਿੱਚ ਅੱਜ ਮੀਟਿੰਗ ਹੋਈ। ਸ੍ਰੀ ਅਕਾਲ ਤਖ਼ਤ ਦੇ ਜ਼ਮੀਨਦੋਜ਼ ਹਾਲ ਦੇ ਬਾਹਰ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਤੇ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਦੇ ਰਿਸ਼ਤੇਦਾਰ ਪਹੁੰਚੇ ਹੋਏ ਸਨ ਜਿਨ੍ਹਾਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਰੋਸ ਜਤਾਇਆ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਬਲਜੀਤ ਸਿੰਘ ਦਾਦੂਵਾਲ ਵੀ ਪੁੱਜੇ ਪਰ ਮੀਟਿੰਗ ਵਿੱਚ ਚੋਣਵੇਂ ਪ੍ਰਤੀਨਿਧ ਹੀ ਸ਼ਾਮਲ ਕੀਤੇ ਗਏ ਅਤੇ ਦਾਦੂਵਾਲ ਮੀਟਿੰਗ ਵਿੱਚ ਸ਼ਾਮਲ ਨਾ ਹੋ ਸਕੇ। ਇਸ ਮਾਮਲੇ 'ਤੇ ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨਾਲ ਨਾਰਾਜ਼ਗੀ ਵੀ ਜਤਾਈ। ਮੀਟਿੰਗ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੰਦੇ ਹੋਏ ਗ੍ਰਿਫ਼ਤਾਰ ਕੀਤੇ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਤਾੜਨਾ ਕੀਤੀ ਹੈ। ਅਜਿਹਾ ਨਾ ਹੋਣ 'ਤੇ ਖਾਲਸਾ ਵਹੀਰ ਆਰੰਭ ਕਰਨ ਦਾ ਐਲਾਨ ਕੀਤਾ ਗਿਆ ਜੋ ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਲੋਕਾਂ ਅੱਗੇ ਸਰਕਾਰ ਦੇ ਸਿੱਖ ਵਿਰੋਧੀ ਚਿਹਰੇ ਨੂੰ ਨੰਗਾ ਕਰੇਗੀ। ਇਹ ਵਹੀਰ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਦੇਸ਼ ਭਰ ਵਿਚ ਚਲਾਈ ਜਾਵੇਗੀ। ਇਹ ਫ਼ੈਸਲਾ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸਭਾ ਸੁਸਾਇਟੀਆਂ ਅਤੇ ਨਿਹੰਗ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਸੱਦੀ ਗਈ ਸਾਂਝੀ ਮੀਟਿੰਗ ਵਿੱਚ ਕੀਤਾ ਗਿਆ। ਲਗਪਗ ਤਿੰਨ ਘੰਟੇ ਚੱਲੀ ਮੀਟਿੰਗ ਵਿਚ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਇਸ ਮੁੱਦੇ 'ਤੇ ਆਪਣੇ ਸੁਝਾਅ ਦਿੱਤੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਉਹ ਗ੍ਰਿਫ਼ਤਾਰ ਕੀਤੇ ਗਏ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਨੂੰ 24 ਘੰਟਿਆਂ ਵਿੱਚ ਰਿਹਾਅ ਕਰੇ, ਸਿੱਖ ਨੌਜਵਾਨਾਂ 'ਤੇ ਲਾਏ ਗਏ ਕੌਮੀ ਸੁਰੱਖਿਆ ਐਕਟ ਨੂੰ ਤੁਰੰਤ ਹਟਾਇਆ ਜਾਵੇ, ਹਰੀਕੇ ਹੈੱਡ ਵਰਕਸ 'ਤੇ ਸ਼ਾਂਤਮਈ ਧਰਨਾ ਦੇ ਰਹੇ ਸਿੱਖਾਂ ਦੇ ਜ਼ਬਤ ਕੀਤੇ ਵਾਹਨ ਤੁਰੰਤ ਛੱਡੇ ਜਾਣ ਅਤੇ ਬੰਦ ਕੀਤੇ ਗਏ ਵੈੱਬ ਚੈਨਲ ਤੇ ਸੋਸ਼ਲ ਮੀਡੀਆ ਖਾਤੇ ਵੀ ਤੁਰੰਤ ਚਾਲੂ ਕੀਤੇ ਜਾਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਨੂੰ ਨਾਲ ਲੈ ਕੇ ਖਾਲਸਾ ਵਹੀਰ ਆਰੰਭ ਕੀਤੀ ਜਾਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਦੇ ਜਬਰ ਦਾ ਸ਼ਿਕਾਰ ਹੋਏ ਸਿੱਖ ਨੌਜਵਾਨਾਂ ਅਤੇ ਜਿਨ੍ਹਾਂ ਨੌਜਵਾਨਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਲਗਾਇਆ ਗਿਆ ਹੈ, ਨੂੰ ਰੱਦ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਚਾਰਾਜੋਈ ਵਾਸਤੇ ਵਕੀਲਾਂ ਦੇ ਪੈਨਲ ਦਾ ਵੀ ਐਲਾਨ ਕੀਤਾ ਗਿਆ ਹੈ।

### ਸਿੱਖਾਂ ਦੀ ਸਾਖ ਨੂੰ ਖੋਰਾ ਲਾਉਣ ਵਾਲਿਆਂ ਨੂੰ ਕਾਨੂੰਨੀ ਨੋਟਿਸ ਭੇਜੇ ਜਾਣਗੇ

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੋਸ਼ ਲਾਇਆ ਕਿ ਸਰਕਾਰਾਂ ਦੀ ਇਸ ਕਾਰਵਾਈ ਨੇ ਸਿੱਖਾਂ ਦੇ ਕਿਰਦਾਰ ਦਾ ਘਾਣ ਕਰਨ ਦਾ ਯਤਨ ਕੀਤਾ ਹੈ। ਅਜਿਹਾ ਸਭ ਕੁਝ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਇਸੇ ਸਾਜ਼ਿਸ਼ ਹੇਠ ਨੈਸ਼ਨਲ ਮੀਡੀਆ ਨੇ ਸਿੱਖਾਂ ਦੀ ਸਾਖ਼ ਨੂੰ ਖੋਰਾ ਲਾਉਣ ਦਾ ਯਤਨ ਕੀਤਾ ਹੈ। ਇਹ ਗੰਭੀਰ ਮਾਮਲਾ ਹੈ ਅਤੇ ਇਸ ਦਾ ਜਵਾਬ ਉਸੇ ਢੰਗ ਨਾਲ ਦੇਣ ਦੀ ਲੋੜ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ ਹੁਕਮ ਕੀਤਾ ਹੈ ਕਿ ਉਹ ਸਿੱਖਾਂ ਦੇ ਚਰਿੱਤਰ ਦਾ ਘਾਣ ਅਤੇ ਸਿੱਖਾਂ ਦੀ ਸਾਖ਼ ਨੂੰ ਖੋਰਾ ਲਾਉਣ ਵਾਲੇ ਮੀਡੀਆ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਨ। ਉਨ੍ਹਾਂ ਨੂੰ ਕਾਨੂੰਨੀ ਨੋਟਿਸ ਭੇਜੇ ਜਾਣ।





## ਭਾਈ ਅੰਮ੍ਰਿਤਪਾਲ ਸਿੰਘ ਨੇ ਜਥੇਦਾਰ ਗਿ. ਹਰਪ੍ਰੀਤ ਸਿੰਘ ਨੂੰ ਵਿਸਾਖੀ 'ਤੇ ਸਰਬੱਤ ਖਾਲਸਾ ਸੱਦਣ ਦੀ ਕੀਤੀ ਅਪੀਲ

### ਮੈਂ ਜਿਥੇ ਵੀ ਹਾਂ ਚੜ੍ਹਦੀਕਲਾ 'ਚ ਹਾਂ : ਭਾਈ ਅੰਮ੍ਰਿਤਪਾਲ ਸਿੰਘ



ਜਲੰਧਰ : ਪੰਜਾਬ ਪੁਲਸ ਦੀ ਗ੍ਰਿਫ਼ਤ 'ਚੋਂ ਲਗਾਤਾਰ ਫਰਾਰ ਚੱਲ ਰਿਹਾ ਵਾਰਿਸ ਪੰਜਾਬ ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਿੰਘ 18 ਮਾਰਚ ਦੀ ਘਟਨਾ ਤੋਂ ਬਾਅਦ ਪਹਿਲੀ ਵਾਰ ਸਾਹਮਣੇ ਆਇਆ ਹੈ। ਅੰਮ੍ਰਿਤਪਾਲ ਵਲੋਂ ਜਾਰੀ ਕੀਤੀ ਗਈ ਵੀਡੀਓ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਸੱਦਣ ਦੀ ਅਪੀਲ ਕੀਤੀ ਹੈ। ਅੰਮ੍ਰਿਤਪਾਲ ਨੇ ਕਿਹਾ ਕਿ 18 ਮਾਰਚ ਨੂੰ ਉਸ ਦਾ ਮਾਲਵੇ ਵਿਚ ਪ੍ਰੋਗਰਾਮ ਸੀ ਜਿਸ ਲਈ ਉਹ ਘਰੋਂ ਨਿਕਲੇ ਅਤੇ ਵੱਡੀ ਗਿਣਤੀ ਵਿਚ ਪੁਲਸ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ, ਅੰਮ੍ਰਿਤਪਾਲ ਨੇ ਪੁਲਸ ਦੇ ਰਵੱਈਏ ਨੂੰ ਗ਼ਲਤ ਕਰਾਰ ਦਿੰਦਿਆਂ ਕਿਹਾ ਕਿ 18 ਮਾਰਚ ਦੀ ਘਟਨਾ ਤੋਂ ਬਾਅਦ ਇੰਟਰਨੈੱਟ ਬੰਦ ਹੋਣ ਕਰਕੇ ਉਹ ਕਿਸੇ ਨਾਲ ਸੰਪਰਕ ਨਹੀਂ ਕਰ ਸਕਿਆ।

ਅੰਮ੍ਰਿਤਪਾਲ ਨੇ ਕਿਹਾ ਕਿ ਇਹ ਮਸਲਾ ਸਿਰਫ ਮੇਰੀ ਗ੍ਰਿਫ਼ਤਾਰੀ ਦਾ ਨਹੀਂ ਹੈ, ਦੇਸ਼ਾਂ ਵਿਦੇਸ਼ਾਂ ਵਿਚ ਬੈਠੀਆਂ ਸੰਗਤਾਂ ਨੂੰ ਇਹ ਮਸਲਾ ਵਿਚਾਰਨਾ ਚਾਹੀਦਾ ਹੈ। ਅੰਮ੍ਰਿਤਪਾਲ ਨੇ ਕਿਹਾ ਕਿ ਵਿਸਾਖੀ ਮੌਕੇ ਸਰਬੱਤ ਖਾਲਸਾ ਦਾ ਇਕੱਠ ਕਰਨਾ ਚਾਹੀਦਾ ਹੈ। ਸਿੱਖ ਕੌਮ ਦੇ ਇਸ ਵੱਡੇ ਮਸਲੇ 'ਤੇ ਜਥੇਦਾਰ ਸਾਹਿਬ ਆਪ ਅੱਗੇ ਆ ਕੇ ਇਸ ਦੀ ਅਗਵਾਈ ਕਰਨੀ ਚਾਹੀਦੀ ਹੈ, ਪਿੰਡਾਂ ਵਿਚ ਵਹੀਰਾਂ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਹੈ। ਅੰਮ੍ਰਿਤਪਾਲ ਨੇ ਕਿਹਾ ਕਿ ਵਿਸਾਖੀ ਮੌਕੇ ਸੱਦਿਆਂ ਜਾਣ ਵਾਲਾ ਸਰਬੱਤ ਖਾਲਸਾ ਉਹ ਸਰਬੱਤ ਖਾਲਸਾ ਹੋਣਾ ਚਾਹੀਦਾ ਹੈ ਅਬਦਾਲੀ ਦੇ ਘੱਲੂਘਾਰੇ ਤੋਂ ਬਾਅਦ ਬੁਲਾਇਆ ਗਿਆ ਸੀ। ਉਸ ਸਮੇਂ ਵੱਡਾ ਸਰਬੱਤ ਖਾਲਸਾ ਹੋਇਆ ਸੀ, ਜੇ ਪੰਜਾਬ ਦੀ ਜਵਾਨੀ ਬਚਾਉਣਾ ਹੈ, ਪੰਜਾਬ ਨੂੰ ਬਚਾਉਣਾ ਹੈ ਤਾਂ ਸਭ ਨੂੰ ਅੱਗੇ ਆਉਣਾ ਪਵੇਗਾ।

## ਜਥੇਦਾਰ ਹਸਦੇ-ਵਸਦੇ ਲੋਕਾਂ ਨੂੰ ਨਾ ਭੜਕਾਉਣ: ਭਗਵੰਤ ਮਾਨ

ਚੰਡੀਗੜ੍ਹ : ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਲਟੀਮੇਟਮ ਦਿੱਤੇ ਜਾਣ ਤੋਂ ਬਾਅਦ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਥੇਦਾਰ ਪੰਜਾਬ ਦੇ ਹਸਦੇ-ਵਸਦੇ ਲੋਕਾਂ ਨੂੰ ਨਾ ਭੜਕਾਉਣ। ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ, 'ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਸਭ ਨੂੰ ਪਤਾ ਹੈ ਤੁਸੀਂ ਅਤੇ ਐੱਸਜੀਪੀਸੀ ਬਾਦਲਾਂ ਦਾ ਪੱਖ ਪੂਰਦੇ ਰਹੇ ਹੋ। ਇਤਿਹਾਸ ਦੇਖੋ, ਕਈ ਜਥੇਦਾਰਾਂ ਨੂੰ ਬਾਦਲਾਂ ਨੇ ਆਪਣੇ ਸੁਆਰਥ ਲਈ ਵਰਤਿਆ। ਚੰਗਾ ਹੁੰਦਾ ਜੇ ਤੁਸੀਂ ਅਲਟੀਮੇਟਮ ਬੇਅਦਬੀ ਅਤੇ ਗਾਇਬ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਲਈ ਜਾਰੀ ਕਰਦੇ, ਨਾ ਕਿ ਹਸਦੇ-ਵਸਦੇ ਲੋਕਾਂ ਨੂੰ ਭੜਕਾਉਣ ਲਈ।' ਜ਼ਿਕਰਯੋਗ ਹੈ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਨੌਜਵਾਨਾਂ ਦੇ ਮਾਮਲੇ 'ਤੇ ਬੀਤੇ ਦਿਨ ਇਕੱਤਰਤਾ ਸੱਦੀ ਸੀ ਤੇ ਪੰਜਾਬ ਸਰਕਾਰ ਨੂੰ 24 ਘੰਟਿਆਂ ਅੰਦਰ ਸਾਰੇ ਨੌਜਵਾਨ ਰਿਹਾਅ ਕਰਨ ਦਾ ਅਲਟੀਮੇਟਮ ਦਿੱਤਾ ਸੀ। ਅਜਿਹਾ ਨਾ ਹੋਣ 'ਤੇ ਖ਼ਾਲਸਾ ਵਹੀਰ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਸੀ। ਮੁੱਖ ਮੰਤਰੀ ਨੇ ਅੱਜ ਇਸ ਮਾਮਲੇ 'ਤੇ ਦਿਨ ਭਰ ਕਈ ਮੀਟਿੰਗਾਂ ਵੀ ਕੀਤੀਆਂ ਜਿਨ੍ਹਾਂ ਵਿਚ ਕੈਬਨਿਟ ਮੰਤਰੀ ਵੀ ਸ਼ਾਮਿਲ ਹੋਏ ਅਤੇ ਪੁਲੀਸ ਅਫ਼ਸਰਾਂ ਨਾਲ ਵੀ ਚਰਚਾ ਕੀਤੀ ਗਈ ਹੈ।



## ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਮੁਆਫ਼ੀ ਮੰਗਣ ਮੁੱਖ ਮੰਤਰੀ: ਸੁਖਬੀਰ ਬਾਦਲ

ਚੰਡੀਗੜ੍ਹ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸਰਕਾਰ ਨੂੰ ਦਿੱਤੇ ਅਲਟੀਮੇਟਮ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਤੀਕਿਰਿਆ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਬਾਦਲ ਨੇ ਨਿਸ਼ਾਨਾ ਲਾਇਆ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਇਕ ਕਠਪੁਤਲੀ ਮੁੱਖ ਮੰਤਰੀ ਝੂਠੀ ਸਰਕਾਰੀ ਤਾਕਤ ਦੇ ਨਸ਼ੇ ਵਿਚ ਇੰਨਾ ਅੰਨ੍ਹਾ ਹੋ ਗਿਆ ਹੈ ਕਿ ਦਿੱਲੀ ਬੈਠੀ ਸਿੱਖ ਵਿਰੋਧੀ ਲਾਬੀ ਦੀ ਸ਼ਹਿ ਅਤੇ ਬੇਗਾਨਿਆਂ ਦੀ ਚੁੱਕ 'ਚ ਆ ਕੇ ਉਹ ਗੁਰੂਘਰ ਨਾਲ ਹੀ ਮੱਥਾ ਲਾਉਣ ਦੀ ਹਿਮਾਕਤ ਕਰ ਬੈਠਾ ਹੈ।



ਉਨ੍ਹਾਂ ਲਿਖਿਆ ਕਿ ਇਸ ਦਾ ਹਸ਼ਰ ਵੀ ਉਹੀ ਹੋਵੇਗਾ, ਜੋ ਸਿੱਖ ਇਤਿਹਾਸ ਵਿਚ ਗੁਰੂਘਰ ਨਾਲ ਖ਼ਾਸ ਕਰਕੇ ਖ਼ਾਲਸਾ ਪੰਥ ਦੀ ਸਰਵਉੱਚ ਸੰਸਥਾ ਛੇਵੇਂ ਪਾਤਸ਼ਾਹ ਵੱਲੋਂ ਬਖ਼ਸ਼ੇ ਮੀਰੀ ਪੀਰੀ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਰੁੱਧ ਜੰਗ ਛੇੜਨ ਵਾਲਿਆਂ ਦਾ ਹੁੰਦਾ ਆਇਆ ਹੈ। ਸੰਸਦ ਮੈਂਬਰ ਬਾਦਲ ਨੇ ਅੱਗੇ ਲਿਖਿਆ ਕਿ ਅਜੇ ਵੀ ਸਮਾਂ ਹੈ ਕਿ ਭਗਵੰਤ ਮਾਨ ਆਪਣੀ ਇਸ ਮੂਰਖਾਨਾ ਧਾਰਮਿਕ ਅਵੱਗਿਆ ਦੇ ਪਸ਼ਚਾਤਾਪ ਵਜੋਂ ਬਿਨਾਂ ਦੇਰੀ ਅਤੇ ਬਿਨਾਂ ਸ਼ਰਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਮੰਗ ਲਵੇ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਪਰਦਾਵਾਂ, ਜਥੇਬੰਦੀਆਂ, ਸਿੱਖ ਵਿਦਵਾਨਾਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਦੀ ਜ਼ਰੂਰੀ ਇਕੱਤਰਤਾ ਹੋਈ। ਬੈਠਕ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਸ਼ਿਆਂ ਅਤੇ ਪਤਿਤਪੁਣੇ ਖ਼ਿਲਾਫ ਅਤੇ ਸਿੱਖ ਨੌਜਵਾਨਾਂ ਨੂੰ ਅੰਮ੍ਰਿਤਧਾਰੀ ਬਣਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਨਾਮਵਰ ਸਿੱਖ ਜਥੇਬੰਦੀਆਂ ਤੇ ਸੰਪਰਦਾਵਾਂ ਨੂੰ ਨਾਲ ਲੈ ਕੇ ਖਾਲਸਾ ਵਹੀਰ ਆਰੰਭ ਕਰਨ ਦਾ ਐਲਾਨ ਕਰਦਿਆਂ ਸਰਕਾਰ ਨੂੰ ਗ੍ਰਿਫ਼ਤਾਰ ਕੀਤੇ ਨੌਜਵਾਨਾਂ ਨੂੰ 24 ਘੰਟੇ ਅੰਦਰ ਰਿਹਾਅ ਕਰਨ ਦਾ ਅਲਟੀਮੇਟਮ ਦਿੱਤਾ।

## ਜਥੇਦਾਰ ਵੱਲੋਂ ਮੁੱਖ ਮੰਤਰੀ ਨੂੰ ਮੋੜਵਾਂ ਜਵਾਬ

ਅੰਮ੍ਰਿਤਸਰ : ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੋਸ਼ਲ ਮੀਡੀਆ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ 'ਤੇ ਪਾਈ ਗਈ ਇੱਕ ਪੋਸਟ ਤੋਂ ਬਾਅਦ ਇਸ ਦਾ ਜਵਾਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੀ ਦਿੱਤਾ ਗਿਆ ਹੈ। ਜਥੇਦਾਰ ਨੇ ਮੁੱਖ ਮੰਤਰੀ ਨੂੰ ਆਖਿਆ ਕਿ ਜਿਵੇਂ ਉਹ (ਮੁੱਖ ਮੰਤਰੀ) ਪੰਜਾਬ ਦੀ ਨੁਮਾਇੰਦਗੀ ਕਰਦੇ ਹਨ, ਉਸੇ ਤਰ੍ਹਾਂ ਉਹ ਵੀ ਆਪਣੀ ਕੌਮ ਦੇ ਨਿਮਾਣੇ ਜਿਹੇ ਨੁਮਾਇੰਦੇ ਹਨ। ਉਨ੍ਹਾਂ ਨੂੰ ਵੀ ਆਪਣੀ ਕੌਮ ਦੇ ਨਿਰਦੋਸ਼ ਨੌਜਵਾਨਾਂ ਦੇ ਹੱਕ ਦੀ ਗੱਲ ਕਰਨ ਦਾ ਅਧਿਕਾਰ ਹੈ ਤੇ ਇਹ ਉਨ੍ਹਾਂ ਦਾ ਫਰਜ਼ ਵੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ, 'ਤੁਸੀਂ ਠੀਕ ਕਿਹਾ ਹੈ ਕਿ ਅਕਸਰ ਹੀ ਭੋਲੇ-ਭਾਲੇ ਧਾਰਮਿਕ ਲੋਕਾਂ ਨੂੰ ਰਾਜਸੀ ਲੋਕ ਵਰਤ ਜਾਂਦੇ ਹਨ ਪਰ ਮੈਂ ਇਸ ਪੱਖੋਂ ਪੂਰਾ ਸੁਚੇਤ ਹਾਂ। ਤੁਸੀਂ ਆਪਣਾ ਧਿਆਨ ਰੱਖੋ, ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ, ਪੰਜਾਬ ਨੂੰ ਤੰਦੂਰ ਵਾਂਗ ਮਘਦਾ ਰੱਖਣ ਲਈ ਆਪ ਜੀ ਵਰਗੇ ਰਾਜਨੀਤਕ ਲੋਕਾਂ ਨੂੰ ਰਾਜਨੀਤਕ ਲੋਕ ਨਾ ਵਰਤ ਜਾਣ।' ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਰਾਜਨੀਤੀ ਲਈ ਸੰਵਾਦ ਬਾਅਦ ਵਿੱਚ ਕਰਾਂਗੇ, ਪਹਿਲਾਂ ਆਓ ਰਲ ਕੇ ਪੰਜਾਬ ਨੂੰ ਬਚਾਈਏ ਤੇ ਘਰ ਉਡੀਕ ਰਹੀਆਂ ਮਾਵਾਂ ਨੂੰ ਉਨ੍ਹਾਂ ਦੇ ਜੇਲ੍ਹਾਂ ਵਿੱਚ ਡੱਕੇ ਨਿਰਦੋਸ਼ ਪੁੱਤਰਾਂ ਨਾਲ ਮਿਲਾਈਏ ਅਤੇ ਅਸੀਸ ਲਈਏ। ਇਸ ਤੋਂ ਪਹਿਲਾਂ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਆਖਿਆ ਗਿਆ ਸੀ ਕਿ ਸਭ ਨੂੰ ਪਤਾ ਹੈ ਕਿ ਤੁਸੀਂ ਸ਼੍ਰੋਮਣੀ ਕਮੇਟੀ ਤੇ ਬਾਦਲਾਂ ਦਾ ਪੱਖ ਪੂਰਦੇ ਰਹੇ ਹੋ ...ਕਈ ਜਥੇਦਾਰਾਂ ਨੂੰ ਬਾਦਲਾਂ ਨੇ ਆਪਣੇ ਸੁਆਰਥ ਲਈ ਵਰਤਿਆ... ਚੰਗਾ ਹੁੰਦਾ ਜੇ ਤੁਸੀਂ ਅਲਟੀਮੇਟਮ ਬੇਅਦਬੀ ਅਤੇ ਗਾਇਬ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਲਈ ਜਾਰੀ ਕਰਦੇ...।



# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨੁਕਸਾਨੀਆਂ ਫ਼ਸਲਾਂ ਦਾ ਜਾਇਜ਼ਾ

## ਸੱਤ ਦਿਨ ਅੰਦਰ ਵਿਸ਼ੇਸ਼ ਗਿਰਦਾਵਰੀ ਮੁਕੰਮਲ ਕਰਨ ਦੇ ਹੁਕਮ; 15 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਐਲਾਨਿਆ



ਮੋਗਾ : ਮੁੱਖ ਮੰਤਰੀ ਭਗਵੰਤ ਮਾਨ ਨੇ ਬੇਮੌਸਮੇ ਮੀਂਹ ਤੇ ਗੜਿਆਂ ਕਾਰਨ ਨੁਕਸਾਨੀਆਂ ਫ਼ਸਲਾਂ ਦਾ ਮੋਗਾ ਜ਼ਿਲ੍ਹੇ ਦੀ ਸਬ ਡਿਵੀਜ਼ਨ ਨਿਹਾਲ ਸਿੰਘ ਵਾਲਾ ਅਧੀਨ ਪਿੰਡ ਖਾਈ ਵਿਚ ਜਾਇਜ਼ਾ ਲਿਆ। ਉਹ ਮਾਨਸਾ, ਬਠਿੰਡਾ, ਪਟਿਆਲਾ, ਮੁਕਤਸਰ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਦਾ ਵੀ ਦੌਰਾ ਕਰਨਗੇ। ਉਹ ਹੈਲੀਕਾਪਟਰ ਰਾਹੀਂ ਸਭ ਤੋਂ ਪਹਿਲਾਂ ਇਥੇ ਪੁੱਜੇ। ਉਨ੍ਹਾਂ ਨੁਕਸਾਨੀ ਕਣਕ ਦੇ 15 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦਾ ਐਲਾਨ ਕਰਦਿਆਂ ਦੱਸਿਆ ਕਿ ਸੱਤ ਦਿਨ ਅੰਦਰ ਅੰਦਰ ਵਿਸ਼ੇਸ਼ ਗਿਰਦਾਵਰੀ ਮੁਕੰਮਲ ਕਰਕੇ 5 ਅਪਰੈਲ ਤੱਕ ਕਿਸਾਨਾ ਨੂੰ ਮੁਆਵਜ਼ਾ ਜਾਰੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿਚ ਕਈ ਦਿਨ ਤੱਕ ਰੁਕ ਰੁਕ ਪਏ ਮੀਂਹ ਕਾਰਨ ਤਿਆਰ ਕਣਕ ਦੀ ਫਸਲ ਦਾ ਨੁਕਸਾਨ ਹੋਇਆ ਹੈ, ਜਿਸ ਕਰਕੇ ਵਿਸ਼ੇਸ਼ ਗਿਰਦਾਵਰੀ ਕਰਨ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਕਣਕ ਤੋਂ ਇਲਾਵਾ ਮੀਂਹ ਨਾਲ ਢਹਿ ਢੇਰੀ ਹੋਏ ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਦੀ ਰਿਪੋਰਟ ਹਾਸਲ ਕਰਕੇ ਪੀੜਤਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ।

## ਕੋਟਕਪੂਰਾ ਗੋਲੀ ਕਾਂਡ

# ਉਮਰਾਨੰਗਲ ਤੇ ਚਰਨਜੀਤ ਸ਼ਰਮਾ ਵੱਲੋਂ ਸਮਰਪਣ



ਫ਼ਰੀਦਕੋਟ : ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਫ਼ਰੀਦਕੋਟ ਦੇ ਸਾਬਕਾ ਐੱਸ.ਐੱਸ.ਪੀ ਚਰਨਜੀਤ ਸ਼ਰਮਾ ਨੇ ਅੱਜ ਇੱਥੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਮੁਤਾਬਿਕ ਆਤਮ-ਸਮਰਪਣ ਕਰ ਦਿੱਤਾ। ਉਪਰੰਤ ਹਾਈ ਕੋਰਟ ਨੇ ਇਨ੍ਹਾਂ ਦੋਹਾਂ ਪੁਲੀਸ ਅਧਿਕਾਰੀਆਂ ਨੂੰ ਮੁਕੱਦਮਾ ਚੱਲਣ ਤੱਕ ਜ਼ਮਾਨਤ ’ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਨੇ ਅਦਾਲਤ ਵਿੱਚ 5-5 ਲੱਖ ਰੁਪਏ ਦੇ ਮੁਚੱਲਕੇ ਭਰੇ ਅਤੇ ਇਸ ਤੋਂ ਬਾਅਦ ਅਦਾਲਤ ਨੇ ਇਨ੍ਹਾਂ ਪੁਲੀਸ ਅਧਿਕਾਰੀਆਂ ਨੂੰ ਚਲਾਨ ਦੀਆਂ ਨਕਲਾਂ ਸੌਂਪ ਦਿੱਤੀਆਂ। ਇਸੇ ਦਰਮਿਆਨ ਡੀ.ਆਈ.ਜੀ. ਅਮਰ ਸਿੰਘ ਚਾਹਲ ਨੇ ਵੀ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਪੇਸ਼ ਹੋਣ ਦੀ ਇੱਛਾ ਜ਼ਾਹਿਰ ਕਰਦਿਆਂ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਹੈ। ਅਦਾਲਤ ਨੇ ਅੱਜ ਬਹਿਸ ਸੁਣਨ ਤੋਂ ਬਾਅਦ ਕੇਸ ਦੀ ਸੁਣਵਾਈ 29 ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ। ਅਮਰ ਸਿੰਘ ਚਾਹਲ ਨੂੰ ਇਲਾਕਾ ਮੈਜਿਸਟਰੇਟ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਸਨ, ਪਰ ਉਨ੍ਹਾਂ ਦੇ ਘਰ ਜਿੰਦਰਾ ਲੱਗਾ ਹੋਣ ਕਾਰਨ ਜਾਂਚ ਟੀਮ ਉਨ੍ਹਾਂ ਨੂੰ ਸੰਮਨ ਨਹੀਂ ਸੌਂਪ ਸਕੀ। ਇਸ ਕਰਕੇ ਅਦਾਲਤ ਨੇ ਅਮਰ ਸਿੰਘ ਚਾਹਲ ਦੇ ਦੁਬਾਰਾ ਸੰਮਨ ਜਾਰੀ ਕੀਤੇ ਸਨ। ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਵੀ ਇਸ ਕੇਸ ਵਿੱਚ ਹਾਈ ਕੋਰਟ ਵੱਲੋਂ ਜ਼ਮਾਨਤ ਮਿਲ ਚੁੱਕੀ ਹੈ, ਪਰ ਅਜੇ ਤੱਕ ਉਹ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ। ਜੁਡੀਸ਼ੀਅਲ ਮੈਜਿਸਟਰੇਟ ਅਜੈਪਾਲ ਸਿੰਘ ਨੇ ਪਰਮਰਾਜ ਸਿੰਘ ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਨੂੰ ਜ਼ਮਾਨਤ ’ਤੇ ਰਿਹਾਅ ਕਰਨ ਤੋਂ ਬਾਅਦ ਉਨ੍ਹਾਂ ਨੂੰ ਮੁੜ 12 ਅਪਰੈਲ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।

# ਪੰਜਾਬ ਦੇ ਫੰਡ ਰੋਕ ਰਹੀ ਹੈ ਕੇਂਦਰ ਸਰਕਾਰ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ ਜਲੰਧਰ ਵਾਸੀਆਂ ਨੂੰ 100 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਤੋਹਫ਼ਾ

ਜਲੰਧਰ : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸੂਬਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰ ਕੇ ਕੇਂਦਰ ਸਰਕਾਰ ਸੂਬਿਆਂ ਦੇ ਕਾਨੂੰਨੀ ਹੱਕਾਂ ਉਤੇ ਡਾਕੇ ਮਾਰ ਰਹੀ ਹੈ ਅਤੇ ਸੂਬਿਆਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਹ ਅੱਜ ਇੱਥੇ ਵੱਖ ਵੱਖ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣ ਤੇ ਉਦਘਾਟਨ ਕਰਨ ਲਈ ਪਹੁੰਚੇ ਹੋਏ ਸਨ। ਇੱਥੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨਿਯੁਕਤ ਰਾਜਪਾਲ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਦੀ ਆਵਾਜ਼ ਦਬਾਉਣ ਲਈ ਕੰਮ ਕਰ ਰਹੇ ਹਨ ਜਿਹੜਾ ਜਮਹੂਰੀਅਤ ਤੇ ਸੰਘੀ ਢਾਂਚੇ ਲਈ ਨੁਕਸਾਨਦੇਹ ਹੈ ਅਤੇ ਕੇਂਦਰ ਸਰਕਾਰ ਦਾ ਤਾਨਾਸ਼ਾਹੀ ਰਵੱਈਆ ਜਮਹੂਰੀ ਤਾਣੇ-ਬਾਣੇ ਲਈ ਘਾਤਕ ਹੈ। ਉਨ੍ਹਾਂ ਕਿਹਾ ਕਿ ਪੇਂਡੂ ਵਿਕਾਸ ਫੰਡ (ਆਰਡੀਐੱਫ) ਦੇ 30 ਹਜ਼ਾਰ ਕਰੋੜ ਰੁਪਏ ਹਾਲੇ ਤੱਕ ਕੇਂਦਰ ਸਰਕਾਰ ਕੋਲ ਬਕਾਇਆ ਹਨ। ਪੰਜਾਬ ਸਰਕਾਰ ਨੇ ਸਾਰੀ ਕਾਗਜ਼ੀ ਕਾਰਵਾਈ ਮੁਕੰਮਲ ਕਰ ਲਈ ਹੈ ਪਰ ਕੇਂਦਰ ਸਰਕਾਰ ਬੇਲੋੜੇ ਅੜਿੱਕੇ ਡਾਹ ਕੇ ਆਰਡੀਐੱਫ ਤੇ ਜੀਐੱਸਟੀ ਫੰਡਾਂ ਨੂੰ ਰੋਕ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਹੋਰ ਫ਼ੈਸਲੇ ਵਿੱਚ




ਕੇਂਦਰ ਵੱਲੋਂ ਪੰਜਾਬ ਨੂੰ ਕੋਲਾ ਸ੍ਰੀਲੰਕਾ ਰਾਹੀਂ ਲਿਆਉਣ ਲਈ ਕਿਹਾ ਗਿਆ ਸੀ। ਅਜਿਹਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਸੀ ਤੇ ਅਜਿਹੇ ਫ਼ੈਸਲਿਆਂ ਨਾਲ ਕੇਂਦਰ ਤੇ ਸੂਬਿਆਂ ਦੇ ਰਿਸ਼ਤਿਆਂ ਉਤੇ ਮਾੜਾ ਪ੍ਰਭਾਵ ਪੈਂਦਾ ਹੈ। ਇਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਕਾਨੂੰਨ ਆਪਣਾ ਕੰਮ ਕਰੇਗਾ। ਉਨ੍ਹਾਂ ਸੂਬੇ ਵਿੱਚ ਹਰ ਕੀਮਤ ਉਤੇ ਕਾਨੂੰਨ-ਵਿਵਸਥਾ ਬਰਕਰਾਰ ਰੱਖਣ ਲਈ ‘ਆਪ’ ਸਰਕਾਰ ਦੀ ਵਚਨਬੱਧਤਾ ਦੁਹਰਾਈ। ਇਸੇ ਦੌਰਾਨ ਮੁੱਖ ਮੰਤਰੀ ਨੇ ਜਲੰਧਰ ਵਾਸੀਆਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਸ਼ਹਿਰ ਦੀ ਕਾਇਆ-ਕਲਪ ਲਈ ਕੁੱਲ 100 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਅਤੇ ਕਈ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ। ਮੁੱਖ ਮੰਤਰੀ ਨੇ 84 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਵੇਰਕਾ ਦਾ ਦੁੱਧ ਉਤਪਾਦਨ ਪਲਾਂਟ ਸ਼ਹਿਰ ਵਾਸੀਆਂ ਨੂੰ ਸਮਰਪਿਤ ਕੀਤਾ। ਉਨ੍ਹਾਂ ਬਸਤੀ ਦਾਨਿਸ਼ਮੰਦਾਂ ਵਿੱਚ 4.83 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਮਾਰਟ ਸਕੂਲ ਦਾ ਵਰਚੁਅਲ ਉਦਘਾਟਨ ਕੀਤਾ। ਭਗਵੰਤ ਮਾਨ ਨੇ ਸ਼ਹਿਰ ਦੇ ਲੈਦਰ ਕੰਪਲੈਕਸ ਵਿੱਚ ਸੜਕਾਂ ਤੇ ਸਟਰੀਟ ਲਾਈਟਾਂ ਲਾਉਣ ਦੇ ਪ੍ਰਾਜੈਕਟ ਦਾ ਵੀ ਨੀਂਹ ਪੱਥਰ ਰੱਖਿਆ।

# ਸੁੱਖੂ ਦਾ ਮਾਨ ਨੂੰ ਭਰੋਸਾ: ਵਾਟਰ ਸੈੱਸ ਸਿਰ.ਫ ਹਿਮਾਚਲ ਪ੍ਰਦੇਸ਼ ਦੇ ਹਾਈਡਰੋ ਪਾਵਰ ਪ੍ਰਾਜੈਕਟਾਂ ’ਤੇ ਹੀ ਲੱਗੇਗਾ

ਚੰਡੀਗੜ੍ਹ : ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਅੱਜ ਸਵੇਰੇ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ’ਤੇ ਮੁਲਾਕਾਤ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਿਮਾਚਲ ਪ੍ਰਦੇਸ਼ ਵੱਲੋਂ ਹਾਈਡਰੋ ਪਾਵਰ ਪਲਾਂਟਾਂ ’ਤੇ ਪ੍ਰਸਤਾਵਿਤ ਵਾਟਰ ਸੈੱਸ ਲਾਉਣ ਦਾ ਮੁੱਦਾ ਆਪਣੇ ਹਮਰੁਤਬਾ ਸੁਖਵਿੰਦਰ ਸੁੱਖੂ ਕੋਲ ਉਠਾਇਆ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਪਣ-ਬਿਜਲੀ ਪਲਾਂਟਾਂ ’ਤੇ ਪ੍ਰਸਤਾਵਿਤ ਵਾਟਰ ਸੈੱਸ ਲਾਗੂ ਕਰਨ ਬਾਰੇ ਸੂਬੇ ਦੀ ਚਿੰਤਾ ਜ਼ਾਹਰ ਕੀਤੀ। ਸ੍ਰੀ ਮਾਨ ਨੇ ਕਿਹਾ ਕਿ ਇਸ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਹ ਸੂਬੇ ਦੇ ਹਿੱਤਾਂ ਖ਼ਿਲਾਫ਼ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਵਾਟਰ ਸੈੱਸ ਸਿਰਫ਼ ਉਨ੍ਹਾਂ ਦੇ ਆਪਣੇ ਸੂਬੇ ਦੇ ਪਣ-ਬਿਜਲੀ ਪਲਾਂਟਾਂ ’ਤੇ ਲਗਾਇਆ ਜਾਵੇਗਾ ਅਤੇ ਕਿਹਾ ਕਿ ਇਹ ਪੰਜਾਬ ਵਿੱਚ ਲਾਗੂ ਨਹੀਂ ਹੋਵੇਗਾ। ਮਸਲੇ ਦੇ ਹੱਲ ਲਈ ਦੋਵਾਂ ਮੁੱਖ ਮੰਤਰੀਆਂ ਨੇ ਇਸ ਗੱਲ ’ਤੇ ਸਹਿਮਤੀ ਪ੍ਰਗਟਾਈ ਕਿ ਰਾਜਾਂ ਦੇ ਮੁੱਖ ਸਕੱਤਰ ਅਤੇ ਬਿਜਲੀ ਸਕੱਤਰ ਹਰ ਪੰਦਰਵਾੜੇ ਬਾਅਦ ਮੀਟਿੰਗ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜਾਂ ਵਿਚਕਾਰ ਕੋਈ ਝਗੜਾ ਨਾ ਹੋਵੇ। ਉਨ੍ਹਾਂ ਕਿਹਾ ਕਿ ਦੋਵਾਂ ਰਾਜਾਂ ਦੇ ਉੱਚ ਅਧਿਕਾਰੀ ਰਾਜਾਂ ਨੂੰ ਦਰਪੇਸ਼ ਮੁੱਦਿਆਂ ਨੂੰ ਆਪਸੀ ਤਾਲਮੇਲ ਨਾਲ ਹੱਲ



ਕਰਨਗੇ ਤਾਂ ਜੋ ਉਨ੍ਹਾਂ ਵਿਚਕਾਰ ਕਿਸੇ ਮਸਲੇ ਉਤੇ ਕੋਈ ਮਤਭੇਦ ਨਾ ਰਹੇ। ਦੋਵਾਂ ਮੁੱਖ ਮੰਤਰੀਆਂ ਨੇ ਦੋਵਾਂ ਰਾਜਾਂ ਦੇ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਲਈ ਸਹਿਮਤੀ ਪ੍ਰਗਟਾਈ। ਇਕ ਹੋਰ ਮੁੱਦਾ ਚੁੱਕਦਿਆਂ ਮੁੱਖ ਮੰਤਰੀ ਨੇ ਸ੍ਰੀ ਆਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਵਿਚਕਾਰ ਰੋਪਵੇਅ ਦੀ ਵਕਾਲਤ ਕੀਤੀ ਤਾਂ ਜੋ ਦੋਵਾਂ ਰਾਜਾਂ ਨੂੰ ਆਪਸੀ ਲਾਭ ਹੋ ਸਕੇ। ਉਨ੍ਹਾਂ ਕਿਹਾ ਕਿ ਰੋਪਵੇਅ ਨਾਲ ਇਨ੍ਹਾਂ ਦੋਵਾਂ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਲੱਖਾਂ ਸ਼ਰਧਾਲੂਆਂ ਨੂੰ ਸਹੂਲਤ ਮਿਲੇਗੀ। ਦੋਵੇਂ ਮੁੱਖ ਮੰਤਰੀਆਂ ਨੇ ਇਸ ਗੱਲ ’ਤੇ ਸਹਿਮਤੀ ਪ੍ਰਗਟਾਈ ਕਿ ਇਹ ਪ੍ਰਾਜੈਕਟ ਦੋਵਾਂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਖਾਲਾ ਬਣਾਵੇਗਾ, ਜੋ ਇਕ ਦੂਜੇ ਤੋਂ ਕਾਫ਼ੀ ਦੂਰ ਸਥਿਤ ਹਨ ਅਤੇ ਪਹਾੜੀ ਖੇਤਰ ਉਨ੍ਹਾਂ ਦੀਆਂ ਸਮੱਸਿਆਵਾਂ ਵਿੱਚ ਵਾਧਾ ਕਰਦਾ ਹੈ। ਇਸ ਦੌਰਾਨ ਦੋਵਾਂ ਮੁੱਖ ਮੰਤਰੀਆਂ ਨੇ ਸੈਰ ਸਪਾਟੇ ਨੂੰ ਹੁਲਾਰਾ ਦੇਣ ਲਈ ਪਠਾਨਕੋਟ-ਡਲਹੌਜ਼ੀ ਰੋਪਵੇਅ ਪ੍ਰਾਜੈਕਟ ਸਥਾਪਤ ਕਰਨ ’ਤੇ ਵੀ ਸਹਿਮਤੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸੈਲਾਨੀਆਂ ਦੀ ਸਹੂਲਤ ਦੇ ਨਾਲ-ਨਾਲ ਇਹ ਦੋਵਾਂ ਰਾਜਾਂ ਦੇ ਸਮਾਜਿਕ-ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਵੀ ਮਦਦ ਕਰੇਗਾ। ਦੋਵਾਂ ਆਗੂਆਂ ਨੇ ਇਸ ਖੇਤਰ ਵਿੱਚ ਸੈਰ-ਸਪਾਟੇ ਦੀ ਵੱਡੀ ਸੰਭਾਵਨਾ ’ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਸੈਰ-ਸਪਾਟੇ ਦੀ ਸਹੂਲਤ ਲਈ ਸਾਂਝੇ ਤੌਰ ’ਤੇ ਕੰਮ ਕਰਨਾ ਦੋਵਾਂ ਰਾਜਾਂ ਦੇ ਹਿੱਤ ਵਿੱਚ ਹੈ। ਮੁੱਖ ਮੰਤਰੀ ਨੇ ਬਿਜਲੀ ਖੇਤਰ ਵਿੱਚ ਵੀ ਦੋਵਾਂ ਸੂਬਿਆਂ ਦਰਮਿਆਨ ਆਪਸੀ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਪੀਕ ਸੀਜ਼ਨ ਦੌਰਾਨ ਆਪਣੇ ਕੋਲ ਮੌਜੂਦ ਵਾਧੂ ਬਿਜਲੀ ਪੰਜਾਬ ਨੂੰ ਵੇਚ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਵਿੱਚ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦਾ ਮਸਲਾ ਹੱਲ ਕਰਨ ਵਿੱਚ ਵੱਡੀ ਮਦਦ ਮਿਲੇਗੀ।

# ਜਲੰਧਰ ਵਿਚ ਹੋਣ ਵਾਲੀ ਜ਼ਿਮਨੀ ਚੋਣ ਦੀ ਤਾਰੀਖ਼ ਦਾ ਹੋਇਆ ਐਲਾਨ

ਜਲੰਧਰ : ਚੋਣ ਕਮਿਸ਼ਨ ਵਲੋਂ ਜਲੰਧਰ ਲੋਕ ਸਭਾ ਹਲਕੇ ’ਤੇ ਹੋਣ ਵਾਲੀ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ। ਚੋਣ ਕਮਿਸ਼ਨ ਵਲੋਂ ਕੀਤੇ ਗਏ ਐਲਾਨ ਮੁਤਾਬਕ 10 ਮਈ ਦਿਨ ਬੁੱਧਵਾਰ ਨੂੰ ਵੋਟਿੰਗ ਹੋਵੇਗੀ। ਇਸ ਜ਼ਿਮਨੀ ਚੋਣ ਦਾ ਨਤੀਜਾ 13 ਮਈ ਨੂੰ ਐਲਾਨਿਆ ਜਾਵੇਗਾ। ਚੋਣ ਕਮਿਸ਼ਨ ਵਲੋਂ ਜ਼ਿਮਨੀ ਚੋਣ ਦੀ ਤਾਰੀਖ਼ ਦੇ ਐਲਾਨ ਦੇ ਨਾਲ ਹੀ ਜਲੰਧਰ ਵਿਚ ਚੋਣ ਜ਼ਾਬਤਾ ਲੱਗ ਗਿਆ ਹੈ। ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਕਾਂਗਰਸ ਨੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਵਲੋਂ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਇਥੇ ਹੋਣ ਵਾਲੀ ਜ਼ਿਮਨੀ ਚੋਣ ਲਈ ਭਾਵੇਂ ਕਾਂਗਰਸ ਨੇ ਉਮਦੀਵਾਰ ਨੂੰ ਮੈਦਾਨ ਵਿਚ ਉਤਾਰ ਦਿੱਤਾ ਹੈ ਪਰ ਅਜੇ ਤਕ ਹੋਰ ਕਿਸੇ ਪਾਰਟੀ ਨੇ ਇਥੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਇਥੋਂ ਤਕ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਵੀ ਇਥੇ ਅਜੇ ਤਕ ਉਮੀਦਵਾਰ ਨਹੀਂ ਐਲਾਨਿਆ ਹੈ। ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸੀ ਆਗੂ ਸੰਤੋਖ ਸਿੰਘ ਚੌਧਰੀ ਦਾ ਲੰਘੀਂ 14 ਜਨਵਰੀ ਨੂੰ ਉਸ ਸਮੇਂ ਦੇਹਾਂਤ ਹੋ ਗਿਆ ਸੀ ਜਦੋਂ ਉਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਿਰਕਤ ਕਰਨ ਪਹੁੰਚੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਜਿਸ ਤੋਂ ਬਾਅਦ ਉਨ੍ਹਾਂ ਦੇ ਸੁਰੱਖਿਆ ਦਸਤੇ ਵਲੋਂ ਤੁਰੰਤ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਰਾਧੇ ਸਵਾਮੀ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਕੀਤੀ ਮੁਲਾਕਾਤ

## ਦੋਵਾਂ ਵਿਚਾਲੇ ਕਰੀਬ ਇਕ ਘੰਟਾ ਬੰਦ ਕਮਰਾ ਮੀਟਿੰਗ





(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਬਿਆਸ/ਬਾਬਾ ਬਕਾਲਾ ਸਾਹਿਬ : ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਡੇਰਾ ਬਿਆਸ ਪੁੱਜੇ ਹਨ। ਜਿਥੇ ਉਨ੍ਹਾਂ ਦਾ ਡੇਰਾ ਬਿਆਸ ਵਿਚਲੇ ਹੈਲੀਪੈਡ ’ਤੇ ਡਾ. ਰਾਜ ਕੁਮਾਰ ਵੇਰਕਾ ਅਤੇ ਸ਼ਵੇਤ ਮਲਿਕ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਰਾਜਨਾਥ ਸਿੰਘ ਰਾਧਾ ਸੁਆਮੀ ਸਤਿਸੰਗ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਮਿਲੇ ਅਤੇ ਦੋਵਾਂ ਵਿਚਾਲੇ ਕਰੀਬ ਇਕ ਘੰਟਾ ਬੰਦ ਕਮਰਾ ਮੀਟਿੰਗ ਵੀ ਹੋਈ। ਸੂਤਰਾਂ ਮੁਤਾਬਕ ਰੱਖਿਆ ਮੰਤਰੀ ਸਵੇਰੇ 9.30 ਵਜੇ ਬਿਆਸ ਪਹੁੰਚੇ। ਡੇਰੇ ਦੇ ਅਧਿਕਾਰੀਆਂ ਮੁਤਾਬਕ ਰੱਖਿਆ ਮੰਤਰੀ ਸਤਿਸੰਗ ਸਥਾਨ ’ਤੇ ਵੀ ਗਏ, ਜਿੱਥੇ ਉਨ੍ਹਾਂ ਨੇ ਕਰੀਬ ਅੱਧਾ ਘੰਟਾ ਬਿਤਾਇਆ। ਬਾਅਦ ਵਿਚ ਉਨ੍ਹਾਂ ਨੇ ਸਤਿਸੰਗ ਦੇ ਲੰਗਰ ਘਰ ਦਾ ਦੌਰਾ ਕੀਤਾ। ਡੇਰਾ ਬਿਆਸ ਪਹੁੰਚਣ ’ਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਨੇ ਰਾਜਨਾਥ ਸਿੰਘ ਦੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਡੇਰੇ ਦੇ ਵੱਖ-ਵੱਖ ਹਿੱਸਿਆਂ ਬਾਰੇ ਜਾਣੂ ਕਰਵਾਇਆ। ਇਸ ਤੋਂ ਪਹਿਲਾਂ ਅੰਮ੍ਰਿਤਸਰ ਦੌਰੇ ’ਤੇ ਆਏ ਰਾਜਨਾਥ ਸਿੰਘ ਦਿੱਲੀ ਤੋਂ ਸਿੱਧੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਏਅਰਪੋਰਟ ’ਤੇ ਪਹੁੰਚੇ। ਇਸ ਤੋਂ ਬਾਅਦ ਉਹ ਸਿੱਧਾ ਡੇਰਾ ਰਾਧਾ ਸਵਾਮੀ ਬਿਆਸ ਲਈ ਰਵਾਨਾ ਹੋਏ। ਅੰਮ੍ਰਿਤਸਰ ਏਅਰਪੋਰਟ ’ਤੇ ਉਨ੍ਹਾਂ ਦਾ ਸਵਾਗਤ ਭਾਜਪਾ ਆਗੂਆਂ ਨੇ ਕੀਤਾ। ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਡੇਰਾ ਬਿਆਸ ਵਿਚ ਇਹ ਪਹਿਲਾ ਦੌਰਾ ਹੈ। ਉਨ੍ਹਾਂ ਦੇ ਇਸ ਦੌਰੇ ਨੂੰ 2024 ਦੀਆਂ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਖਾਸ ਗੱਲ ਇਹ ਹੈ ਕਿ ਭਾਜਪਾ ਪੰਜਾਬ ਵਿਚ ਖੁਦ ਨੂੰ ਮਜ਼ਬੂਤ ਕਰਨ ਵਿਚ ਲੱਗੀ ਹੋਈ ਹੈ। ਸ਼ਹਿਰਾਂ ਵਿਚ ਹੀ ਨਹੀਂ ਸਗੋਂ ਪੇਂਡੂ ਇਲਾਕਿਆਂ ਵਿਚ ਵੀ ਭਾਜਪਾ ਆਪਣੇ ਪੈਰ ਪਸਾਰ ਰਹੀ ਹੈ।



# ਕੈਨੇਡਾ ਦੇ ਸਾਬਕਾ ਸੰਸਦ ਮੈਂਬਰ ਦੀ ਕੋਠੀ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ

## ਕੈਬਨਿਟ ਮੰਤਰੀ ਧਾਲੀਵਾਲ ਨੇ ਪਰਿਵਾਰ ਨੂੰ ਸੌਂਪੇ ਕੋਠੀ ਦੇ ਦਸਤਾਵੇਜ਼

ਪਟਿਆਲਾ : ਪਟਿਆਲਾ ਪੁਲੀਸ ਨੇ ਕੈਨੇਡਾ ’ਚ ਚਾਰ ਵਾਰ ਸੰਸਦ ਮੈਂਬਰ ਰਹੀ ਨੀਨਾ ਗਰੇਵਾਲ ਦੇ ਪੇਕਾ ਪਰਿਵਾਰ ਦੀ ਕੋਠੀ ’ਤੇ ਇੱਕ ਸਿਆਸੀ ਆਗੂ ਦਾ ਢਾਈ ਸਾਲ ਤੋਂ ਕੀਤਾ ਨਾਜਾਇਜ਼ ਕਬਜ਼ਾ 48 ਘੰਟਿਆਂ ’ਚ ਛੁਡਵਾ ਲਿਆ ਹੈ। ਇਸ ਮਗਰੋਂ ਅੱਜ ਦੇਰ ਸ਼ਾਮ ਪੰਜਾਬ ਦੇ ਪਰਵਾਸੀ ਭਾਰਤੀ ਮਾਮਲੇ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਥੇ ਪੁੱਜ ਕੇ ਇਸ ਕੋਠੀ ਦੇ ਦਸਤਾਵੇਜ਼ ਨੀਨਾ ਗਰੇਵਾਲ ਤੇ ਪਰਿਵਾਰਕ ਮੈਂਬਰਾਂ ਨੂੰ ਸੌਂਪੇ ਹਨ। ਇਸੇ ਕੋਠੀ ’ਚ ਹੀ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਮੰਤਰੀ ਨੇ ਕਿਹਾ ਕਿ ਪੰਜਾਬ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਰਾਖੀ ਕਰਨ ਸਮੇਤ ਉਨ੍ਹਾਂ ਦੇ ਸਾਰੇ ਮਸਲੇ ਅਤੇ ਮੁਸ਼ਕਲਾਂ ਪਹਿਲ ਦੇ ਆਧਾਰ ’ਤੇ ਹੱਲ ਕਰਨ ਲਈ ਵਚਨਬੱਧ ਹੈ। ਕਿਸੇ ਵੀ ਐੱਨਆਰਆਈ ਦੀ ਇੱਕ ਇੱਟ ਵੀ ਦੱਬਣ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨੀਨਾ ਗਰੇਵਾਲ ਦੇ ਪਿਤਾ ਸਵਰਗੀ ਨਿਹਾਲ ਸਿੰਘ ਢਿੱਲੋਂ ਦੇ ਪਰਿਵਾਰ ਦਾ ਇੱਥੇ ਸੇਵਕ ਕਲੋਨੀ ਵਿਚਲਾ ਜੱਦੀ ਘਰ ਢਾਈ ਸਾਲਾਂ ਤੋਂ ਨਾਜਾਇਜ਼ ਕਬਜ਼ੇ ਹੇਠ ਸੀ, ਜਿਸ ਨੂੰ 48 ਘੰਟਿਆਂ ’ਚ ਖਾਲੀ ਕਰਵਾ ਲਿਆ ਹੈ।



ਇਸ ਦਾ ਰਸਮੀ ਤੌਰ ’ਤੇ ਕਬਜ਼ਾ ਅੱਜ ਸ੍ਰੀ ਢਿੱਲੋਂ ਦੀ ਧੀ ਨੀਨਾ ਗਰੇਵਾਲ ਅਤੇ ਪਰਿਵਾਰ ਦੀ ਨੂੰਹ ਨੂੰ ਸੌਂਪ ਦਿੱਤਾ ਗਿਆ ਹੈ। ਦੱਸਣਯੋਗ ਹੈ ਨੀਨਾ ਗਰੇਵਾਲ ਨੂੰ ਕੈਨੇਡਾ ਦੀ ਪਹਿਲੀ ਸਿੱਖ ਮਹਿਲਾ ਸੰਸਦ ਮੈਂਬਰ ਅਤੇ ਉਨ੍ਹਾਂ ਦੇ ਪਤੀ ਗੁਰਬੰਤ ਸਿੰਘ ਗਰੇਵਾਲ ਨੂੰ ਉਥੋਂ ਦਾ ਹੀ ਪਹਿਲਾ ਸਿੱਖ ਸੰਸਦ ਮੈਂਬਰ ਬਣਨ ਦਾ ਮਾਣ ਹਾਸਲ ਹੈ। ਇਸੇ ਦੌਰਾਨ ਨੀਨਾ ਗਰੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਮੰਤਰੀ ਕੁਲਦੀਪ ਧਾਲੀਵਾਲ ਸਮੇਤ ਪਟਿਆਲਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਜੱਦੀ ਘਰ ਨਾਜਾਇਜ਼ ਕਬਜ਼ੇ ਹੇਠੋਂ ਛੁਡਵਾਉਣਾ ਵੱਡਾ ਹਾਂ ਪੱਖੀ ਸੁਨੇਹਾ ਹੈ ਕਿ ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਦੀ ਹਰ ਪੱਖੋਂ ਸੁਰੱਖਿਆ ਕਰਨ ਦੀ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਉਨ੍ਹਾਂ ਦੀ ਇੱਕ ਅਪੀਲ ’ਤੇ ਬਿਨਾਂ ਦੇਰੀ ਢਾਈ ਸਾਲਾਂ ਤੋਂ ਕੀਤਾ ਗਿਆ ਕਬਜ਼ਾ ਛੁਡਵਾ ਕੇ ਘਰ ਉਨ੍ਹਾਂ ਨੂੰ ਵਾਪਸ ਦਿਵਾਉਂਦਿਆਂ ਸਬੰਧਤ ਵਿਅਕਤੀ ਖ਼ਿਲਾਫ਼ ਕੇਸ ਵੀ ਦਰਜ ਕੀਤਾ ਹੈ।

# 5 ਅਪ੍ਰੈਲ ਤੱਕ ਜੇਲ੍ਹ ’ਚ ਹੀ ਰਹਿਣਗੇ ਸਿਸੋਦੀਆ, ਜ਼ਮਾਨਤ ਪਟੀਸ਼ਨ ਤੇ ਸੁਣਵਾਈ ਟਲੀ

ਨਵੀਂ ਦਿੱਲੀ : ਦਿੱਲੀ ਆਬਕਾਰੀ ਨੀਤੀ ਮਾਮਲੇ ’ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀ ਨਿਆਇਕ ਹਿਰਾਸਤ ’ਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ’ਤੇ ਹੋਣ ਵਾਲੀ ਸੁਣਵਾਈ ਅੱਜ ਟਾਲ ਦਿੱਤੀ ਗਈ ਹੈ। ਰਾਊਜ਼ ਐਵੇਨਿਊ ਕੋਰਟ ਵਿਚ ਮਾਮਲੇ ਦੀ ਅਗਲੀ ਸੁਣਵਾਈ 5 ਅਪ੍ਰੈਲ ਨੂੰ ਹੋਵੇਗੀ। ਸਿਸੋਦੀਆ ਦੀ ਜ਼ਮਾਨਤ ’ਤੇ ਈ.ਡੀ ਨੇ ਕੋਰਟ ਵਿਚ ਜਵਾਬ ਦਾਖ਼ਲ ਕੀਤਾ ਹੈ। ਸਿਸੋਦੀਆ ਦੇ ਵਕੀਲ ਨੇ ਈ. ਡੀ ਦੇ ਜਵਾਬ ’ਤੇ ਦਲੀਲ ਰੱਖਣ ਲਈ ਸਮਾਂ ਮੰਗਿਆ ਹੈ, ਕਿਉਂਕਿ ਈ. ਡੀ. ਦੇ ਜਵਾਬ ਦੀ ਕਾਪੀ ਅਜੇ ਨਹੀਂ ਮਿਲੀ ਹੈ। ਵਕੀਲ ਦੀ ਇਸ ਦਲੀਲ ਮਗਰੋਂ ਕੋਰਟ ਨੇ ਸੁਣਵਾਈ ਅਗਲੀ ਤਾਰੀਖ਼ ਤੱਕ ਟਾਲ ਦਿੱਤੀ ਹੈ। ਦੱਸ ਦੇਈਏ ਕਿ ਮਾਮਲੇ ਵਿਚ ਸਿਸੋਦੀਆ ਨੂੰ 26 ਫਰਵਰੀ ਨੂੰ ਸੀ. ਬੀ. ਆਈ. ਨੇ ਗ੍ਰਿਫ਼ਤਾਰ ਕੀਤਾ ਸੀ। ਇਸ ਦੇ ਕੁਝ ਦਿਨ ਬਾਅਦ ਈ. ਡੀ. ਨੇ ਪੁੱਛ-ਗਿੱਛ ਮਗਰੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਸਿਸੋਦੀਆ ਪਹਿਲਾਂ ਹੀ ਸ਼ਰਾਬ ਨੀਤੀ ਨਾਲ ਜੁੜੇ ਸੀ. ਬੀ. ਆਈ. ਦੇ ਮਾਮਲੇ ਵਿਚ ਜੇਲ੍ਹ ਵਿਚ ਹਨ। 20 ਮਾਰਚ ਨੂੰ ਰਾਊਜ਼ ਐਵੇਨਿਊ ਕੋਰਟ ਨੇ ਸੀ. ਬੀ. ਆਈ. ਦੇ ਕੇਸ ਵਿਚ 14 ਦਿਨ ਹੋਰ ਨਿਆਂਇਕ ਹਿਰਾਸਤ ਵਧਾਈ ਸੀ।



ਦਰਅਸਲ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ 17 ਨਵੰਬਰ, 2021 ਨੂੰ ਨਵੀਂ ਆਬਕਾਰੀ ਨੀਤੀ ਲਾਗੂ ਕੀਤੀ ਸੀ। ਦਿੱਲੀ ਸਰਕਾਰ ਨੇ ਨਵੀਂ ਆਬਕਾਰੀ ਨੀਤੀ ਲਿਆ ਕੇ ਮਾਫੀਆ ਰਾਜ ਨੂੰ ਖਤਮ ਕਰਨ ਦੀ ਦਲੀਲ ਦਿੱਤੀ ਸੀ। ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਇਸ ਨਾਲ ਸਰਕਾਰ ਦਾ ਮਾਲੀਆ ਵਧੇਗਾ। ਜੁਲਾਈ 2022 ਵਿਚ ਦਿੱਲੀ ਦੇ ਤਤਕਾਲੀ ਮੁੱਖ ਸਕੱਤਰ ਨੇ ਇਸ ਮਾਮਲੇ ’ਚ ਉਪ ਰਾਜਪਾਲ (LG) ਵੀ. ਕੇ ਸਕਸੈਨਾ ਨੂੰ ਇਕ ਰਿਪੋਰਟ ਸੌਂਪੀ ਸੀ। ਇਸ ’ਚ ਆਬਕਾਰੀ ਨੀਤੀ ’ਚ ਗੜਬੜੀ ਦੇ ਨਾਲ-ਨਾਲ ਡਿਪਟੀ ਸੀ. ਐੱਮ. ਮਨੀਸ਼ ਸਿਸੋਦੀਆ ’ਤੇ ਸ਼ਰਾਬ ਕਾਰੋਬਾਰੀਆਂ ਨੂੰ ਨਾਜਾਇਜ਼ ਫਾਇਦਾ ਪਹੁੰਚਾਉਣ ਦਾ ਦੋਸ਼ ਵੀ ਲੱਗਾ ਸੀ। ਇਸ ਰਿਪੋਰਟ ਦੇ ਆਧਾਰ ’ਤੇ ਸੀ. ਬੀ. ਆਈ ਨੇ 17 ਅਗਸਤ 2022 ਨੂੰ ਸਿਸੋਦੀਆ ਸਮੇਤ 15 ਲੋਕਾਂ ਖਿਲਾਫ਼ ਮਾਮਲਾ ਦਰਜ ਕੀਤਾ ਸੀ। 22 ਅਗਸਤ ਨੂੰ ਈ.ਡੀ ਨੇ ਆਬਕਾਰੀ ਨੀਤੀ ’ਚ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਕੀਤਾ ਸੀ। 6 ਮਹੀਨੇ ਦੀ ਜਾਂਚ ਤੋਂ ਬਾਅਦ ਸੀ. ਬੀ. ਆਈ ਨੇ ਸਿਸੋਦੀਆ ਨੂੰ ਗ੍ਰਿਫ਼ਤਾਰ ਕਰ ਲਿਆ।

# ਗ੍ਰਿਫ਼ਤਾਰ ਸਿੱਖ ਨੌਜਵਾਨਾਂ ਨੂੰ ਕਾਨੂੰਨੀ ਸਹਾਇਤਾ ਦੇਵੇਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮ ਸਦਨ ਨੇ ਹਾਲ ਹੀ ਵਿੱਚ ਪੰਜਾਬ ਸਰਕਾਰ ਵਲੋਂ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਨੂੰ ਕਾਨੂੰਨੀ ਸਹਾਇਤਾ ਦੇਣ ਅਤੇ ਜਿਨ੍ਹਾਂ ਮੀਡੀਆ ਅਦਾਰਿਆਂ, ਪੱਤਰਕਾਰਾਂ ਅਤੇ ਵੈੱਬ ਚੈਨਲਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ, ਦਾ ਸਾਥ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਦੇ ਨਾਲ ਹੀ ਖਾਲਸਾ ਰਾਜ ਦੇ ਝੰਡਿਆਂ ਤੇ ਨਿਸ਼ਾਨਾਂ ਨੂੰ ਵੱਖਵਾਦੀ ਵਜੋਂ ਪੇਸ਼ ਕਰਨ ਵਾਲੇ ਸਰਕਾਰੀ ਅਧਿਕਾਰੀਆਂ ਖ਼ ?ਲਾਫ਼ ਕਾਨੂੰਨੀ ਕਾਰਵਾਈ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧ ’ਚ ਬਜਟ ਇਜਲਾਸ ਦੌਰਾਨ ਇਕ ਵਿਸ਼ੇਸ਼ ਮਤਾ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਸਦਨ ਵਿੱਚ 12 ਹੋਰ ਮਤੇ ਪਾਸ ਕੀਤੇ ਗਏ ਹਨ।



ਸਿੱਖ ਮਾਮਲਿਆਂ ਨਾਲ ਸਬੰਧਤ ਮਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਅਤੇ ਹਾਜ਼ਰ ਮੈਂਬਰਾਂ ਨੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਹੋਰਨਾਂ ਮਤਿਆਂ ਵਿੱਚ ਸਿੱਖਾਂ ਨੂੰ ਅਪੀਲ ਕੀਤੀ ਗਈ ਕਿ ਹਰ ਸਿੱਖ ਆਪਣੇ ਬੱਚਿਆਂ ਦਾ ਨਾਂ ਰੱਖਣ ਸਮੇਂ ਸਿੰਘ ਅਤੇ ਕੌਰ ਜ਼ਰੂਰ ਲਾਵੇ। ਇਕ ਮਤੇ ਵਿੱਚ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਸੰਗਤਾਂ ਲੋੜੀਂਦੇ ਰੁਮਾਲੇ ਹੀ ਭੇਟ ਕਰਨ ਤੇ ਇਸ ਦੇ ਬਦਲ ਵਜੋਂ ਸਿੱਖ ਨੌਜਵਾਵਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਵਿੱਚ ਮੌਕੇ ਮੁਹੱਈਆ ਕਰਵਾਉਣ ਲਈ ਯੋਗਦਾਨ ਪਾਉਣ। ਇਜਲਾਸ ਦੌਰਾਨ ਸਿੱਖ ਇਤਿਹਾਸ ਨੂੰ ਵਿਗਾੜਨ ਅਤੇ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਵਾਲੇ ਸੋਸ਼ਲ ਮੀਡੀਆ ਮੰਚਾਂ ਅਤੇ ਵਿਅਕਤੀਆਂ ’ਤੇ ਕਾਰਵਾਈ ਦੀ ਮੰਗ ਕੀਤੀ ਹੈ। ਬਜਟ ਇਜਲਾਸ ਵਿਚ ‘ਸਿੱਖ ਇਕ ਵੱਖਰੀ ਕੌਮ’ ਦਾ ਮਤਾ ਪਾਸ ਕੀਤਾ ਗਿਆ ਹੈ। ਹਰਿਆਣਾ ਸਿੱਖ ਗੁਰਦੁਆਰਾ ਐਕਟ 2014 ਦਾ ਕਰੜਾ ਵਿਰੋਧ ਕਰਦਿਆਂ ਇਜਲਾਸ ਵਲੋਂ ਭਾਰਤ ਸਰਕਾਰ ਪਾਸੋਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।

ਦੇਖ ਤੇਗ ਫਤਹਿ ॥ ਪੰਥ ਦੀ ਜੀਤ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥



# ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਇ ਹੋਏ ਬਹਾਦਰ ਬਾਬਾ ਬਿਧੀ ਚੰਦ ਜੀ ਦੀ ਅੰਸ਼ ਬੰਸ਼ ਦੇ



ਸੰਪਾਦਇ ਦਲ ਬਾਬਾ ਬਿਧੀ ਚੰਦ ਜੀ ਦੇ 11ਵਜੇਂ ਮੁਖੀ
ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ



## 12ਵੇਂ ਜਾਨਸ਼ੀਨ ਸਿੰਘ ਸਾਹਿਬ
## ਜਥੇਦਾਰ ਸ੍ਰੀਮਾਨ ਬਾਬਾ ਅਵਤਾਰ ਸਿੰਘ ਜੀ

ਮੌਜੂਦਾ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ
ਸਾਹਿਬ ਜੀ ਸੁਰ ਸਿੰਘ ਵਾਲਿਆਂ ਦੀ

# 29 ਮਾਰਚ 2023 ਤੋਂ ਪਹਿਲੀ ਅਮਰੀਕਾ
# ਗੁਰਮਤਿ ਪ੍ਰਚਾਰ ਫੇਰੀ

(ਇਨ੍ਹਾਂ ਗੁਰਦੁਆਰਾ ਸਾਹਿਬ ਵਿਚ ਪਹੁੰਚ ਰਹੇ)

2 ਅਪ੍ਰੈਲ 2023 ਗੁਰਦੁਆਰਾ ਸਾਹਿਬ ਟਰੇਸੀ : ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੱਕ
8 ਅਪ੍ਰੈਲ 2023 ਗੁਰਦੁਆਰਾ ਐਲਸਬਰਾਂਟੇ : ਸ਼ਾਮ 6.00 ਵਜੇ ਤੋਂ 7.30 ਵਜੇ ਤੱਕ
9 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ : ਸਵੇਰੇ 10.00 ਵਜੇ ਤੋਂ ਦੁਪਹਿਰ 12. ਵਜੇ
9 ਅਪ੍ਰੈਲ 2023 ਗੁਰਦੁਆਰਾ ਸਾਹਿਬ ਫਰੀਮਾਂਟ : ਸਵੇਰੇ 12.30 ਵਜੇ ਤੋਂ ਦੁਪਹਿਰ 2.00 ਵਜੇ
14 ਅਪ੍ਰੈਲ, 2023 ਗੁਰਦੁਆਰਾ ਸਾਹਿਬ ਮਨਟੀਕਾ : ਸ਼ਾਮ 6.00 ਵਜੇ ਤੋਂ 7.30 ਵਜੇ ਤੱਕ
15 ਅਪ੍ਰੈਲ, 2023 ਗੁਰਦੁਆਰਾ ਸਾਹਿਬ ਸਟਾਕਟਨ : ਸ਼ਾਮ 6.00 ਵਜੇ ਤੋਂ 7.30 ਵਜੇ ਤੱਕ
23 ਅਪ੍ਰੈਲ 2023 ਗੁਰਦੁਆਰਾ ਸਾਹਿਬ ਰੀਵਰਸਾਈਡ : ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ
30 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ, ਹੋਲਾ ਮਹੱਲਾ (ਸਾਰਾ ਦਿਨ)

ਸਾਡੇ ਲੋਕ



## ਅੰਮ੍ਰਿਤ ਸੰਚਾਰ :
8 ਅਪ੍ਰੈਲ ਸਵੇਰੇ 9.00
ਗੁਰਦੁਆਰਾ ਸਾਹਿਬ ਸੈਨਹੋਜ਼ੇ, ਮੇਨ ਦਰਬਾਰ ਸਾਹਿਬ

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰ
ਗੁਰਦੁਆਰਾ ਸਾਹਿਬ ਸੈਨਹੋਜ਼ੇ
ਵਿਖੇ ਸੰਗਤਾਂ ਨੂੰ ਵਿਖਾਏ ਜਾਣਗੇ।

ਸੰਪਰਕ ਨੰ.
ਸਤਨਾਮ ਸਿੰਘ ਸੰਗਤਪੁਰੀਆ (209) 992-1052, ਹਰਨਾਮ ਸਿੰਘ (209) 992-8155, ਰਵਿੰਦਰ ਸਿੰਘ ਢਿੱਲੋਂ (925) 525-7653



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# ਅਸੀਂ ਖਾਲਸਾ ਦੀ ਗੱਲ ਕਰਦੇ ਹਾਂ, ਸਭ ਕੁਝ ਹੋ ਸਕਦਾ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸਦੇ ਨਾਲ ਹੀ ਪਾਪਾ ਜੀ ਇਸਦੀ ਤਹਿ ਵਿੱਚ ਜਾਣ ਲਈ ਕੰਮ ਕਰਦੇ ਰਹੇ ਕਿ ਖਾਲਸਾ ਕਿੱਥੇ ਜਾ ਸਕਦਾ ਹੈ। ਉਨ੍ਹਾਂ ਦੀ ਤਹਿਕੀਕਾਤ ਉਨ੍ਹਾਂ ਨੂੰ ਬਰਮਿੰਘਮ ਲੈ ਗਈ, ਉਨ੍ਹਾਂ ਨੂੰ ਕਿਸੇ ਨੇ ਦੱਸਿਆ ਕਿ ਲਗਪਗ ਚਾਰ ਵਿਅਕਤੀ ਬਰਮਿੰਘਮ ਤੋਂ ਅਤੇ ਇੱਕ ਕੋਵੈਂਟਰੀ ਤੋਂ ਕਾਰ ਰਾਹੀਂ ਭਾਰਤ ਗਏ ਹਨ। ਉਨ੍ਹਾਂ ਨੇ ਫਰਾਂਸ ਚੈਨਲ ਪਾਰ ਕਰ ਲਿਆ ਹੈ ਅਤੇ ਉਹ ਭਾਰਤ ਵੱਲ ਜਾ ਰਹੇ ਹਨ। ਉਨ੍ਹਾਂ ਦਿਨਾਂ ਵਿੱਚ ਭਾਰਤ ਵਿੱਚ ਬਾਹਰੀ ਵਸਤੂਆਂ ਦੇ ਪ੍ਰਵੇਸ਼ ਦੀ ਆਗਿਆ ਨਹੀਂ ਸੀ। ਜੇਕਰ ਤੁਸੀਂ ਦੇਸ਼ ਵਿੱਚ ਕੁਝ ਲਿਆਉਂਦੇ ਹੋ ਤਾਂ ਉਸ 'ਤੇ ਭਾਰੀ ਟੈਕਸ ਲਗਾਇਆ ਜਾਂਦਾ ਸੀ। ਇੱਕ ਨਿਯਮ ਹੈ ਕਿ ਜੇਕਰ ਤੁਸੀਂ ਭਾਰਤ ਵਿੱਚ ਕਾਰ ਲੈ ਕੇ ਆਏ ਹੋ, ਤੁਸੀਂ ਇਸਨੂੰ ਆਪਣੇ ਲਈ ਵਰਤ ਸਕਦੇ ਹੋ, ਪਰ ਆਪਣੇ ਜਾਣ 'ਤੇ ਤੁਹਾਨੂੰ ਉਹ ਆਪਣੇ ਪਰਿਵਾਰ ਨੂੰ ਦੇਣੀ ਹੋਵੇਗੀ ਜਾਂ ਫਿਰ ਵੇਚਣੀ ਹੋਵੇਗੀ, ਇਸ 'ਤੇ ਕੋਈ ਟੈਕਸ ਨਹੀਂ ਸੀ ਜਾਂ ਫਿਰ ਬਹੁਤ ਘੱਟ ਸੀ। ਇਸ ਲਈ ਕਈ ਸਾਹਸੀ ਲੋਕ ਕਾਰ ਲੈ ਲੈਂਦੇ ਅਤੇ ਇਨ੍ਹਾਂ 'ਤੇ ਸਵਾਰੀਆਂ ਲੈ ਕੇ ਇਸਨੂੰ ਚਲਾ ਕੇ ਭਾਰਤ ਲੈ ਜਾਂਦੇ। ਇਹ ਅਜਿਹਾ ਸੀ ਜੋ ਆਮ ਨਹੀਂ ਸੀ, ਪਰ ਕੁਝ ਕੁ ਲੋਕ ਅਜਿਹੇ ਸਨ ਜਿਹੜੇ ਇਸ ਤਰ੍ਹਾਂ ਦੀ ਯਾਤਰਾ ਕਰਦੇ ਸਨ।

ਪਾਪਾ ਜੀ ਬਰਮਿੰਘਮ ਵਿੱਚ ਡਰਾਈਵਰ ਦੇ ਘਰ ਪਹੁੰਚੇ ਅਤੇ ਪਰਿਵਾਰ ਨਾਲ ਗੱਲ ਕੀਤੀ, ਉਨ੍ਹਾਂ ਦੱਸਿਆ ਕਿ ਡਰਾਈਵਰ ਤੋਂ ਇਲਾਵਾ ਪੰਜ ਹੋਰ ਵਿਅਕਤੀ ਸਨ, ਪਰ ਉਹ ਉਨ੍ਹਾਂ ਦੇ ਨਾਂ ਨਹੀਂ ਜਾਣਦੇ। ਉਨ੍ਹਾਂ ਨੂੰ ਯਕੀਨ ਸੀ ਕਿ ਇਨ੍ਹਾਂ ਵਿੱਚ ਇੱਕ ਖਾਲਸਾ ਹੈ, ਬੀਜੀ ਇਸ ਸਿੱਟੇ 'ਤੇ ਪਹੁੰਚੇ ਕਿ ਕੋਈ ਵੀ ਦੁਨੀਆ ਦੇ ਅੱਧੇ ਹਿੱਸੇ ਵਿੱਚ ਆਪਣੇ ਪਰਿਵਾਰ ਨੂੰ ਦੱਸੇ ਬਿਨਾਂ ਨਹੀਂ ਜਾ ਸਕਦਾ।

ਪਾਪਾ ਜੀ ਨੇ ਬੀਜੀ ਵੱਲ ਦੇਖਿਆ ਅਤੇ ਕਿਹਾ, 'ਅਸੀਂ ਖਾਲਸਾ ਦੀ ਗੱਲ ਕਰਦੇ ਹਾਂ, ਸਭ ਕੁਝ ਹੋ ਸਕਦਾ।' ਉਸਦੀ ਭਾਲ ਵਿੱਚ ਲਗਪਗ ਪੰਜ ਦਿਨ ਬੀਤ ਚੁੱਕੇ ਸਨ, ਉਸਦਾ ਕੋਈ ਵੀ ਸੁਰਾਗ ਨਹੀਂ ਮਿਲਿਆ। ਭਾਈਚਾਰੇ ਨੂੰ ਸੰਤੁਸ਼ਟੀ ਸੀ ਕਿ ਗੁਰਦੁਆਰੇ ਦੇ ਫੰਡ ਸੁਰੱਖਿਅਤ ਹਨ, ਪਰ ਕੋਈ ਨਹੀਂ ਜਾਣਦਾ ਸੀ ਕਿ ਖਾਲਸਾ ਕਿੱਥੇ ਹੈ, ਇਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਪਾਪਾ ਜੀ ਪੁਲਿਸ ਨੂੰ ਸੂਚਿਤ ਕਰਨ ਲਈ ਤਿਆਰ ਹੋ ਰਹੇ ਸਨ, ਪਰ ਉਹ ਇਹ ਵੀ ਜਾਣਦੇ ਸਨ ਕਿ ਸੂਟਕੇਸ ਵੀ ਗਾਇਬ ਹੈ, ਇਸ ਲਈ ਉਨ੍ਹਾਂ ਦਾ ਅੰਦਾਜ਼ਾ ਸੀ ਕਿ ਉਹ ਆਪਣੀ ਇੱਛਾ ਨਾਲ ਗਿਆ ਹੈ।

ਦੁਪਹਿਰ ਦੀ ਡਾਕ ਵਿੱਚ ਇੱਕ ਪੱਤਰ ਆਇਆ, ਇਸਦਾ ਰੰਗ ਵੱਖਰਾ ਸੀ ਅਤੇ ਇਸ ਦਾ ਲਿਫਾਫਾ ਸਟੈਂਪ ਸਮੇਤ ਭਾਰਤ ਤੋਂ ਸੀ, ਅਜਿਹਾ ਅਸੀਂ ਪਹਿਲਾਂ ਕਦੇ ਨਹੀਂ ਦੇਖਿਆ। ਮੈਂ ਪਾਪਾ ਜੀ ਨੂੰ ਦੱਸਿਆ ਕਿ ਇੱਕ ਪੱਤਰ ਆਇਆ ਹੈ, ਪਰ ਇਹ ਯੂਕੇ ਜਾਂ ਭਾਰਤ ਤੋਂ ਆਇਆ ਨਹੀਂ ਲੱਗਦਾ, ਇਹ ਕਿਸੇ ਹੋਰ ਥਾਂ ਤੋਂ ਹੈ, ਇਸ 'ਤੇ ਕਿਸੇ ਭੇਜਣ ਵਾਲੇ ਦਾ ਵੀ ਪਤਾ ਨਹੀਂ ਹੈ। ਉਨ੍ਹਾਂ ਨੇ ਇਸਨੂੰ ਦੇਖਿਆ ਅਤੇ ਆਪਣਾ ਸਿਰ ਹਿਲਾਇਆ। ਉਹ ਹਮੇਸ਼ਾਂ ਲੰਚ ਲਈ ਦੁਪਹਿਰ ਨੂੰ ਜਾਗਦੇ ਸਨ ਅਤੇ ਆਪਣੀ ਰਾਤ ਦੀ ਡਿਊਟੀ 'ਤੇ ਜਾਣ ਲਈ ਤਿਆਰ ਹੋਣ ਤੋਂ ਪਹਿਲਾਂ ਫਿਰ ਸੌਂ ਜਾਂਦੇ ਸਨ। ਉਹ ਅਜਿਹੇ ਵਿਅਕਤੀ ਨਹੀਂ ਸਨ ਜਿਹੜੇ ਖੁਸ਼ ਹੋ ਕੇ ਜਾਗਦੇ।

ਜਦੋਂ ਉਹ ਜਾਗਦੇ ਤਾਂ ਹਮੇਸ਼ਾਂ ਉਨ੍ਹਾਂ ਦਾ ਚਿਹਰਾ ਗੰਭੀਰ ਹੁੰਦਾ। ਜਦੋਂ ਤੱਕ ਉਹ ਆਪਣਾ ਮੂੰਹ ਨਹੀਂ ਧੋ ਲੈਂਦੇ ਸਨ, ਬੀਜੀ ਉਦੋਂ ਤੱਕ ਉਨ੍ਹਾਂ ਨੂੰ ਕੁਝ ਵੀ ਕਹਿਣ ਤੋਂ ਕਤਰਾਉਂਦੇ ਸਨ। ਮੈਂ ਦੇਖਿਆ ਕਿ ਉਹ ਪੌੜੀਆਂ ਤੋਂ ਉਤਰ ਰਹੇ ਸਨ। ਮੈਂ ਉਨ੍ਹਾਂ ਨੂੰ ਪੱਤਰ ਬਾਰੇ ਦੱਸਿਆ। ਉਨ੍ਹਾਂ ਨੇ ਉਂਗਲ ਦੇ ਇਸ਼ਾਰੇ ਨਾਲ ਮੇਰੇ ਤੋਂ ਉਹ ਪੱਤਰ ਮੰਗਿਆ। ਮੈਂ ਉਨ੍ਹਾਂ ਨੂੰ ਪੱਤਰ ਦੇ ਦਿੱਤਾ। ਮੈਂ ਜਾਣਦਾ ਸੀ ਕਿ ਹੁਣ ਉਨ੍ਹਾਂ ਨੂੰ ਕੀ ਚਾਹੀਦਾ ਹੈ, ਇਸ ਲਈ ਮੈਂ ਉਨ੍ਹਾਂ ਨੂੰ ਐਨਕਾਂ ਫੜਾ ਦਿੱਤੀਆਂ। ਉਹ ਹਮੇਸ਼ਾਂ ਕੁਝ ਵੀ ਪੜ੍ਹਨ ਲਈ ਪਰਿਵਾਰਕ ਕਮਰੇ ਦੀ ਖਿੜਕੀ ਵੱਲ ਜਾਂਦੇ। ਇਹ ਇਸ ਲਈ ਨਹੀਂ ਕਿ ਕਮਰੇ ਵਿੱਚ ਉਚਿਤ ਰੌਸ਼ਨੀ ਨਹੀਂ ਹੈ, ਬਲਕਿ ਉਹ ਧੁੱਪ ਵਿੱਚ ਪੜ੍ਹਨ ਜਾਂਦੇ ਸਨ। ਉਨ੍ਹਾਂ ਨੇ ਪੱਤਰ ਖੋਲ੍ਹਿਆ, ਮੈਂ ਦੇਖਿਆ ਕਿ ਇਹ ਉਰਦੂ ਵਿੱਚ ਸੀ। ਉਨ੍ਹਾਂ ਨੇ ਪੱਤਰ ਪੜ੍ਹਿਆ ਅਤੇ ਇਸ ਨੂੰ ਆਪਣੇ ਹੱਥਾਂ ਨਾਲ ਕੁਚਲ ਦਿੱਤਾ ਅਤੇ ਅੰਗਰੇਜ਼ੀ ਵਿੱਚ ਕਿਹਾ, 'ਬਲੱਡੀ ਇਰਿਸਪੌਂਸੀਪਲ ਫੂਲ।'

ਉਹ ਹਮੇਸ਼ਾਂ ਆਪਣਾ ਗੁੱਸਾ ਅੰਗਰੇਜ਼ੀ ਵਿੱਚ ਦਿਖਾਉਂਦੇ। ਉਨ੍ਹਾਂ ਦਾ ਉਚਾਰਣ ਨਿਊਜ਼ੀਲੈਂਡ ਵਰਗਿਆਂ ਵਰਗਾ ਸੀ, ਕਿਉਂਕਿ ਉਹ ਉੱਥੇ ਰਹੇ ਸਨ।

ਉਦੋਂ ਭਾਵੇਂ ਕਿ ਬੀਜੀ ਜ਼ਿਆਦਾ ਅੰਗਰੇਜ਼ੀ ਨਹੀਂ ਸਮਝ ਸਕਦੇ ਸਨ, ਪਰ ਉਨ੍ਹਾਂ ਦੀ ਪ੍ਰਤੀਕਿਰਿਆ ਅਤੇ ਉਨ੍ਹਾਂ ਦੇ ਅੰਗਰੇਜ਼ੀ ਵਿੱਚ ਬੋਲਣ ਤੋਂ ਉਹ ਜਾਣ ਗਏ ਸਨ ਕਿ ਇਹ ਪੱਤਰ ਖਾਲਸਾ ਦਾ ਹੈ।

ਉਨ੍ਹਾਂ ਨੇ ਇਸ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਤੋਂ ਪੁੱਛਿਆ, 'ਭਾਈਆ ਜੀ ਦਾ ਹੈ?'

ਉਨ੍ਹਾਂ ਨੇ ਬੀਜੀ ਵੱਲ ਦੇਖਿਆ ਅਤੇ ਜਵਾਬ ਦਿੱਤਾ, 'ਮੈਂ ਕਹੀ ਤਾਂ ਜਾਂਦਾ ਸੀ, ਓਹ ਉਸ ਕਾਰ ਵਿੱਚ ਗਿਆ ਹੋਣਾ, ਪਰਸੀਆ ਤੋਂ ਜਾ ਕੇ ਪਾਈ ਹੈ।'

ਖਾਲਸੇ ਦੇ ਕਾਰੇ 'ਤੇ ਬੀਜੀ ਚੁੱਪ ਚਾਪ ਖੜ੍ਹੇ ਰਹਿ ਗਏ। ਪਾਪਾ ਜੀ ਗੁੱਸੇ ਨਾਲ ਲਾਲ ਪੀਲੇ ਹੋਏ ਪਏ ਸਨ।

ਆਖਿਰ ਜਦੋਂ ਪਾਪਾ ਜੀ ਸ਼ਾਂਤ ਹੋਏ ਤਾਂ ਉਨ੍ਹਾਂ ਮੇਰੇ ਵੱਲ ਵੇਖਿਆ ਅਤੇ ਕਿਹਾ, 'ਬਲਬੀਰ ਸਕੂਲ ਤੋਂ ਬਾਅਦ ਓਹਦੇ ਘਰ ਦੱਸ ਆਈਂ ਕਿ ਉਹ ਕਾਰ ਵਿੱਚ ਬੈਠ ਕੇ ਇੰਡੀਆ ਦੀ ਸੈਰ ਕਰਨ ਗਿਆ।' ਉਨ੍ਹਾਂ ਨੇ ਮੈਨੂੰ ਬਾਕੀ ਸਾਰਿਆਂ ਨੂੰ ਵੀ ਜਾ ਕੇ ਦੱਸ ਦੇਣ ਅਤੇ ਅਗਲੇ ਦਿਨ ਸਾਡੇ ਘਰ ਆਉਣ ਲਈ ਕਿਹਾ। ਅਗਲੇ ਦਿਨ ਉਹ ਸਾਰੇ ਇਕੱਠੇ ਹੋਏ ਅਤੇ ਉਹ ਚੁੱਪ ਕੀਤੇ ਹੋਏ ਇੱਕ ਦੂਜੇ ਵੱਲ ਦੇਖਦੇ ਰਹੇ। ਆਖਿਰ ਪਾਪਾ ਜੀ ਨੇ ਚੁੱਪ ਤੋੜੀ ਅਤੇ ਕਿਹਾ ਕਿ ਸਾਡੇ ਲਈ ਇਹ ਬਿਹਤਰ ਹੈ ਕਿ ਸਾਰੇ ਭਾਈਚਾਰੇ ਵਿੱਚ ਇਹ ਖ਼ਬਰ ਫੈਲਾ ਦਿੱਤੀ ਜਾਵੇ ਕਿ ਉਹ ਸੁਰੱਖਿਅਤ ਹੈ ਅਤੇ ਭਾਰਤ ਵਿੱਚ ਹੈ। ਜਦੋਂ ਇਹ ਖ਼ਬਰ ਸਭ ਪਾਸੇ ਫੈਲ ਗਈ ਤਾਂ ਸਾਰੇ ਹੈਰਾਨ ਸਨ ਕਿ ਉਹ ਇਸ ਤਰ੍ਹਾਂ ਵੀ ਕਰ ਸਕਦਾ ਹੈ।

ਇੰਨੇ ਵਿੱਚ ਸੰਗਰਾਂਦ ਦਾ ਅਗਲਾ ਦੀਵਾਨ ਆਉਣ ਵਾਲਾ ਹੋ ਗਿਆ, ਪਰ ਉਹ ਅਜੇ ਭਾਰਤ ਵਿੱਚ ਹੀ ਸੀ। ਉਸਨੇ ਆਪਣੇ ਪਿੰਡ ਤੋਂ ਪਾਪਾ ਜੀ ਨੂੰ ਇੱਕ ਹੋਰ ਪੱਤਰ ਪਾਇਆ, ਇਹ ਮਾਫ਼ੀ ਨਾਲ ਭਰਿਆ ਹੋਇਆ ਸੀ। ਉਸਨੇ ਪਾਪਾ ਜੀ ਨੂੰ ਕਿਹਾ ਕਿ ਉਹ ਉਸਦੀ ਸਾਹਸੀ ਕਾਰਵਾਈ ਬਾਰੇ ਜ਼ਿਆਦਾ ਨਾ ਸੋਚਣ, ਪਰ ਉਸਨੂੰ ਕਿਸੇ ਵੀ ਤਰ੍ਹਾਂ ਇਹ ਸਾਹਸੀ ਕਾਰਨਾਮਾ ਕਰਨਾ ਸੀ। ਜੇਕਰ ਉਹ ਆਪਣੇ ਪਰਿਵਾਰ ਨੂੰ ਦੱਸ ਦਿੰਦਾ ਤਾਂ ਉਨ੍ਹਾਂ ਨੇ ਇਸਨੂੰ ਸਮਝਣਾ ਨਹੀਂ ਸੀ।

ਜਦੋਂ ਪਾਪਾ ਜੀ ਨੇ ਪੱਤਰ ਪੜ੍ਹ ਲਿਆ ਤਾਂ ਬੀਜੀ ਪਾਪਾ ਜੀ ਵੱਲ ਨੂੰ ਆਏ ਅਤੇ ਕਿਹਾ, 'ਆਪ ਵੀ ਤਾਂ ਫਿਜੀ, ਨਿਊਜ਼ੀਲੈਂਡ ਸਾਨੂੰ ਛੱਡ ਕੇ ਗਏ ਸੀ।' (ਚਲਦਾ)




# ਭਾਜਪਾ ਜਿੰਨੀਆਂ ਚੋਣਾਂ ਜਿੱਤੇਗੀ, ਵਿਰੋਧੀਆਂ ਦੇ ਹਮਲੇ ਵਧਣਗੇ: ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੀ ਸਰਕਾਰ ’ਤੇ ਵਿਰੋਧੀ ਧਿਰ ਦੇ ਹਮਲਿਆਂ ਨੂੰ ਭਾਜਪਾ ਦੇ ਚੋਣਾਂ ’ਚ ਜ਼ਬਰਦਸਤ ਪ੍ਰਦਰਸ਼ਨ ਨਾਲ ਜੋੜਦਿਆਂ ਕਿਹਾ ਕਿ ਹਾਕਮ ਪਾਰਟੀ ਚੋਣਾਂ ’ਚ ਜਿੰਨੀਆਂ ਜਿੱਤਾਂ ਹਾਸਲ ਕਰਦੀ ਜਾਵੇਗੀ, ਉਨਾ ਹੀ ਉਸ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

ਮੋਦੀ ਨੇ ਭਾਜਪਾ ਸੰਸਦੀ ਪਾਰਟੀ ਦੀ ਮੀਟਿੰਗ ’ਚ ਵਿਰੋਧੀ ਧਿਰਾਂ ਨੂੰ ਕਰਾਰੇ ਹੱਥੀਂ ਲਿਆ ਜਿਸ ਨੇ ਕਈ ਮੁੱਦਿਆਂ ’ਤੇ ਸਰਕਾਰ ਖ਼ ?ਲਾਫ਼ ਮੋਰਚੇ ਖੋਲ੍ਹੇ ਹੋਏ ਹਨ। ਮੀਟਿੰਗ ਦੌਰਾਨ ਉਨ੍ਹਾਂ ਸੰਸਦ ਮੈਂਬਰਾਂ ਨੂੰ 6 ਅਪਰੈਲ ਨੂੰ ਪਾਰਟੀ ਦੇ ਸਥਾਪਨਾ ਦਿਵਸ ਤੇ 14 ਅਪਰੈਲ ਨੂੰ ਬੀ.ਆਰ. ਅੰਬੇਡਕਰ ਜੈਅੰਤੀ ਵਿਚਾਲੇ ਦੀ ਮਿਆਦ ਨੂੰ ਸਮਾਜਿਕ ਨਿਆਂ ਨੂੰ ਸਮਰਪਿਤ ਕਰਨ ਨੂੰ ਵੀ ਕਿਹਾ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਰ ਸ਼ਾਮ ਪਾਰਟੀ ਦੇ ਹੈੱਡਕੁਆਰਟਰ ਦੀ ਐਕਸਟੈਂਨਸ਼ਨ ਦਾ ਉਦਘਾਟਨ ਕੀਤਾ। ਇਸ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਪਰਿਵਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਸਿਆਸੀ ਪਾਰਟੀਆਂ ਵਿਚਾਲੇ ਹੁਣ ਭਾਰਤੀ ਜਨਤਾ ਪਾਰਟੀ ਹੀ ਇੱਕੋ-ਇੱਕ ਆਲ ਇੰਡੀਆ ਪਾਰਟੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਵਿਰੋਧੀਆਂ ਦੀਆਂ ਖਾਮੀਆਂ ਕੱਢਣ ਤੇ ਦੂਸ਼ਣਬਾਜ਼ੀ ਦੀ ਸਿਆਸਤ ਕਰਨ ਦੀ ਥਾਂ ਜ਼ਮੀਨੀ ਪੱਧਰ ’ਤੇ ਜਾ ਕੇ ਲੋਕਾਂ ਲਈ ਕੰਮ ਕੀਤਾ ਹੈ। ਉਨ੍ਹਾਂ ਭਾਜਪਾ ਦੇ ਇੱਕ ਛੋਟੀ ਜਿਹੀ ਸਿਆਸੀ ਜਥੇਬੰਦੀ ਤੋਂ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣਨ ਦਾ ਸਿਹਰਾ ਇਸ ਦੇ ਵਰਕਰਾਂ ਦੀ ਮਿਹਨਤ ਤੇ ਕੁਰਬਾਨੀਆਂ ਨੂੰ ਦਿੱਤਾ। ਉਨ੍ਹਾਂ ਕਿਹਾ, ‘ਭਾਜਪਾ ਨੇ ਆਪਣਾ ਸਫ਼ਰ ਸਿਰਫ਼ ਦੋ ਲੋਕ ਸਭਾ ਸੀਟਾਂ ਜਿੱਤਣ ਨਾਲ ਸ਼ੁਰੂ ਕੀਤਾ ਸੀ ਅਤੇ 2019 ’ਚ ਇਹ 303 ਸੀਟਾਂ ਤੱਕ ਪਹੁੰਚ ਗਈ। ਕਈ ਰਾਜਾਂ ’ਚ ਅਸੀਂ 50 ਫੀਸਦ ਤੋਂ ਵੱਧ ਵੋਟਾਂ ਹਾਸਲ ਕੀਤੀਆਂ।’ ਉਨ੍ਹਾਂ ਕਿਹਾ, ‘ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਸਿਰਫ਼ ਭਾਜਪਾ ਹੀ ਇੱਕ ਕੌਮੀ ਪਾਰਟੀ ਹੈ।’ ਉਨ੍ਹਾਂ ਕਿਹਾ ਕਿ ਭਾਜਪਾ ਨਾ ਸਿਰਫ਼ ਦੁਨੀਆ ਦੀ ਸਭ ਤੋਂ ਵੱਡੀ ਬਲਕਿ ਸਭ ਤੋਂ ਵੱਧ ਭਵਿੱਖ ਮੁਖੀ ਪਾਰਟੀ ਵਜੋਂ ਵੀ ਉੱਭਰੀ ਹੈ ਅਤੇ ਇਸ ਦਾ ਟੀਚਾ ਸਿਰਫ਼ ਭਾਰਤ ਨੂੰ ਆਧੁਨਿਕ ਤੇ ਵਿਕਸਿਤ ਬਣਾਉਣਾ ਹੈ। ਇਸ ਮੌਕੇ ਉਨ੍ਹਾਂ ਵਿਰੋਧੀ ਧਿਰ ਬਾਰੇ ਕਿਹਾ ਕਿ ਸਾਰੇ ਭ੍ਰਿਸ਼ਟਾਚਾਰੀ ਇੱਕ ਮੰਚ ’ਤੇ ਇਕੱਠੇ ਹੋ ਗਏ ਹਨ ਪਰ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਜਾਰੀ ਰਹੇਗੀ।

# ਕੈਨੇਡੀਅਨ ਸਿੱਖ ਸਰਵਣ ਸਿੰਘ ਨੇ ਬਣਾਇਆ ਦੁਨੀਆ ਦੀ ਸਭ ਤੋਂ ਲੰਮੀ ਦਾੜ੍ਹੀ ਰੱਖਣ ਦਾ ਰਿਕਾਰਡ



ਟੋਰਾਂਟੋ : ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਸਰਵਣ ਸਿੰਘ ਨੇ ਦੁਨੀਆ ਦੀ ਸਭ ਤੋਂ ਲੰਬੀ ਦਾੜ੍ਹੀ ਰੱਖਣ ਦਾ ਵਰਲਡ ਰਿਕਾਰਡ ਬਣਾਇਆ ਹੈ। ਉਨ੍ਹਾਂ ਦੀ ਦਾੜ੍ਹੀ ਦੀ ਲੰਬਾਈ 8 ਫੁੱਟ 3 ਇੰਚ ਹੈ। ਗਿਨੀਜ਼ ਵਰਲਡ ਰਿਕਾਰਡ ਅਨੁਸਾਰ ਇਸ ਤੋਂ ਪਹਿਲਾਂ 2008 ਵਿੱਚ ਸਰਵਣ ਸਿੰਘ ਦੀ ਦਾੜ੍ਹੀ ਮਾਪੀ ਗਈ ਸੀ। ਜੋ ਉਸ ਸਮੇਂ 2.33 ਮੀਟਰ ਯਾਨੀ 7 ਫੁੱਟ 8 ਇੰਚ ਸੀ। ਇਸ ਤੋਂ ਬਾਅਦ 2010 ਵਿੱਚ ਰੋਮ ਵਿਚ ਸਰਵਣ ਦੀ ਦਾੜ੍ਹੀ ਮੁੜ ਮਾਪੀ ਗਈ, ਜਿੱਥੇ ਉਨ੍ਹਾਂ ਦੀ ਦਾੜ੍ਹੀ ਦੀ ਲੰਬਾਈ 2.495 ਮੀਟਰ (8 ਫੁੱਟ ਅਤੇ 2.5 ਇੰਚ) ਨਿਕਲੀ। ਫਿਰ ਇਸਨੂੰ 15 ਅਕਤੂਬਰ, 2022 ਨੂੰ ਦੁਬਾਰਾ ਮਾਪਿਆ ਗਿਆ ਅਤੇ ਇਹ 2.54 ਮੀਟਰ (8 ਫੁੱਟ 3 ਇੰਚ) ਲੰਬੀ ਪਾਈ ਗਈ। ਸਿੰਘ ਨੇ ਗਿਨੀਜ਼ ਵਰਲਡ ਰਿਕਾਰਡ ਨੂੰ ਦੱਸਿਆ ਕਿ ਜਦੋਂ ਉਹ 17 ਸਾਲ ਦੇ ਸਨ ਉਦੋਂ ਤੋਂ ਹੀ ਉਨ੍ਹਾਂ ਨੇ ਆਪਣੀ ਦਾੜ੍ਹੀ ਕਟਵਾਉਣੀ ਬੰਦ ਕਰ ਦਿੱਤੀ ਸੀ। ਦੱਸ ਦੇਈਏ ਕਿ ਦਾੜ੍ਹੀ ਗਿੱਲੀ ਹੋਣ ’ਤੇ ਹੀ ਮਾਪੀ ਜਾਂਦੀ ਹੈ। ਇਸੇ ਲਈ ਭਾਵੇਂ ਦਾੜ੍ਹੀ ਘੁੰਗਰਾਲੀ ਹੋਵੇ, ਇਸ ਦਾ ਲੰਬਾਈ ’ਤੇ ਕੋਈ ਅਸਰ ਨਹੀਂ ਪੈਂਦਾ। ਸਿੰਘ ਆਪਣੀ ਦਾੜ੍ਹੀ ਦਾ ਬਹੁਤ ਧਿਆਨ ਰੱਖਦੇ ਹੈ। ਇਸ ਵਿੱਚ ਚਿਹਰੇ ਦੇ ਵਾਲਾਂ ਨੂੰ ਸ਼ੈਂਪੂ ਕਰਨਾ ਅਤੇ ਕੰਡੀਸ਼ਨਿੰਗ ਕਰਨਾ ਸ਼ਾਮਲ ਹੈ।

# ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਸੁਹਿਰਦਤਾ ਲੋੜ

## *ਨਸ਼ਿਆਂ ਤੋਂ ਛੁਟਕਾਰੇ ਲਈ ਪੰਜਾਬ ਸਰਕਾਰ ਕਾਰਗਾਰ ਭੂਮਿਕਾ ਨਿਭਾਵੇ : ਬੇਦੀ*

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਤੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਨੇ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ ’ਚ ਨਸ਼ਿਆਂ ਦੀ ਅਲਾਮਤ ਬਾਰੇ ਦਿੱਤਾ ਬਿਆਨ ਤੇ ਟਿਪਣੀ ਕਰਦਿਆਂ ਕਿਹਾ ਕਿ ਸੇਹਤ ਮੰਤਰੀ ਦਾ ਬਿਆਨ ਪੰਜਾਬ ਦੀ ਦਿਨੋ ਦਿਨ ਖੋਖਲੀ ਹੋ ਰਹੀ ਅੰਦਰਲੀ ਸੇਹਤ ਸਥਿਤੀ ਦੀ ਗੰਭੀਰਤਾ ਵੱਲ ਧਿਆਨ ਦਿਵਾਉਂਦਾ ਹੈ ਜੋ ਬਹੁਤ ਚਿੰਤਾ ਵਾਲਾ ਹੈ। ਉਨ੍ਹਾਂ ਕਿਹਾ ਕਿ ਪ੍ਰਮੁੱਖ ਸਵਾਲ ਇਹ ਹੈ ਕਿ ਕੀ ਸਰਕਾਰੀ ਪੱਧਰ ਤੇ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਚੁੱਕੇ ਗਏ ਕਦਮ ਸਾਰਥਕ ਸਿੱਧ ਹੋਏ ਹਨ ਜਾਂ ਸਮੱਸਿਆ ਜਿਉਂ ਦੀ ਤਿਉਂ ਹੈ। ਇਸ ਬਾਰੇ ਸਵੈ ਪੜਚੋਲ ਦੀ ਲੋੜ ਹੈ। ਉਨ੍ਹਾਂ ਕਿਹਾ ਸੇਹਤ ਮੰਤਰੀ ਦੇ ਬਿਆਨ ਅਨੁਸਾਰ ਸੂਬੇ ਵਿਚ 10 ਲੱਖ ਵਿਅਕਤੀ ਨਸ਼ਿਆਂ ਦੇ ਆਦੀ ਹਨ ਜਿਨ੍ਹਾਂ ਵਿਚੋਂ 2.62 ਲੱਖ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ ਜਦੋਂਕਿ 6.12 ਲੱਖ ਨਿੱਜੀ ਖੇਤਰ ਦੇ ਹਸਪਤਾਲਾਂ ਦੀਆਂ ਸੇਵਾਵਾਂ ਲੈ ਰਹੇ ਹਨ। ਸ. ਬੇਦੀ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਨਸ਼ੇ ਦੇ ਆਦੀ ਵਿਅਕਤੀਆਂ ਦੀ ਅਸਲ ਗਿਣਤੀ ਦਸੇ ਜਾ ਰਹੇ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਉਨ੍ਹਾਂ ਕਿਹਾ ਸੇਹਤ ਵਿਭਾਗ



ਅਨੁਸਾਰ ਪੰਜਾਬ ’ਚ 528 ਟਰੀਟਮੈਂਟ ਸੈਂਟਰ (ਓਟ ਕਲੀਨਿਕ) ਅਤੇ 36 ਸਰਕਾਰੀ ਤੇ 185 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਬਾਵਜੂਦ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ 19 ਸਰਕਾਰੀ ਅਤੇ 74 ਨਿੱਜੀ ਖੇਤਰ ਦੇ ਮੁੜਵਸੇਬਾ ਸੈਂਟਰ ਦੱਸੇ ਜਾ ਰਹੇ ਹਨ। ਪਰ ਇਸ ਦੇ ਬਾਵਜੂਦ ਨਸ਼ਾ ਰੁਕਣ ਦੀ ਸਥਿਤੀ ਕਿਧਰੇ ਦਿਖਾਈ ਨਹੀਂ ਦੇਂਦੀ। ਇਲਾਜ ਉਪਰੰਤ ਜ਼ਿਆਦਾਤਰ ਮਰੀਜ਼ ਮੁੜ ਨਸ਼ੇ ਕਰਨ ਦੇ ਰਾਹ ਪੈ ਜਾਂਦੇ ਹਨ। ਨਸ਼ਿਆਂ ਤੋਂ ਛੁਟਕਾਰੇ ਲਈ ਨਵੀਂ ਪਹੁੰਚ ਅਪਣਾਉਣ ਦੀ ਲੋੜ ਹੈ।

ਸ. ਬੇਦੀ ਨੇ ਕਿਹਾ ਕਿ ਸੇਹਤ ਮੰਤਰੀ ਵੱਲੋਂ ਸਦਨ ਵਿਚ ਦਿੱਤੇ ਭਾਸ਼ਣ ਨਾਲ ਪੰਜਾਬੀਆਂ ਦੀ ਸੰਤੁਸ਼ਟੀ ਨਹੀਂ ਹੈ। ਸਰਕਾਰ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਅਜਿਹੇ ਖਤਰਨਾਕ ਰੁਝਾਨਾਂ ਨੂੰ ਠੱਲਣ ਲਈ ਕਾਰਗਰ ਵਿਉਂਤਬੰਦੀ ਕਰੇ। ਹਰ ਉਹ ਸਾਧਨ ਹੀਲਾ ਅਪਨਾਵੇ ਜਿਸ ਨਾਲ ਨਸ਼ਿਆਂ ਦੀ ਰੋਕ ਥਾਮ ਹੋਵੇ।

ਉਨ੍ਹਾਂ ਕਿਹਾ ਨਸ਼ਾ ਛੱਡਣ ਵਾਲੇ ਵਿਅਕਤੀ ਨੂੰ ਲੰਮੇ ਸਮੇਂ ਤਕ ਅਜਿਹੀਆਂ ਦਵਾਈਆਂ ਲੈਣੀਆਂ ਪੈਂਦੀਆਂ ਹਨ ਜਿਨ੍ਹਾਂ ਦੇ ਪ੍ਰਭਾਵ ਨਸ਼ਿਆਂ ਤੋਂ ਘੱਟ ਨਹੀਂ ਹੁੰਦੇ। ਨਸ਼ਾ ਛੁਡਾਊ ਕੇਂਦਰ ਕੋਈ ਕਰਾਮਾਤ ਨਹੀਂ ਕਰ ਸਕਦੇ, ਉਨ੍ਹਾਂ ਨੂੰ ਚਲਾਉਣ ਲਈ ਪ੍ਰਤੀਬੱਧਤਾ ਵਾਲੇ ਕਰਮਚਾਰੀਆਂ ਤੇ ਪ੍ਰਬੰਧਕਾਂ ਦੀ ਜ਼ਰੂਰਤ ਹੁੰਦੀ ਹੈ। ਸੂਬਾ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਅਜਿਹੀ ਯੋਜਨਾਬੰਦੀ ਕਰੇ ਜਿਸ ਨਾਲ ਪੰਜਾਬ ਆਪਣੀ ਸਹੀ ਦਿਸ਼ਾ ਵੱਲ ਵੱਧ ਫੁੱਲ ਚੁਕੇ। ਉਨ੍ਹਾਂ ਨਸ਼ਾ ਛਡਾਓ ਕੇਂਦਰਾਂ ਦੇ ਸੰਚਾਲਕ ਵੀ ਅਪੀਲ ਕੀਤੀ ਕਿ ਉਹ ਇਸ ਨੂੰ ਲਾਭਕਾਰੀ ਧੰਦੇ ਵਜੋਂ ਨਾ ਅਪਣਾਉਣ ਸਗੋਂ ਨਰੋਏ ਸਮਾਜ ਦੀ ਸਿਰਜਣਾ ਲਈ ਸੁਹਿਰਦਤਾ ਨਾਲ ਸਹਿਯੋਗੀ ਵਜੋਂ ਕਾਰਗਰ ਭੂਮਿਕਾ ਨਿਭਾਉਣ।

# ਬਾਦਲਾਂ ਨੂੰ ਹੈਂਕੜਬਾਜ਼ੀ ਛੱਡ ਕੇ ਭੁੱਲ ਬਖ਼ਸ਼ਾਉਣ ਦੀ ਲੋੜ : ਪ੍ਰੋ: ਸਰਚਾਂਦ ਸਿੰਘ ਖਿਆਲਾ

## *ਅਦਾਲਤਾਂ ਨੂੰ ਸ਼ਕਤੀ ਪ੍ਰਦਰਸ਼ਨ ਵਰਗੇ ਹੋਛੀ ਰਾਜਨੀਤਕ ਪੈਂਤੜਿਆਂ ਨਾਲ ਪ੍ਰਭਾਵਿਤ ਨਹੀਂ ਕੀਤਾ ਜਾ ਸਕੇਗਾ*

ਅੰਮ੍ਰਿਤਸਰ : ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਅਤੇ ਭਾਜਪਾ ਦੇ ਸਿੱਖ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਫ਼ਰੀਦਕੋਟ ਅਦਾਲਤ ’ਚ ਸ਼ਕਤੀ ਪ੍ਰਦਰਸ਼ਨ ਵਰਗੀਆਂ ਘਿਣਾਉਣੀਆਂ ਸਿਆਸੀ ਪੈਂਤੜਿਆਂ ਨਾਲ ਪੇਸ਼ ਹੋਣ ਨੇ ਇਕ ਵਾਰ ਫਿਰ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ। ਸਿੱਖ ਸੰਗਤਾਂ ਵਿਚ ਰੋਸ ਹੈ ਕਿ ਬਾਦਲਾਂ ਨੇ ਦਬਾਅ ਅਧੀਨ ਅਦਾਲਤਾਂ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਸੰਗਤ ਨੂੰ ਯਕੀਨ ਹੈ ਕਿ ਭਾਰਤੀ ਸੰਵਿਧਾਨ ਅਤੇ ਨਿਆਂ ਪ੍ਰਣਾਲੀ ਕਿਸੇ ਵੀ ਤਰਾਂ ਦੇ ਸ਼ਕਤੀ ਪ੍ਰਦਰਸ਼ਨ ਜਾਂ ਦਬਾਅ ਦੇ ਨਾਲ ਪ੍ਰਭਾਵਿਤ ਨਹੀਂ ਹੋਵੇਗੀ। ਅਤੇ ਬੇਅਦਬੀਆਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਪ੍ਰੋ: ਸਰਚਾਂਦ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਬਾਦਲਾਂ ਨੂੰ ਹੰਕਾਰ ਵਿਚ ਆ ਕੇ ਅਜਿਹੀ ਹਰਕਤ ਕਰਨ ਲਈ ਸ਼ਰਮ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਾਦਲਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਸ ਜ਼ੁਲਮ ਲਈ ਉਹ ਅਦਾਲਤ ਵਿਚ ਪੇਸ਼ ਹੋਏ ਹਨ, ਉਹ ਉਨ੍ਹਾਂ ਦੇ ਰਾਜਕਾਲ



ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਲੈ ਕੇ ਇਨਸਾਫ਼ ਮੰਗਦੇ ਸਿੱਖ ਸੰਗਤਾਂ ’ਤੇ ਕੋਟ ਕਪੂਰਾ ਵਿਖੇ ਗੋਲੀਆਂ ਮਾਰਨ ਨਾਲ ਹੈ, ਜਿੱਥੇ ਦੋ ਸਿੰਘ ਸ਼ਹੀਦ ਅਤੇ ਅਨੇਕਾਂ ਜ਼ਖ਼ਮੀ ਹੋਏ ਸਨ। ਉਨ੍ਹਾਂ ਕਿਹਾ ਕਿ ਸੌ ਸਾਲ ਪਹਿਲਾਂ ਵੀਹਵੀਂ ਸਦੀ ਵਿਚ ਗੁਰੂ ਸਿਧਾਂਤ ਦੀ ਰਾਖੀ ਲਈ ਵਿੱਢੇ ਗਏ ਸੰਘਰਸ਼ ਵਿਚੋਂ ਉਪਜੀ ਪਾਰਟੀ ’ਤੇ ਗੁਰੂ ਪੰਥ ਦੇ ਸਰੋਕਾਰਾਂ ਵਿਰੁੱਧ ਕੀਤੀਆਂ ਗਈਆਂ ਗਤੀਵਿਧੀਆਂ ਲਈ ਗੰਭੀਰ ਕੇਸ ਦਰਜ ਹੋਣ ਤੋਂ ਮਾੜੀ ਗਲ ਹੋਰ ਕੀ ਹੋ ਸਕਦੀ ਹੈ ? ਉਨ੍ਹਾਂ ਕਿਹਾ ਕਿ ਮੌਜੂਦਾ ਅਕਾਲੀ ਕਈਆਂ ਦਾ ਲੋਕਾਂ ਅਤੇ ਸਿੱਖ ਸੰਗਤਾਂ ਵਿਚ ਪਰਦਾਫਾਸ਼ ਹੋ ਚੁਕਾ ਹੈ। ਹੁਣ ਕੋਈ ਵੀ ਸ਼ਕਤੀ ਪ੍ਰਦਰਸ਼ਨ ਸੰਗਤ ਨੂੰ ਗੁਮਰਾਹ ਨਹੀਂ ਕਰ ਸਕੇਗਾ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਬੇਅਦਬੀਆਂ ਅਤੇ ਪੰਥਕ ਸਰੋਕਾਰਾਂ ਨੂੰ ਤਿਲਾਂਜਲੀ ਦੇਣ ਲਈ ਬਾਦਲਾਂ ਪ੍ਰਤੀ ਸੰਗਤਾਂ ਦਾ ਮੋਹ ਭੰਗ ਹੋ ਚੁੱਕਿਆ ਹੈ । ਜਿਸ ਕਾਰਨ ਪੰਜਾਬ ਦੇ ਲੋਕਾਂ ਅਤੇ ਸਿੱਖ ਸੰਗਤਾਂ ਵੱਲੋਂ 2017 ਅਤੇ 2022 ਦੀਆਂ ਦੋ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਨਮੋਸ਼ੀ ਜਨਕ ਹਾਰ ਦੇ ਕੇ ਜ਼ਮੀਨੀ ਹਕੀਕਤ ਤੋਂ ਜਾਣੂ ਕਰਾਉਂਦਿਆਂ ਸਬਕ ਦੇ ਚੁੱਕੇ ਹਨ । ਪਰ ਅੱਜ ਵੀ ਇਹ ਲੋਕ ਕੋਟਕਪੂਰਾ ਗੋਲੀ ਕਾਂਡ ਦੀ ਗੰਭੀਰਤਾ ਤੋਂ ਅਣਜਾਣ ਬਣ ਰਹੇ ਹਨ ਅਤੇ ਸਿੱਖ ਪੰਥ ਦੀਆਂ ਜਜ਼ਬਾਤਾਂ ਨੂੰ ਸਮਝਣਾ ਹੀ ਨਹੀਂ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਅਕਾਲੀ ਲੀਡਰਸ਼ਿਪ ਪੰਥਕ ਸਰੋਕਾਰਾਂ ਤੋਂ ਦੂਰ ਜਾ ਚੁੱਕੀ ਹੈ। ਇਸ ਲਈ ਇਨ੍ਹਾਂ ਨੂੰ ਪੰਥ ਦੇ ਰਾਖੇ ਹੋਣ ਦਾ ਭਰਮ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਸਲਾਹ ਦਿੱਤੀ ਕਿ ਮੌਜੂਦਾ ਅਕਾਲੀ ਲੀਡਰਸ਼ਿਪ ਨੂੰ ਸਿੱਖੀ ਸਿਧਾਂਤ ਦੇ ਅਨੁਕੂਲ ਲੀਡਰਸ਼ਿਪ ਨੂੰ ਅੱਗੇ ਆਉਣ ਦਾ ਮੌਕਾ ਦੇਣ ਲਈ ਰਾਹ ਸਾਫ਼ ਕਰਨ ਦੀ ਲੋੜ ਹੈ।

# ਨੌਜਵਾਨਾਂ ਦੀ ਫੜੋ-ਫੜੀ ਤੁਰੰਤ ਬੰਦ ਕੀਤੀ ਜਾਵੇ: ਮਾਨ

ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਰਾਜਸੀ ਮਾਮਲਿਆਂ ਦੀ ਅੱਜ ਕਿਲਾ ਹਰਨਾਮ ਸਿੰਘ ਵਿੱਚ ਮੀਟਿੰਗ ਹੋਈ ਜਿਸ ਵਿਚ ਲੋਕ ਸਭਾ ਮੈਂਬਰ ਅਤੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸਿੱਖ ਨੌਜਵਾਨਾਂ ਦੀ ਫੜੋ-ਫੜੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪ੍ਰੇਸ਼ਾਨ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਇਸ ਅਮਲ ਨੂੰ ਤੁਰੰਤ ਬੰਦ ਕਰਨ ਅਤੇ ਗ੍ਰਿਫ਼ਤਾਰ ਨੌਜਵਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ। ਉਨ੍ਹਾਂ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੂੰ ਅਸਾਮ ਲਿਜਾ ਕੇ ਐੱਨਐੱਸਏ ਲਗਾਉਣ ਦੀ ਆਲੋਚਨਾ ਕੀਤੀ। ਪਾਰਟੀ ਦੇ ਮੁੱਖ ਬੁਲਾਰੇ ਇਕਬਾਲ ਸਿੰਘ ਟਿਵਾਣਾ ਨੇ ਦੱਸਿਆ ਕਿ ਮੀਟਿੰਗ ਵਿਚ ਜਲੰਧਰ ਦੀ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਪਾਰਟੀ ਵਲੋਂ ਮਜ਼ਬੂਤ ਉਮੀਦਵਾਰ ਅੱਗੇ ਲਿਆਉਣ ਦਾ ਫ਼ੈਸਲਾ ਕੀਤਾ ਗਿਆ।



# ਬਾਬਾ ਗੱਜਣ ਸਿੰਘ ਦੇ ਦੁਸਹਿਰੇ ਸਮੇਂ ਬਾਬਾ ਜੋਗਾ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ 16ਵੇਂ ਜਥੇਦਾਰ ਬਣੇ

## ਵੱਖ-ਵੱਖ ਦਲਾਂ, ਸੰਸਥਾਵਾਂ, ਸੰਪਰਦਾਵਾਂ ਵੱਲੋਂ ਦਸਤਾਰਾਂ ਭੇਟ

ਅੰਮ੍ਰਿਤਸਰ : ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ 15 ਵੇਂ ਮੁਖੀ ਜਥੇਦਾਰ ਬਾਬਾ ਗੱਜਣ ਸਿੰਘ ਦੇ ਦੁਸਹਿਰੇ ਦੇ ਸਮਾਗਮ ਮੌਕੇ ਗੁ: ਬਾਬਾ ਨੌਧ ਸਿੰਘ ਵਿਖੇ ਸਭ ਨਿਹੰਗ ਸਿੰਘ ਦਲਾਂ ਨੇ ਪੁਰਾਤਨ ਪਰੰਪਰਾ ਅਤੇ ਮਰਯਾਦਾ ਅਨੁਸਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਮੁਖੀ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿਚ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਜਥੇਦਾਰ ਬਾਬਾ ਅਵਤਾਰ ਸਿੰਘ ਮੁਖੀ ਬਾਬਾ ਬਿਧੀਚੰਦ ਸਾਹਿਬ ਸੰਪਰਦਾਇ ਤਰਨਾ ਦਲ ਸੁਰਸਿੰਘ ਵਾਲੇ, ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼ ?ਰੋਮਣੀ ਕਮੇਟੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਅਤੇ ਬਾਬਾ ਗੁਰਦੇਵ ਸਿੰਘ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਗੁਰਮਤੇ ਦੀ ਮਨਸ਼ਾ ਅਨੁਸਾਰ ਦਸਤਾਰ ਬੰਦੀ ਕਰਕੇ ਬਾਬਾ ਜੋਗਾ ਸਿੰਘ ਨੂੰ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਦੇ 16 ਵੇਂ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ 17 ਮਾਰਚ 2023 ਨੂੰ ਜਥੇਦਾਰ ਬਾਬਾ ਗੱਜਣ ਸਿੰਘ ਅਕਾਲ ਚਲਾਣਾ ਕਰ ਗਏ ਸਨ ਉਪਰੰਤ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ਼ ਅਨੰਦਪੁਰ ਸਾਹਿਬ ਵਾਲਿਆਂ ਨੂੰ ਸਾਰੀਆਂ ਜਥੇਬੰਦੀਆਂ ਵੱਲੋਂ ਮੁਖੀ ਬਨਣ ਦੀ ਪੇਸ਼ਕਸ਼ ਕੀਤੀ ਗਈ ਪਰ ਉਨ੍ਹਾਂ ਕਿਹਾ ਕਿ "ਜਥੇਦਾਰ ਸੰਤ ਬਾਬਾ ਕੀਰਤਨ ਸਿੰਘ ਜੀ ਨੇ ਮੈਨੂੰ ਸ਼ਹੀਦੀ ਬਾਗ਼ ਦੀ ਸੇਵਾ ਕਰਨ ਦਾ ਹੁਕਮ ਕੀਤਾ ਹੋਇਆ ਹੈ ਮੈਂ ਹੁਕਮ ਦੀ ਪਾਲਣਾ ਵਿਚ ਹਾਂ ਮੈਨੂੰ ਜਥੇਦਾਰੀ ਦੀ ਤਾਂਘ ਨਹੀਂ ਹੈ। ਇਹ ਸੇਵਾ ਬਾਬਾ ਜੋਗਾ ਸਿੰਘ ਨੂੰ ਸੌਂਪ ਦਿੱਤੀ ਜਾਵੇ।"ਬਾਬਾ ਗੁਰਦੇਵ ਸਿੰਘ ਦੀ ਤਿਆਗ ਸਮਰਪਿਤ ਭਾਵਨਾ ਨੂੰ ਪ੍ਰਵਾਨ ਕਰਦਿਆ ਸਭ ਧਾਰਮਿਕ ਆਗੂਆਂ ਨੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ।

ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਆਪਣੇ ਸੰਬੋਧਨ ਵਿਚ ਬਾਬਾ ਗੱਜਣ ਸਿੰਘ ਨੂੰ ਸਰਧਾਂਜਲੀ ਭੇਟ ਕਰਦਿਆ ਜਥੇਦਾਰ ਬਾਬਾ ਜੋਗਾ ਸਿੰਘ ਨੂੰ ਨਵੇਂ ਮੁਖੀ ਬਨਣ ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੁੱਢਾ ਦਲ ਦੇ ਚੌਥੇ ਮੁਖੀ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਦੀਪ ਸਿੰਘ ਨੂੰ ਮਿਸਲ ਸ਼ਹੀਦਾਂ ਦਾ ਪਹਿਲਾ ਮੁਖੀ ਥਾਪਿਆ ਸੀ। ਬਾਬਾ ਗੱਜਣ ਸਿੰਘ ਇਸ ਮਹਾਨ ਮਿਸਲ ਦੇ 15 ਵੇਂ ਮੁਖੀ ਤੇ ਹੁਣ ਬਾਬਾ ਜੋਗਾ ਸਿੰਘ 16 ਵੇਂ ਮੁਖੀ ਬਣੇ ਹਨ। ਉਨ੍ਹਾਂ ਕਿਹਾ ਸ਼ਹੀਦੀ ਮਿਸਲ ਦੇ ਮੁਖੀਆਂ ਨਾਲ ਮੇਰਾ ਬਹੁਤ ਪਿਆਰ ਸਤਿਕਾਰ ਰਿਹਾ ਹੈ। ਬਾਬਾ ਗੱਜਣ ਸਿੰਘ ਮੇਰੇ ਭਰਾ ਸਮਾਨ ਸਨ। ਹਰ ਗੱਲ ਗੁਰਮਤੇ ਨਾਲ ਸਾਂਝੀ ਕਰਦੇ ਸਨ। ਬਾਬਾ ਅਵਤਾਰ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਨੇ ਵੀ ਬਾਬਾ ਗੱਜਣ ਸਿੰਘ ਨੂੰ ਸਰਧਾਂਜਲੀ ਦਿੱਤੀ ਅਤੇ ਜਥੇਦਾਰ ਬਾਬਾ ਜੋਗਾ ਸਿੰਘ ਨੂੰ ਵਧਾਈ ਦੇਂਦਿਆਂ ਮਿਸਲ ਦੀ ਚੜ੍ਹਦੀਕਲਾ ਦੀ ਕਾਮਨਾ ਕੀਤੀ। ਏਸੇ ਤਰ੍ਹਾਂ ਵੱਖ-ਵੱਖ ਨਿਹੰਗ ਸਿੰਘ ਦਲਾਂ, ਕਾਰਸੇਵਾ ਸੰਪਰਦਾਵਾਂ ਦੇ ਮੁਖੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ. ਜਸਪਾਲ ਸਿੰਘ, ਦਿੱਲੀ ਸਿੱਖ ਗੁ:ਪ੍ਰ:ਕਮੇਟੀ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਬਾਬਾ ਲੱਕੀ ਸਿੰਘ ਨਿਰਮਲਾ, ਦਮਦਮੀ ਟਕਸਾਲ, ਬੀਬੀ ਕੌਲਾ ਜੀ ਭਲਾਈ ਕੇਂਦਰ, ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਬਾਬਾ ਸੁਖਾ ਸਿੰਘ ਭੂਰੀ ਵਾਲੇ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾਦਲ, ਬਾਬਾ ਜੋਗਿੰਦਰ ਸਿੰਘ ਰਕਬਾ ਵਾਲੇ, ਬਾਬਾ ਘਾਲਾ ਸਿੰਘ ਨਾਨਕਸਰ, ਬਾਬਾ ਸੁਖਾ ਸਿੰਘ ਸਰਹਾਲੀ ਵਾਲੇ, ਬਾਬਾ ਦਰਸ਼ਨ ਸਿੰਘ ਗੁਮਟਾਲੇ ਵਾਲੇ, ਬਾਬਾ ਗੁਰਦੇਵ ਸਿੰਘ ਹੁਸ਼ਿਆਰਪੁਰ, ਬਾਬਾ ਤਰਲੋਕ ਸਿੰਘ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਗੁਰਰਾਜ ਸਿੰਘ, ਬਾਬਾ ਹਰਦੀਪ ਸਿੰਘ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਭਾਈ ਗੁਰਇਕਬਾਲ ਸਿੰਘ, ਸੰਤ ਬਲਬੀਰ ਸਿੰਘ ਛੀਚੇਵਾਲ, ਬਾਬਾ ਨਾਹਰ ਸਿੰਘ, ਬਾਬਾ ਮਹੈਣ



ਸਿੰਘ, ਬਾਬਾ ਨੰਦ ਸਿੰਘ ਮੁੰਡਾਪਿੰਡ, ਬਾਬਾ ਵੱਸਣ ਸਿੰਘ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਗਿਆਨੀ ਗੁਰਬਚਨ ਸਿੰਘ ਸਾਬਕਾ ਜਥੇਦਾਰ, ਸ. ਮਗਵਿੰਦਰ ਸਿੰਘ ਖਾਪੜਖੇੜੀ, ਸ. ਭਗਵੰਤ ਸਿੰਘ ਸਿਆਲਕਾ, ਬਾਬਾ ਭੁਪਿੰਦਰ ਸਿੰਘ ਭਲਵਾਨ, ਸ. ਮਨਜੀਤ ਸਿੰਘ ਭੋਮਾ, ਬਾਬਾ ਬੁਧ ਸਿੰਘ ਨਿੱਕੇ ਘੁੰਮਣ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਜੋਗਾ ਸਿੰਘ, ਬਾਬਾ ਸੁਖਦੇਵ ਸਿੰਘ ਸਮਾਣਾ, ਬਾਬਾ ਰਣਜੋਧ ਸਿੰਘ, ਬਾਬਾ ਜਵੱਦੀ ਟਕਸਾਲ ਲੁਧਿਆਣਾ ਤੋਂ ਇਲਾਵਾ ਅਨੇਕਾਂ ਜਥੇਬੰਦੀਆਂ ਸੰਸਥਾਵਾਂ ਨੇ ਜਥੇ ਬਾਬਾ ਜੋਗਾ ਸਿੰਘ ਨੂੰ ਦਸਤਾਰਾਂ ਭੇਟ ਕੀਤੀਆਂ।

# ਸ਼੍ਰੋਮਣੀ ਕਮੇਟੀ ਵੱਲੋਂ 11.38 ਅਰਬ ਰੁਪਏ ਦਾ ਬਜਟ ਪਾਸ

## ਬੰਦੀ ਸਿੰਘਾਂ ਦੀ ਰਿਹਾਈ, ਕੇਸਾਂ ਦੀ ਪੈਰਵੀ ਅਤੇ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਨੂੰ ਸਹਾਇਤਾ ਲਈ ਵੀ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ





ਅੰਮ੍ਰਿਤਸਰ : ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਤੀ ਸਾਲ 2023-24 ਲਈ ਅਨੁਮਾਨਤ 1138 ਕਰੋੜ 14 ਲੱਖ ਰੁਪਏ ਦਾ ਸਾਲਾਨਾ ਬਜਟ ਪਾਸ ਕਰ ਦਿੱਤਾ ਹੈ। ਇਹ ਰਕਮ ਪਿਛਲੇ ਸਾਲ ਦੇ ਬਜਟ 988 ਕਰੋੜ ਰੁਪਏ ਨਾਲੋਂ 17 ਫੀਸਦ ਵੱਧ ਹੈ। ਕਮੇਟੀ ਨੂੰ ਬਜਟ ਵਿੱਚ ਲਗਪਗ 32 ਕਰੋੜ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਐਤਕੀਂ ਬਜਟ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵੱਲ ਵਧੇਰੇ ਤਰਜੀਹ ਦਿੱਤੀ ਗਈ ਹੈ। ਸਿੱਖ ਸੰਸਥਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਬਜਟ ਮੁੱਖ ਬਜਟ ਵਿਚੋਂ ਮਨਫੀ ਹੈ। ਹਾਲਾਂਕਿ ਹਰਿਆਣਾ ਦੇ ਗੁਰਦੁਆਰਿਆਂ ਲਈ ਲਗਪਗ 57 ਕਰੋੜ ਰੁਪਏ ਦਾ ਇਕ ਵੱਖਰਾ ਅਨੁਮਾਨਤ ਬਜਟ ਰਾਖਵਾਂ ਰੱਖਿਆ ਗਿਆ ਹੈ।

ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਬਜਟ ਇਜਲਾਸ ਦੀ ਪ੍ਰਧਾਨਗੀ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਜਦੋਂ ਕਿ ਜਨਰਲ ਇਜਲਾਸ ਦੌਰਾਨ ਸਿੱਖ ਸੰਸਥਾ ਦਾ ਬਜਟ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਪੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਜਨਰਲ ਇਜਲਾਸ ਵਿਚ ਹਾਕਮ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਚਾਲੇ ਹਲਕੀ ਬਹਿਸ ਵੀ ਹੋਈ, ਪਰ ਬਾਅਦ ਵਿਚ ਬਜਟ ਇਜਲਾਸ ਬਿਨਾਂ ਵਿਘਨ ਮੁਕੰਮਲ ਹੋਇਆ। ਬਜਟ ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ 11 ਅਰਬ 38 ਕਰੋੜ 14 ਲੱਖ ਰੁਪਏ ਦਾ ਬਜਟ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਆਪਣੇ ਬਜਟ ਭਾਸ਼ਣ ਵਿਚ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਦੀ ਹੋਣ ਵਾਲੀ ਆਮਦਨ ਤੇ ਖਰਚਿਆਂ ਦੇ ਵੇਰਵੇ ਸਾਂਝੇ ਕਰਦਿਆਂ ਵੱਖ-ਵੱਖ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖੁਲਾਸਾ ਕੀਤਾ। ਐਤਕੀਂ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਲਗਾਈ ਵੱਡ ਅਕਾਰੀ ਸਕਰੀਨ 'ਤੇ ਨਾਲੋ-ਨਾਲ ਬਜਟ ਦੇ ਅੰਕੜੇ ਵੀ ਜਾਰੀ ਕੀਤੇ ਗਏ। ਸਿੱਖ ਸੰਸਥਾ ਦੇ ਬਜਟ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਬਜਟ ਦੇ 'ੳ' ਭਾਗ ਵਿਚ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਆ ਫੰਡ ਅਤੇ ਪ੍ਰਿੰਟਿੰਗ ਪ੍ਰੈੱਸਾਂ ਸ਼ਾਮਲ ਹਨ, ਜਦੋਂਕਿ ਬਜਟ ਦੇ 'ਅ' ਭਾਗ ਵਿਚ ਧਰਮ ਪ੍ਰਚਾਰ ਕਮੇਟੀ, ਭਾਗ 'ੲ' ਵਿਚ ਸੈਕਸ਼ਨ 85 ਦੇ ਗੁਰਦੁਆਰੇ ਅਤੇ ਭਾਗ 'ਸ' ਵਿਚ ਵਿਦਿਅਕ ਅਦਾਰੇ ਸ਼ਾਮਲ ਹਨ। ਇਨ੍ਹਾਂ ਸਾਰਿਆਂ ਤੋਂ ਇਸ ਵਿੱਤੀ ਵਰ੍ਹੇ ਦੌਰਾਨ ਆਮਦਨ ਲਗਪਗ 1106 ਕਰੋੜ, 4 ਲੱਖ 55 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ ਜਦੋਂ ਕਿ ਕੁੱਲ ਖਰਚਾ 1138 ਕਰੋੜ 14 ਲੱਖ 54 ਹਜ਼ਾਰ ਰੁਪਏ ਹੋਣ ਦਾ ਅਨੁਮਾਨ ਹੈ। ਇਹ ਅੰਕੜਾ ਆਮਦਨ ਨਾਲੋਂ ਲਗਪਗ 32 ਕਰੋੜ 9 ਲੱਖ 98 ਹਜ਼ਾਰ ਰੁਪਏ ਵਧੇਰੇ ਹੈ। ਇਸ ਵਾਧੂ ਖਰਚੇ ਵਿਚ ਸਭ ਤੋਂ ਵੱਧ ਖਰਚਾ 29 ਕਰੋੜ 88 ਲੱਖ 98 ਹਜ਼ਾਰ ਰੁਪਏ ਵਿਦਿਅਕ ਅਦਾਰਿਆਂ ਨਾਲ ਸਬੰਧਤ ਹੈ ਜਦੋ ਕਿ ਬਾਕੀ ਦੋ ਕਰੋੜ 21 ਲੱਖ ਰੁਪਏ ਦਾ ਵਾਧੂ ਖਰਚਾ ਪ੍ਰਿੰਟਿੰਗ ਪ੍ਰੈੱਸਾਂ ਨਾਲ ਸਬੰਧਿਤ ਹੈ। ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਕੇਸਾਂ ਦੀ ਪੈਰਵੀ ਦੇ ਨਾਲ-ਨਾਲ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਨੂੰ ਸਹਾਇਤਾ ਲਈ ਵੀ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਿੱਖ ਨੌਜਵਾਨਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਵਿਚ ਲਿਆਉਣ ਲਈ ਖੋਲ੍ਹੀ ਗਈ ਅਕੈਡਮੀ ਦਾ ਜ਼ਿਕਰ ਕੀਤਾ। ਹਰਿਆਣਾ ਦੇ ਗੁਰਦੁਆਰਿਆ ਦੇ ਬਜਟ ਸਬੰਧੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵਾਰ ਹਰਿਆਣਾ ਦੇ ਗੁਰਦੁਆਰਿਆਂ ਲਈ ਵੱਖਰੇ ਤੌਰ 'ਤੇ 57 ਕਰੋੜ 11 ਲੱਖ ਰੁਪਏ ਰੱਖਿਆ ਗਿਆ ਹੈ। ਭਾਵੇਂ ਸਰਕਾਰਾਂ ਨੇ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸੋਂ ਜਬਰੀ ਖੋਹ ਲਿਆ ਹੈ, ਪਰ ਫਿਰ ਵੀ ਸ਼੍ਰੋਮਣੀ ਕਮੇਟੀ ਨੇ ਇਸ ਲਈ ਬਜਟ ਰੱਖਿਆ ਹੈ।



ਬਜਟ ਇਜਲਾਸ ਦੌਰਾਨ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਭਾਈ ਗੁਰਚਰਨ ਸਿੰਘ ਗਰੇਵਾਲ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਬਲਵਿੰਦਰ ਸਿੰਘ ਬੈਂਸ, ਜਸਵੰਤ ਸਿੰਘ ਪੁੜੈਣ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਅਮਰੀਕ ਸਿੰਘ ਸ਼ਾਹਪੁਰ, ਬੀਬੀ ਗੁਰਪ੍ਰੀਤ ਕੌਰ ਰੂਹੀ।

SONNY DHALIWAL for SUPERVISOR

# ਲੈਥਰੋਪ ਸਿਟੀ ਦੇ ਮੇਅਰ ਸ੍ਰ. ਸੁੱਖ ਧਾਲੀਵਾਲ ਕਾਉਂਟੀ ਸੁਪਰਵਾਈਜ਼ਰ ਲਈ ਮੈਦਾਨ 'ਚ

## ਭਾਰੀ ਗਿਣਤੀ 'ਚ ਕਮਿਊਨਿਟੀ ਨੇ ਸ੍ਰ. ਧਾਲੀਵਾਲ ਲਈ ਕੀਤਾ ਫੰਡ ਰੇਜ਼ਿੰਗ









ਲੈਥਰੋਪ/ਕੈਲੀਫੋਰਨੀਆ : ਅਮਰੀਕਨ ਸਿਆਸਤ ਵਿਚ ਜਾਣੀ-ਪਹਿਚਾਣੀ ਸ਼ਖਸੀਅਤ ਅਤੇ ਲੈਥਰੋਪ ਸਿਟੀ ਦੇ 5 ਵਾਰ ਤੋਂ ਮੇਅਰ ਦੇ ਅਹੁਦੇ ਉਪਰ ਮੌਜੂਦਾ ਮੇਅਰ ਸ੍ਰ. ਸਨੀ ਧਾਲੀਵਾਲ ਵਲੋਂ ਸਿਟੀ ਅਤੇ ਕਮਿਊਨਿਟੀ ਦੀ ਹੋਰ ਬੈਟਰਮੈਂਟ ਲਈ ਕਾਉਂਟੀ ਸੁਪਰਵਾਈਜ਼ਰ ਦੀ ਚੋਣ ਲੜਨ ਦੇ ਐਲਾਨ ਨਾਲ ਸ਼ਹਿਰ ਵਿਚ ਖੁਸ਼ੀ ਦੀ ਲਹਿਰ ਜੋ ਸਿਰਫ਼ ਪੰਜਾਬੀ ਕਮਿਊਨਿਟੀ ਹੀ ਨਹੀਂ ਬਲਕਿ ਵੱਖ-ਵੱਖ ਕਮਿਊਨਿਟੀ ਦੇ ਲੋਕਾਂ ਵਲੋਂ ਸ੍ਰ. ਧਾਲੀਵਾਲ ਦੀ ਹਮਾਇਤ ਦਾ ਐਲਾਨ ਕੀਤਾ ਹੈ। ਇਸ ਸਬੰਧ ਵਿਚ ਅੱਜ ਟਰੇਸੀ ਵਿਖੇ ਵੱਡੀ ਗਿਣਤੀ 'ਚ ਸ਼ਹਿਰ ਦੇ ਮੋਹਤਬਰ ਲੋਕਾਂ ਦੀ ਹਾਜ਼ਰੀ 'ਚ ਫੰਡ ਰੇਜ਼ਿੰਗ ਕੀਤਾ ਗਿਆ। ਇਸ ਸਮੇਂ ਕਮਿਊਨਿਟੀ ਦੇ ਵੱਖ-ਵੱਖ ਆਗੂਆਂ ਵਲੋਂ ਸੰਬੋਧਨ ਕੀਤਾ ਗਿਆ ਜਿਨ੍ਹਾਂ ਵਿਚ ਡਾ. ਗੁਰਪ੍ਰੀਤ ਸਿੰਘ ਧੁੱਗਾ, ਬਿਜਨਸ ਟਾਈਕੂਨ ਸ੍ਰ. ਜੌਅ ਜੌਹਲ ਅਤੇ ਹੋਰ ਵੱਖ-ਵੱਖ ਕਮਿਊਨਿਟੀਆਂ ਦੇ ਆਗੂਆਂ ਵਲੋਂ ਸੰਬੋਧਨ ਕੀਤਾ ਗਿਆ। ਇਥੇ ਇਹ ਜ਼ਿਕਰਯੋਗ ਹੈ ਕਿ ਸ੍ਰ. ਧਾਲੀਵਾਲ ਪਿਛਲੇ 20 ਸਾਲ ਤੋਂ ਕਮਿਊਨਿਟੀ ਦੀ ਵੱਖ-ਵੱਖ ਅਹੁਦਿਆਂ ਉਪਰ ਰਹਿ ਕੇ ਸੇਵਾ ਕਰਦੇ ਆ ਰਹੇ ਹਨ ਅਤੇ ਪਿਛਲੇ 10 ਸਾਲ ਤੋਂ ਉਪਰ ਮੇਅਰ ਦੇ ਅਹੁਦੇ ਉਪਰ ਹਨ। ਉਨ੍ਹਾਂ ਨੇ ਆਪਣੀ ਵਿਦਿਆ ਲਾਇਲਪੁਰ ਖਾਲਸਾ ਕਾਲਜ ਤੋਂ ਪ੍ਰਾਪਤ ਕੀਤੀ। ਅਮਰੀਕਾ 'ਚ ਸਖ਼ਤ ਮਿਹਨਤ ਅਤੇ ਲਗਨ ਨਾਲ ਹਰ ਫੀਲਡ 'ਚ ਮਾਣਮੱਤੇ ਰਿਕਾਰਡ ਬਣਾਏ। ਉਨ੍ਹਾਂ 'ਸਾਡੇ ਲੋਕ'












**SONNY DHALIWAL for SUPERVISOR**

# ਲੈਥਰੋਪ ਸਿਟੀ ਦੇ ਮੇਅਰ ਸ੍ਰ. ਸੁੱਖ ਧਾਲੀਵਾਲ ਕਾਉਂਟੀ ਸੁਪਰਵਾਈਜ਼ਰ ਲਈ ਮੈਦਾਨ 'ਚ

## ਭਾਰੀ ਗਿਣਤੀ 'ਚ ਕਮਿਊਨਿਟੀ ਨੇ ਸ੍ਰ. ਧਾਲੀਵਾਲ ਲਈ ਕੀਤਾ ਫੰਡ ਰੇਜ਼ਿੰਗ













ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਅਹੁਦੇ ਉਪਰ ਪਹੁੰਚਣ ਤੋਂ ਬਾਅਦ ਹਰ ਸਖ਼ਤ ਮਿਹਨਤ ਤੇ ਲਗਨ ਨਾਲ ਕੰਮ ਕਰਾਂਗਾ। ਉਨ੍ਹਾਂ ਆਏ ਹੋਏ ਸਮੂਹ ਦੋਸਤਾਂ, ਮਿੱਤਰਾਂ ਅਤੇ ਸਹਿਯੋਗੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।
























ਹਰਜਿੰਦਰ ਸਿੰਘ ਲਾਲ

# ਪੰਜਾਬ ਦਾ ਅਜੋਕਾ ਘਟਨਾਕ੍ਰਮ ਨਿਸ਼ਾਨੇ ਕੀ ਹਨ ?

*ਆਮ ਤੌਰ ’ਤੇ ਸਿੱਖ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਲੜਾਈ ਹੀ ਲੜਦੇ ਰਹੇ ਹਨ। ਅਨੰਦਪੁਰ ਦਾ ਮਤਾ ਖ਼ਾਲਿਸਤਾਨ ਦੀ ਮੰਗ ਨਹੀਂ ਸੀ। ਸਗੋਂ ਦੇਸ਼ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਮੰਗ ਸੀ। ਪਰ ਇਸ ਨੂੰ ਕੇਂਦਰੀ ਹਕੂਮਤਾਂ ਦੇ ਪ੍ਰਚਾਰ ਨੇ ਸਿੱਖਾਂ ਦੀ ਵੱਖ ਰਾਜ ਦੀ ਮੰਗ ਵਾਂਗ ਪ੍ਰਚਾਰਿਆ। ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਬਹੁਤੇ ਲੋਕ ਵੀ ਪਹਿਲਾਂ ਉਸ ਵੇਲੇ ਦੀ ਕਾਂਗਰਸੀ ਕੇਂਦਰੀ ਹਕੂਮਤ ਦੇ ਨਜ਼ਦੀਕ ਰਹਿਣ ਵਾਲੇ ਜਾਂ ਉਨ੍ਹਾਂ ਨਾਲ ਗੁਪਤ ਮੀਟਿੰਗਾਂ ਕਰਨ ਵਾਲੇ ਲੋਕ ਹੀ ਸਨ।*



**ਕੁਝ ਨਾ ਕਹਿਣਾ ਤੇ ਚੁੱਪ ਰਹਿਣਾ**
**ਏਨਾ ਵੀ ਸੌਖਾ ਨਹੀਂ**
**ਪੀੜ ਬੜੀ ਹੈ ਸੀਨੇ ਵਿਚ ਪਰ,**
**ਮੁਸਕਾਣਾ ਵੀ ਪੈਂਦਾ ਹੈ। (ਲਾਲ ਫਿਰੋਜ਼ਪੁਰੀ)**

ਹਾਲਾਤ ਏਦਾਂ ਦੇ ਨੇ ਕਿ ਸਿੱਖ ਕੌਮ ਐਸੇ ਚੌਰਾਹੇ ’ਤੇ ਆ ਖੜ੍ਹੀ ਹੈ ਕਿ ਉਸ ਨੂੰ ਕੋਈ ਵੀ ਠੀਕ ਰਸਤਾ ਨਜ਼ਰ ਨਹੀਂ ਆ ਰਿਹਾ। ਪਰ ਜੇਕਰ ਅਸੀਂ ਚੌਰਾਹੇ ਦੇ ਵਿਚਕਾਰ ਹੀ ਖੜ੍ਹੇ ਰਹੇ ਤਦ ਵੀ ਹਾਦਸਾ ਨਿਸ਼ਚਿਤ ਹੈ। ਪਰ ਜੇਕਰ ਕੋਈ ਗ਼ਲਤ ਰਸਤਾ ਚੁਣ ਲਿਆ ਤਾਂ ਨੁਕਸਾਨ ਹੋਰ ਵੀ ਜ਼ਿਆਦਾ ਹੋਵੇਗਾ। ਸਿੱਖ ਕੌਮ ਦਾ ਸੰਕਲਪ ਸਰਬੱਤ ਦੇ ਭਲੇ ਦਾ ਸੰਕਲਪ ਹੈ। ਸਿੱਖਾਂ ਨੇ ਹਜ਼ਾਰਾਂ ਕੁਰਬਾਨੀਆਂ ਦੇ ਕੇ ਇਸ ਗੱਲ ’ਤੇ ਪਹਿਰਾ ਦਿੱਤਾ ਕਿ ਕਿਸੇ ਰਾਜੇ ਨੂੰ ਰਾਜ ਸੱਤਾ ਦੇ ਨਸ਼ੇ ਤੇ ਤਾਕਤ ਦੇ ਜ਼ੋਰ ਨਾਲ ਦੂਸਰੇ ਧਰਮ ਦੇ ਲੋਕਾਂ ਨੂੰ ਆਪਣਾ ਧਰਮ ਮੰਨਣ ਲਈ ਮਜਬੂਰ ਕਰਨ ਦਾ ਹੱਕ ਨਹੀਂ। ਸਿੱਖ ਗੁਰੂਆਂ ਤੋਂ ਲੈ ਕੇ ਸਿੱਖ, ਮੁਗਲ ਰਾਜ ਦੇ ਅੰਤ ਤੱਕ ਜਬਰੀ ਧਰਮ ਤਬਦੀਲੀ ਦੇ ਵਿਰੋਧ ਵਿਚ ਲੜਦੇ ਰਹੇ। ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਆਇਆ ਤਾਂ ਜ਼ਾਲਮਾਂ ਤੋਂ ਬਦਲੇ ਤਾਂ ਲਏ ਗਏ ਪਰ ਕਿਸੇ ਬੇਗੁਨਾਹ ਮੁਸਲਮਾਨ ਨੂੰ ਮਾਰਨਾ ਤਾਂ ਦੂਰ ਜੇਲ੍ਹ ਵਿਚ ਡੱਕਣ ਤੱਕ ਦਾ ਇਤਿਹਾਸ ਵਿਚ ਕਿਤੇ ਜ਼ਿਕਰ ਨਹੀਂ ਮਿਲਦਾ। ਸਿੱਖ ਮਿਸਲਾਂ ਵੇਲੇ ਵੀ ਕਿਸੇ ਦੂਜੇ ਧਰਮ ਦੇ ਬੰਦੇ ਦਾ ਜਬਰੀ ਧਰਮ ਪਰਿਵਰਤਨ ਨਹੀਂ ਹੋਇਆ ਤੇ ਮਹਾਰਾਜਾ ਰਣਜੀਤ ਸਿੰਘ ’ਤੇ ਭਾਵੇਂ ਸਾਨੂੰ ਪੰਜਾਬੀਆਂ ਨੂੰ ਗ਼ਿਲਾ ਹੈ ਕਿ ਉਨ੍ਹਾਂ ਨੇ ਪੰਜਾਬੀ ਨੂੰ ਰਾਜ ਭਾਸ਼ਾ ਨਾ ਬਣਾ ਕੇ ਵੱਡੀ ਗ਼ਲਤੀ ਕੀਤੀ, ਜਿਸ ਕਾਰਨ ਪੰਜਾਬੀ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਵਿਚ ਪੰਜਾਬੀਅਤ ਦਾ ਉਭਾਰ ਨਹੀਂ ਹੋਇਆ, ਸਗੋਂ ਉਹ ਧਾਰਮਿਕ ਵੰਡੀਆਂ ਵਿਚ ਹੀ ਵੰਡੇ ਰਹੇ। ਪਰ ਇਹ ਰਾਜ ਵੀ ਸਮੁੱਚੇ ਪੰਜਾਬੀਆਂ ਦਾ ਰਾਜ ਸੀ। ਫਿਰ ਅੰਗਰੇਜ਼ਾਂ ਦੇ ਰਾਜ ਵਿਚ ਆਜ਼ਾਦੀ ਦੀ ਲੜਾਈ ਵਿਚ 2 ਫ਼ੀਸਦੀ ਤੋਂ ਘੱਟ ਗਿਣਤੀ ਸਿੱਖਾਂ ਦੀਆਂ ਕੁਰਬਾਨੀਆਂ 80 ਫ਼ੀਸਦੀ ਤੋਂ ਵਧੇਰੇ ਹੋਈਆਂ, ਇਹ ਸਾਫ਼-ਸਾਫ਼ ਸਿੱਖਾਂ ਦੀ ਦੇਸ਼ ਭਗਤੀ ਦਾ ਪ੍ਰਗਟਾਵਾ ਹੈ। ਇਤਿਹਾਸ ਗਵਾਹ ਹੈ ਕਿ ਸਿਰਫ਼ ਤੇ ਸਿਰਫ਼ ਸਿੱਖਾਂ ਦੇ ਭਾਰਤ ਨਾਲ ਰਹਿਣ ਦੇ ਫ਼ੈਸਲੇ ਨੇ ਫ਼ਿਰੋਜ਼ਪੁਰ ਤੇ ਅੰਮ੍ਰਿਤਸਰ ਨੂੰ ਭਾਰਤ ਪਾਕਿਸਤਾਨ ਦੀ ਹੱਦ ਬਣਵਾਇਆ, ਨਹੀਂ ਤਾਂ ਯਮਨਾ ਤੱਕ ਪਾਕਿਸਤਾਨ ਦੀ ਹੱਦ ਹੁੰਦੀ ਤੇ ਸਮੁੱਚਾ ਹਰਿਆਣਾ ਦਿੱਲੀ ਦੀਆਂ ਬਰੂਹਾਂ ਤੱਕ ਪਾਕਿਸਤਾਨ ਦਾ ਹਿੱਸਾ ਹੁੰਦਾ। ਪਰ ਅਫ਼ਸੋਸ ਕਿ ਕਾਂਗਰਸੀ ਨੇਤਾਵਾਂ ਨੇ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਦੇਸ਼ ਭਰ ਵਿਚ ਆਪਣੇ-ਆਪ ਭਾਸ਼ਾ ਦੇ ਅਧਾਰ ’ਤੇ ਸੂਬੇ ਬਣਾਏ ਗਏ। ਪਰ ਪੰਜਾਬੀ ਜ਼ਬਾਨ ਦੇ ਅਧਾਰ ’ਤੇ ਸੂਬਾ ਬਣਾਉਣ ਦੀ ਲੜਾਈ ਨੇ ਪੰਜਾਬ ਦੇ ਸਿੱਖਾਂ-ਹਿੰਦੂਆਂ ਵਿਚ ਦੁਫੇੜ ਖੜ੍ਹਾ ਕਰਵਾ ਦਿੱਤਾ। ਸਿੱਖਾਂ ਵਿਚ ਬੇਗਾਨਾਪਨ ਤੇ ਹਿੰਦੂਆਂ ਵਿਚ ਵੀ ਇਕ ਵੱਖਰੀ ਤਰ੍ਹਾਂ ਦੀ ਸੋਚ ਨੂੰ ਇਸ ਨੇ ਜਨਮ ਦਿੱਤਾ। ਹਾਲਾਂਕਿ ਸਚਾਈ ਇਹੀ ਹੈ ਕਿ ਹਿੰਦੂ ਨੇਤਾਵਾਂ ਦੇ ਪੰਜਾਬੀ ਵਿਰੋਧ ਨੇ ਪੰਜਾਬ ਨੂੰ ਇਕ ਸਿੱਖ ਬਹੁਸੰਮਤੀ ਵਾਲਾ ਸੂਬਾ ਬਣਾ ਦਿੱਤਾ। ਨਹੀਂ ਤਾਂ ਪੰਜਾਬ ਏਨਾ ਵੱਡਾ ਜ਼ਰੂਰ ਹੁੰਦਾ ਕਿ ਇਸ ਵਿਚ ਸਿੱਖ ਤੇ ਹਿੰਦੂ ਵਸੋਂ ਬਰਾਬਰ ਬਰਾਬਰ ਹੁੰਦੀ। ਖ਼ੈਰ ਮੈਂ ਸਮਝਦਾ ਹਾਂ ਕਿ ਇਹ ਪਹਿਲੀ ਰਣਨੀਤਕ ਲੜਾਈ ਸੀ, ਜਿਸ ਵਿਚ ਮੌਕੇ ਦੇ ਸਿੱਖ ਲੀਡਰ ਆਪਣੀ ਚਾਲ ਵਿਚ ਸਫਲ ਰਹੇ ਤੇ ਉਸ ਵੇਲੇ ਦੇ ਹਿੰਦੂ ਲੀਡਰ ਉਨ੍ਹਾਂ ਦੀ ਚਾਲ ਵਿਚ ਫਸ ਗਏ ਸਨ।

ਆਮ ਤੌਰ ’ਤੇ ਸਿੱਖ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਲੜਾਈ ਹੀ ਲੜਦੇ ਰਹੇ ਹਨ। ਅਨੰਦਪੁਰ ਦਾ ਮਤਾ ਖ਼ਾਲਿਸਤਾਨ ਦੀ ਮੰਗ ਨਹੀਂ ਸੀ। ਸਗੋਂ ਦੇਸ਼ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਮੰਗ ਸੀ। ਪਰ ਇਸ ਨੂੰ ਕੇਂਦਰੀ ਹਕੂਮਤਾਂ ਦੇ ਪ੍ਰਚਾਰ ਨੇ ਸਿੱਖਾਂ ਦੀ ਵੱਖ ਰਾਜ ਦੀ ਮੰਗ ਵਾਂਗ ਪ੍ਰਚਾਰਿਆ। ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਬਹੁਤੇ ਲੋਕ ਵੀ ਪਹਿਲਾਂ ਉਸ ਵੇਲੇ ਦੀ ਕਾਂਗਰਸੀ ਕੇਂਦਰੀ ਹਕੂਮਤ ਦੇ ਨਜ਼ਦੀਕ ਰਹਿਣ ਵਾਲੇ ਜਾਂ ਉਨ੍ਹਾਂ ਨਾਲ ਗੁਪਤ ਮੀਟਿੰਗਾਂ ਕਰਨ ਵਾਲੇ ਲੋਕ ਹੀ ਸਨ। ਸਿੱਖਾਂ ਨੇ ਅਜੇ ਤੱਕ ਇਕ ਪੰਥ ਜਾਂ ਕੌਮ ਦੇ ਰੂਪ ਵਿਚ ਨਹੀਂ ਸੋਚਿਆ ਵਿਚਾਰਿਆ ਕਿ ਖ਼ਾਲਿਸਤਾਨ ਸਿੱਖਾਂ ਲਈ ਲਾਭਦਾਇਕ ਹੈ ਜਾਂ ਨੁਕਸਾਨਦਾਇਕ। ਕੀ ਇਹ ਮੰਗ ਗੁਰੂ ਸਾਹਿਬ ਅਤੇ ਗੁਰਬਾਣੀ ਦੀ ਸਰਬੱਤ ਦੇ ਭਲੇ ਦੀ ਸੋਚ ਦੇ ਅਨੁਕੂਲ ਵੀ ਹੈ ਜਾਂ ਨਹੀਂ? ਪਰ ਸਰਕਾਰਾਂ ਉਨ੍ਹਾਂ ਲੋਕਾਂ ਨੂੰ ਵੱਡੇ ਅਤੇ ਹੀਰੋ ਬਣਨ ਦੇ ਮੌਕੇ ਦਿੰਦੀਆਂ ਹਨ, ਜੋ ਖ਼ਾਲਿਸਤਾਨ ਦੀ ਗੱਲ ਕਰਦੇ ਹਨ ਤੇ ਜਦੋਂ ਉਹ ’ਵੱਡੇ’ ਹੋ ਜਾਂਦੇ ਹਨ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਕਰਕੇ ਸਮੁੱਚੀ ਕੌਮ ਨੂੰ ਜ਼ੁਲਮ ਦਾ ਨਿਸ਼ਾਨਾ ਬਣਾ ਦਿੱਤਾ ਜਾਂਦਾ ਹੈ।

## ਸਾਜਿਸ਼ ਦੀ ਬੋਅ

**ਮੈਂ ਤੋ ਇਸ ਵਾਸਤੇ ਚੁੱਪ ਹੂੰ**
**ਕਿ ਤਮਾਸ਼ਾ ਨਾ ਬਣੇ**
**ਤੂ ਸਮਝਤਾ ਹੈ ਕਿ ਮੁਝੇ**
**ਤੁਝ ਸੇ ਗ਼ਿਲਾ ਕੁਛ ਭੀ ਨਹੀਂ।**

ਅਸਲ ਵਿਚ ਜਿਵੇਂ ਅਚਾਨਕ ਹੀ ਇਕਦਮ ਪੰਜਾਬ ਦੇ ਧਾਰਮਿਕ ਤੇ ਰਾਜਸੀ ਅਕਾਸ਼ ’ਤੇ ਅੰਮ੍ਰਿਤਪਾਲ ਸਿੰਘ ਦਾ ਉਦੈ ਹੋਇਆ, ਉਸ ਵੇਲੇ ਹੀ ਕਿਸੇ ਸਾਜਿਸ਼ ਦੀ ਬੋਅ ਵੀ ਆਉਣ ਲੱਗ ਪਈ ਸੀ। ਇਸੇ ਲਈ ਅਸੀਂ ਇਨ੍ਹਾਂ ਕਾਲਮਾਂ ਵਿਚ ਓਨੀ ਦੇਰ ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ’ਤੇ ਕੋਈ ਟਿੱਪਣੀ ਨਾ ਕਰਨ ਅਤੇ ਚੁੱਪ ਰਹਿਣ ਦਾ ਫ਼ੈਸਲਾ ਕਰ ਲਿਆ ਸੀ, ਜਦੋਂ ਤੱਕ ਇਸ ਬਾਰੇ ਬੋਲਣ ਦੀ ਕੋਈ ਮਜਬੂਰੀ ਸਾਹਮਣੇ ਨਹੀਂ ਆ ਜਾਂਦੀ। ਪਰ ਹੁਣ ਦੇ ਹਾਲਾਤ ਨੇ ਸਾਨੂੰ ਬੋਲਣ ’ਤੇ ਮਜਬੂਰ ਕਰ ਦਿੱਤਾ ਹੈ, ਕਿਉਂਕਿ ਅਜਿਹਾ ਜਾਪਦਾ ਹੈ ਕਿ ਕੇਂਦਰ ਦੀ ਸਰਕਾਰ ਤੇ ਪੰਜਾਬ ਦੀ ਸਰਕਾਰ ਵਿਚ ਇਸ ਕਾਰਵਾਈ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਹੋੜ ਲੱਗੀ ਹੋਈ ਹੈ। ਨਹੀਂ ਤਾਂ ਪੰਜਾਬ ਵਿਚ ਸਿਰਫ਼ ਸੋਸ਼ਲ ਮੀਡੀਆ ’ਤੇ ਖਿਡੌਣੇ ਹਥਿਆਰਾਂ ਨਾਲ ਫੋਟੋ ਪਾਉਣ ਤੇ ਅਦਾਲਤੀ ਹੁਕਮਾਂ ਦੇ ਉਲਟ ਸ਼ਾਂਤੀਪੂਰਨ ਤਰੀਕੇ ਨਾਲ ਖ਼ਾਲਿਸਤਾਨ ਦੀ ਗੱਲ ਕਰਨ ਵਾਲੇ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਵਿਚ ਇਕ ਮਿੰਟ ਨਾ ਲਾਉਣ ਵਾਲੀਆਂ ਸਰਕਾਰਾਂ ਤੇ ਏਜੰਸੀਆਂ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿਚ ਚੁੱਪ ਰਹਿ ਕੇ ਉਸ ਨੂੰ ਵੱਡਾ ਤੇ ਹੋਰ ਵੱਡਾ ਹੋਣ ਦੇਣ ਦੀ ਇਜਾਜ਼ਤ ਕਿਵੇਂ ਦੇ ਸਕਦੀਆਂ ਸਨ? ਅੰਮ੍ਰਿਤਪਾਲ ਸਿੰਘ ਨੇ ਸ਼ਰ੍ਹੇਆਮ ਹਥਿਆਰਾਂ ਦੀ ਨੁਮਾਇਸ਼ ਕੀਤੀ, ਗੁਰਦੁਆਰਿਆਂ ਵਿਚ ਕੁਰਸੀਆਂ ਦੇ ਨਾਂਅ ’ਤੇ ਕੌਮ ਵਿਚ ਦੁਫੇੜ ਵਾਲੀ ਸਥਿਤੀ ਖੜ੍ਹੀ ਕੀਤੀ ਤੇ ਫਿਰ ਅਜਨਾਲਾ ਥਾਣੇ ’ਤੇ ਉਸ ਵਲੋਂ ਕੀਤੀ ਕਾਰਵਾਈ ’ਤੇ ਕਈ ਹਫ਼ਤੇ ਦੀ ਚੁੱਪੀ, ਕੇਂਦਰੀ ਤੇ ਰਾਜ ਸਰਕਾਰਾਂ ਦੀ ਕਿਸੇ ਸਾਜ਼ਿਸ਼ੀ ਬੋਅ ਵਰਗੀ ਹੀ ਨਜ਼ਰ ਆਉਂਦੀ ਹੈ।

ਇਸ ਦਰਮਿਆਨ ਪੰਜਾਬ ਦੇ ਮੁੱਖ ਮੰਤਰੀ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ।

ਵੈਸੇ ਵੀ ਕਿਸੇ ਵਿਅਕਤੀ ਜਿਸ ਨੂੰ ਅੱਧੀ ਰਾਤ ਤੋਂ ਬਾਅਦ ਪੁਲਿਸ ਦੀਆਂ ਕੁਝ ਟੁਕੜੀਆਂ ਘੇਰਾ ਪਾ ਕੇ ਸੁੱਤੇ ਪਏ ਨੂੰ ਗ੍ਰਿਫ਼ਤਾਰ ਕਰ ਸਕਦੀਆਂ ਹੋਣ, ਨੂੰ ਦਿਨ ਦਿਹਾੜੇ ਪੂਰੇ ਪੰਜਾਬ ਨੂੰ ਪੁਲਿਸ ਛਾਉਣੀ ਬਣਾ ਕੇ ਇੰਟਰਨੈੱਟ ਬੰਦ ਕਰਕੇ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਸਮਝ ਤੋਂ ਬਾਹਰ ਦੀ ਗੱਲ ਹੈ। ਫਿਰ ਕੌਮੀ ਮੀਡੀਏ ’ਤੇ ਦੇਸ਼ ਭਰ ਵਿਚ ਇਸ ਨੂੰ ਇਸ ਤਰ੍ਹਾਂ ਪ੍ਰਚਾਰਨਾ ਕਿ ਜਿਵੇਂ ਕੋਈ ਦੇਸ਼ ਵਿਰੋਧੀ ਲੋਕਾਂ ਨਾਲ ਦੇਸ਼ ਹਿਤ ਦੀ ਜੰਗ ਲੜੀ ਜਾ ਰਹੀ ਹੋਵੇ। ਕਿਸੇ ਸਾਜ਼ਿਸ਼ ਜਾਂ ਕਿਸੇ ਖ਼ਾਸ ਪ੍ਰਾਪਤੀ ਲਈ ਘੜੀ ਰਣਨੀਤੀ ਹੀ ਜਾਪਦੀ ਹੈ। ਸਿੱਖ ਨੌਜਵਾਨਾਂ ’ਤੇ ਐਨ.ਐਸ.ਏ. ਲਾ ਕੇ ਉਨ੍ਹਾਂ ਨੂੰ ਕਾਲੇ ਪਾਣੀ ਵਾਂਗ ਆਸਾਮ ਦੇ ਡਿਬਰੂਗੜ੍ਹ ਭੇਜਣਾ ਵੀ ਓਦਾਂ ਦਾ ਹੀ ਕੰਮ ਹੈ, ਜਿਵੇਂ 1984 ਦੇ ਕਾਰੇ ਤੋਂ ਬਾਅਦ ਸਿੱਖ ਨੌਜਵਾਨਾਂ ਨੂੰ ਜੋਧਪੁਰ ਦੀਆਂ ਜੇਲ੍ਹਾਂ ਵਿਚ ਭੇਜਿਆ ਗਿਆ ਸੀ।

ਵਿਦੇਸ਼ਾਂ ਵਿਚ ਸਿੱਖਾਂ ਵਲੋਂ ਭਾਰਤੀ ਅੰਬੈਸੀਆਂ ਦੇ ਬਾਹਰ ਵਿਖਾਵਿਆਂ ਨੂੰ ਭਾਰਤੀ ਮੀਡੀਆ ਵਿਚ ਵੱਡੀ ਜਗ੍ਹਾ ਦੇ ਕੇ ਦੇਸ਼ ਵਿਚ ਪ੍ਰਚਾਰਨਾ ਵੀ ਕਿਸੇ ਪ੍ਰਚਾਰ ਦੀ ਵਿਸ਼ੇਸ ਲੋੜ ਵੱਲ ਹੀ ਇਸ਼ਾਰਾ ਕਰਦਾ ਹੈ, ਨਹੀਂ ਤਾਂ ਅਜਿਹੀਆਂ ਖ਼ਬਰਾਂ ਨੂੰ ਭਾਰਤੀ ਮੀਡੀਆ ਵਿਚ ਘੱਟ ਤੋਂ ਘੱਟ ਮਹੱਤਤਾ ਮਿਲਣੀ ਚਾਹੀਦੀ ਸੀ। ਫਿਰ ਜਿਸ ਤਰ੍ਹਾਂ ਪਿਛਲੇ ਕਈ ਦਿਨਾਂ ਤੋਂ ਅੰਮ੍ਰਿਤਪਾਲ ਸਿੰਘ ਅੱਗੇ-ਅੱਗੇ ਤੇ ਪੁਲਿਸ ਪਿੱਛੇ-ਪਿੱਛੇ ਹੋਣ ਦੇ ਡਰਾਮੇ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਉਹ ਵੀ ਹੈਰਾਨੀਜਨਕ ਹੈ। ਪੁਲਿਸ ਕੋਲ ਹੈਲੀਕਾਪਟਰ ਅਤੇ ਡਰੋਨ ਕਿਸ ਲਈ ਹਨ? ਇਸ ਤਰ੍ਹਾਂ ਜਾਪਦਾ ਹੈ ਕਿ ਸਰਕਾਰ ਦੀ ਦਿਲਚਸਪੀ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਨਾਲੋਂ ਉਸ ਨੂੰ ਭੱਜਦੇ ਵਿਖਾਉਣ ਵਿਚ ਜ਼ਿਆਦਾ ਹੈ।

## ਨਿਸ਼ਾਨਾ 2024 ’ਤੇ ਜਲੰਧਰ ਤਾਂ ਨਹੀਂ?

**ਜਬ ਹਰ ਇਕ ਸ਼ਹਿਰ ਬਲਾਉਂ ਕਾ ਠਿਕਾਨਾ ਬਣ ਜਾਏ,**
**ਕਯਾ ਖ਼ਬਰ ਕੌਣ ਕਹਾਂ**
**ਕਿਸਕਾ ਨਿਸ਼ਾਨਾ ਬਣ ਜਾਵੇ।**
**(ਅਹਿਮਦ ਫ਼ਰਾਜ਼)**

ਪਿਛਲੇ ਦਿਨਾਂ ਵਿਚ ਜਲੰਧਰ ਲੋਕ ਸਭਾ ਦੀ ਉਪ-ਚੋਣ ਬਾਰੇ ਕੁਝ ਸਰਵੇ ਰਿਪੋਰਟਾਂ ਚਰਚਾ ਵਿਚ ਸਨ। ਜਿਨ੍ਹਾਂ ਵਿਚ 2 ਖਾਸ ਪਾਰਟੀਆਂ ਆਖਰੀ ਦੋ ਵਿਚ ਆਉਣ ਦੀ ਚਰਚਾ ਸੀ। ਪਤਾ ਨਹੀਂ ਇਹ ਚਰਚੇ ਸਨ ਜਾਂ ਝੂਠ, ਪਰ ਜੇ ਇਹ ਸੱਚ ਸਨ ਤਾਂ ਇਨ੍ਹਾਂ ਦੋਵਾਂ ਪਾਰਟੀਆਂ ਲਈ 2024 ਦੀਆਂ ਚੋਣਾਂ ਦੇ ਸੰਦਰਭ ਵਿਚ ਜਲੰਧਰ ਦੇ ਚੋਣ ਨਤੀਜੇ ਦਾ ਕਾਫੀ ਬੁਰਾ ਅਸਰ ਪੈਣ ਦੇ ਅਸਰ ਬਣ ਸਕਦੇ ਹਨ। ਇਸ ਦਰਮਿਆਨ ਇਕਦਮ ਕੁਝ ਘਟਨਾਵਾਂ ਵਾਪਰਦੀਆਂ ਹਨ ਤੇ ਇਕ ਪਾਸੇ ਅਕਾਲੀ ਦਲ ਦੇ ਵੱਡੇ ਨੇਤਾਵਾਂ ਖਿਲਾਫ਼ ਤੇ ਦੂਜੇ ਪਾਸੇ ਕਾਂਗਰਸ ਦੇ ਕਈ ਨੇਤਾਵਾਂ ਖਿਲਾਫ਼ ਕਾਰਵਾਈ ਹੋਣੀ ਸ਼ੁਰੂ ਹੋ ਜਾਂਦੀ ਹੈ। ਅਕਾਲੀ ਦਲ ਤੇ ਕਾਂਗਰਸ ਦੇ ਨੇਤਾ ਨਿੱਜੀ ਗੱਲਬਾਤ ਵਿਚ ਕਹਿੰਦੇ ਹਨ ਕਿ ਇਸ ਕਾਰਵਾਈ ਲਈ ਇਹ ਸਮਾਂ ਇਸ ਲਈ ਚੁਣਿਆ ਗਿਆ ਤਾਂ ਜੋ ਉਹ ਜਲੰਧਰ ਲੋਕ ਸਭਾ ਉਪ-ਚੋਣ ਦੀ ਲੜਾਈ ਦੀ ਅਗਵਾਈ ਨਾ ਕਰ ਸਕਣ। ਪਰ ਇਹ ਛੋਟੀ ਗੱਲ ਹੈ। ਹੁਣ ਚਰਚਾ ਇਹ ਸੁਣਾਈ ਦੇ ਰਹੀ ਹੈ ਕਿ ਭਾਜਪਾ ਅਤੇ ਆਪ ਅੰਮ੍ਰਿਤਪਾਲ ਸਿੰਘ ਦੇ ਖਿਲਾਫ਼ ਕਾਰਵਾਈ ਨੂੰ ਭਾਰਤ ਨੂੰ ਬਚਾਉਣ ਵਾਲੀ ‘ਦੇਸ਼ ਭਗਤੀ’ ਦੀ ‘ਜੰਗ’ ਵਜੋਂ ਇਸ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹ ਕੇ ਇਸ ਨੂੰ 2024 ਦੀਆਂ ਚੋਣਾਂ ਵਿਚ ਵਰਤਣਾ ਚਾਹੁੰਦੇ ਹਨ। ਇਕ ਪਾਸੇ ਕੇਂਦਰ ਇਹ ਪ੍ਰਭਾਵ ਦੇ ਰਿਹਾ ਹੈ ਕਿ ਪੰਜਾਬ ਦੀ ਸਰਕਾਰ ਅੱਤਵਾਦ ਤੇ ਖ਼ਾਲਿਸਤਾਨ ਦੇ ਖਿਲਾਫ਼ ਲੜਾਈ ਵਿਚ ਫੇਲ੍ਹ ਹੋ ਗਈ ਹੈ ਤੇ ਕੇਂਦਰ ਨੂੰ ਇਹ ਲੜਾਈ ਲੜਨੀ ਪੈ ਰਹੀ ਹੈ ਤੇ ਦੂਜੇ ਪਾਸੇ ‘ਆਪ’ ਮੁਖੀ ਅਰਵਿੰਦ ਕੇਜਰੀਵਾਲ ਇਸ ਦਾ ਸਿਹਰਾ ‘ਆਪ’ ਦੀ ਪੰਜਾਬ ਸਰਕਾਰ ਤੇ ਇਸ ਦੇ ਮੁਖੀ ਭਗਵੰਤ ਮਾਨ ਦੇ ਸਿਰ ਬੰਨ੍ਹ ਰਹੇ ਹਨ। ਅਜਿਹਾ ਜਾਪਦਾ ਹੈ ਕਿ ਭਾਜਪਾ ਨੂੰ ਸ਼ਾਇਦ ਇਹ ਜਾਪ ਰਿਹ ਹੈ ਕਿ 2024 ਦੀਆਂ ਆਮ ਚੋਣਾਂ ਵਿਚ ਇਕੱਲਾ ਮੁਸਲਿਮ ਵਿਰੋਧ ਸ਼ਾਇਦ ਬਹੁਗਿਣਤੀ ਨੂੰ ਭਾਜਪਾ ਪਿੱਛੇ ਇਕਮੁਠ ਨਾ ਕਰ ਸਕੇ, ਇਸ ਲਈ ਉਨ੍ਹਾਂ ਨੂੰ ਮੁਸਲਮਾਨਾਂ ਅਤੇ ਖਾਲਿਸਤਾਨੀਆਂ ਦੋਵਾਂ ਦਾ ਡਰ ਦਿਖਾਉਣਾ ਜ਼ਰੂਰੀ ਜਾਪ ਰਿਹਾ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਵੀ ਹਰ ਗੱਲ ਵਿਚ ਭਾਜਪਾ ਦੀ ਨਕਲ ਕਰਦੀ ਹੈ ਤੇ ਉਸ ਤੋਂ ਇਕ ਕਦਮ ਅੱਗੇ ਹੋ ਕੇ ਰਾਸ਼ਟਰਵਾਦ ਦਾ ਹੋਕਾ ਦੇ ਰਹੀ ਹੈ ਤੇ ਕਾਂਗਰਸ ਦੀ ਜਗ੍ਹਾ ਲੈਣ ਲਈ ਕਾਹਲੀ ਹੈ, ਉਸ ਨੂੰ ਵੀ ਬਹੁਗਿਣਤੀ ਦੀਆਂ ਵੋਟਾਂ ਦਰਕਾਰ ਹਨ।



# ਰੰਗਲੇ ਸੁਪਨਿਆਂ ਦਾ ਬਦਕਿਸਮਤੀ ਬਿਰਤਾਂਤ






ਤਰਲੋਚਨ ਸਿੰਘ ਭਮੱਦੀ
(ਢਾਡੀ)
+919814700348


ਖੁੱਲੀਆਂ ਅੱਖਾਂ ਵਾਲਿਆਂ ਨੂੰ ਵਰਤਮਾਨ ਭਿਆਨਕਤਾ ਅੰਤਾਂ ਦਾ ਦਰਦ ਦੇਣ ਵਾਲੀ ਹੈ। ਅਕਲ ਵਾਲੇ ਗ਼ਮ ਦੇ ਅੱਥਰੂ ਵਹਾ ਰਹੇ ਹਨ ਤੇ ਚੁੱਪ ਰਹਿਕੇ ਅਪਣੇ ਅੰਦਰਲੇ ਦਰਦ ਦੀ ਪੀੜ ਸਹਿ ਰਹੇ ਹਨ, ਜੇ ਕੋਈ ਬੋਲ ਰਿਹਾ ਹੈ ਤਾਂ ਉਸ ਦੀ ਗੱਲ ਅਣਸੁਣੀ ਕੀਤੀ ਜਾ ਰਹੀ ਹੈ। ਸਿੱਖ ਕੌਮ ਦੇ ਰੌਸ਼ਨ ਭਵਿੱਖ ਦੇ ਸੁਪਨੇ ਸਿਰਜ ਕੇ ਸਾਕਾਰ ਕਰਨ ਦੀ ਸੋਚ ਨੂੰ ਪੂਰਾ ਕਰਨ ਲਈ ਸਾਲਾਂਬੱਧੀ ਜੇਲਾਂ ਕੱਟਣ ਵਾਲਿਆਂ ਨੂੰ ਗੱਦਾਰੀ ਦੇ ਸਰਟੀਫੀਕੇਟ ਜਾਰੀ ਕੀਤੇ ਜਾ ਰਹੇ ਹਨ। ਅਪਣੀਆਂ ਜਵਾਨੀਆਂ ਨੂੰ ਸਿੱਖ ਕੌਮ ਦੇ ਲੇਖੇ ਲਾਉਣ ਵਾਲੇ ਸਿਰੜੀ ਯੋਧੇ ਅਪਣੇ ਦਿਲ ਦੀ ਕਿਸੇ ਨੁਕਰੇ ਉਪਜਦੇ ਝੋਰੇ ਨੂੰ ਲੁਕੋਈ ਬੈਠੇ ਹਨ। ਪੰਜਾਬ ਆਰਥਿਕ ਮਹਾਂਮਾਰੀ ਵਲ ਵਧ ਰਿਹਾ ਹੈ ਜਾਂ ਵਧਾਇਆ ਜਾ ਰਿਹਾ ਹੈ।

ਪਿਛਲੇ ਲੱਗਭਗ ਪੈਂਤੀ ਕੁ ਸਾਲ ਤੋਂ ਪੰਜਾਬ ਦੀ ਹਰ ਸਰਕਾਰ ਅਪਣਾ ਰਾਜਨੀਤਕ ਭਵਿੱਖ ਸਨਮੁੱਖ ਰੱਖਕੇ ਫੈਸਲੇ ਲੈਂਦੀ ਰਹੀ ਹੈ। ਵਰਤਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੇ ਰਸਤੇ ਪੈ ਚੁੱਕੀ ਹੈ। ਆਮ ਲੋਕਾਂ ਦੇ ਘਰਾਂ ਵਿੱਚੋਂ ਆਉਣ ਦਾ ਦਾਅਵਾ ਕਰਨ ਵਾਲੇ ਵਰਤਮਾਨ ਮੁੱਖ ਮੰਤਰੀ ਤੇ ਉਨ੍ਹਾਂ ਦੇ ਸਾਰੇ ਸਾਥੀਆਂ ਵਲੋਂ ਲਏ ਗਏ ਫੈਸਲਿਆਂ ਵਿਚੋਂ ਦੂਰਅੰਦੇਸ਼ੀ ਸੋਚ ਅਲੋਪ ਹੈ। ਲੋਕ ਲੁਭਾਊ ਨਾਹਰਿਆਂ ਦੀ ਪੂਰਤੀ ਲਈ ਕੀਤੇ ਫੈਸਲੇ ਪੰਜਾਬ ਦੇ ਹਿੱਤਾਂ ਲਈ ਕੀਤੇ ਜਾਣ ਵਾਲੇ ਨਿੱਗਰ ਫ਼ੈਸਲਿਆਂ ਦਾ ਸਾਹ ਘੁੱਟ ਚੁੱਕੇ ਹਨ। ਹੁਣ ਜਨ ਸਧਾਰਣ ਵੀ ਇਹ ਸਮਝਣ ਲਗ ਗਿਆ ਹੈ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ, ਘਾਤਕ ਨਸ਼ਿਆਂ ਦੀ ਸ਼ਰੇਆਮ ਵਿਕਰੀ, ਗੈਂਗਸਟਰ ਵਰਤਾਰੇ ਦੀ ਵੱਡੀ ਪਹੁੰਚ, ਆਰਥਿਕਤਾ ਦੀ ਡਾਵਾਂਡੋਲ ਪ੍ਰਸਥਿਤੀ, ਵੱਖ ਵੱਖ ਸਿੱਖ ਜਥੇਬੰਦੀਆਂ, ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ, ਬੇਰੁਜ਼ਗਾਰ ਨੌਜਵਾਨ ਲੜਕੇ, ਲੜਕੀਆਂ ਦੀਆਂ ਜਾਇਜ਼ ਮੰਗਾਂ ਵਲੋਂ ਪੰਜਾਬੀਆਂ ਦਾ ਧਿਆਨ ਪਰੇ ਕਰਨ ਲਈ ਭਾਈ ਅੰਮ੍ਰਿਤਪਾਲ ਸਿੰਘ ਵਾਲੇ ਘਟਨਾ ਕ੍ਰਮ ਨੂੰ ਬਹੁਤ ਵੱਡਾ ਕਰਕੇ ਦਰਸਾਉਣਾ ਪੰਜਾਬ ਸਰਕਾਰ ਦਾ ਸੋਚਿਆ ਸਮਝਿਆ ਰਾਜਨੀਤਕ ਲਾਹਾ ਖੱਟਣ ਵਾਲਾ ਫੈਸਲਾ ਲਗਣ ਲਗ ਪਿਆ ਹੈ। ਇੱਕ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੇ ਹੱਕ ਵ'ੱਚ ਵੱਡਾ ਫਤਵਾ ਦੇਣ ਵਾਲੇ ਪੰਜਾਬੀਆਂ ਦਾ ਵਰਤਮਾਨ ਸਰਕਾਰ ਤੋਂ ਮੋਹ ਭੰਗ ਹੋ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੋਣ ਕਾਰਣ ਪੰਜਾਬ ਦੇ ਸੁਨਹਿਰੇ ਭਵਿੱਖ ਦਾ ਜ਼ਾਮਨ ਬਣ ਸਕਦਾ ਸੀ ਪਰ ਲੀਡਰਾਂ ਦੇ ਗਲਤ ਫੈਸਲਿਆਂ ਕਾਰਨ ਪੰਜਾਬ ਵਿੱਚ ਸਿੱਖਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲੇ ਸ਼ਰੋਮਣੀ ਅਕਾਲੀ ਦਲ ਦਾ ਅਪਣਾ ਵਜੂਦ ਡਗਮਗਾ ਰਿਹਾ ਹੈ। ਪਾਰਟੀ ਅੰਦਰ ਵੀ ਸਭ ਅੱਛਾ ਨਹੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੁਖਾਂਤਕ ਘਟਨਾਕ੍ਰਮ ਕਾਰਨ ਅਕਾਲੀ ਦਲ ਦੀ ਛਵੀ ਸਿੱਖ ਹਲਕਿਆਂ ਵਿੱਚ ਹਾਲੇ ਤਕ ਸੁਧਰਨ ਦੇ ਰਾਹ ਨਹੀਂ ਪਈ।ਸ਼ਰੋਮਣੀ ਅਕਾਲੀ ਦਲ ਨੇ ਅਪਣੇ ਪੈਰੀਂ ਆਪ ਕੁਹਾੜਾ ਮਾਰਨ ਦੀ ਅਖੌਤ ਨੂੰ ਸੱਚੀ ਸਾਬਤ ਕਰ ਦਿੱਤਾ ਹੈ। ਕਾਂਗਰਸ ਦੀ ਕੇਂਦਰੀ ਹਾਈ ਕਮਾਂਡ ਐਨੀ ਕਮਜ਼ੋਰ ਹੋ ਚੁੱਕੀ ਹੈ ਕਿ ਪੰਜਾਬ ਬਾਰੇ ਕੋਈ ਵੀ ਫੈਸਲਾ ਲੈਣ ਲੱਗਿਆਂ ਉਹ ਬਹੁਤ ਦੇਰੀ ਨਾਲ ਫੈਸਲਾ ਕਰਦੀ ਹੈ। ਪੰਜਾਬ ਦੇ ਕਾਂਗਰਸੀ ਆਗੂ ਅਪਣੇ ਬਲਬੂਤੇ ਤੇ ਅਪਣੀ ਪਛਾਣ ਬਣਾਈ ਰਖਣ ਵਿੱਚ ਤਾਂ ਕਾਮਯਾਬ ਹਨ ਪਰ ਪੰਜਾਬ ਵਿਧਾਨ ਸਭਾ ਵਿੱਚ ਉਹ ਸਰਕਾਰ ਨੂੰ ਗਲਤ ਫੈਸਲਿਆਂ ਤੇ ਘੇਰਨ ਦੀ ਥਾਂ, ਹਕੀਕਤ ਨੂੰ ਵਿਧਾਨ ਸਭਾ ਦੇ ਰਿਕਾਰਡ ਵਿੱਚ ਦਰਜ਼ ਕਰਵਾਉਣ ਦੀ ਥਾਂ 'ਬਾਈਕਾਟ' ਕਰਨ ਨੂੰ ਤਰਜੀਹ ਦੇਣ ਵਿੱਚ ਜ਼ਿਆਦਾ ਮਸ਼ਰੂਫ਼ ਨਜ਼ਰ ਆਉਂਦੇ ਹਨ। ਕਿਉਂ? ਇਸ ਦਾ ਜਵਾਬ ਕਾਂਗਰਸ ਦੇ ਲੀਡਰ ਹੀ ਦੇ ਸਕਦੇ ਹਨ। ਭਾਰਤੀ ਜਨਤਾ ਪਾਰਟੀ ਕੇਂਦਰੀ ਸੱਤਾ ਉਪਰ ਕਾਬਜ਼ ਹੋਣ ਕਾਰਣ 'ਮਰਜੀ ਦੀ ਮਾਲਕ ਹੈ'। ਕਦੇ ਕਾਂਗਰਸ ਵੀ ਇਸ ਤਰਾਂ ਹੀ ਮਨਮਰਜੀ ਕਰਦੀ ਰਹੀ ਹੈ। ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਅਪਣੀ ਸਥਾਪਤੀ ਲਈ ਮਹਾਜਨੀ ਸੋਚ ਵਰਤ ਕੇ ਅੱਗੇ ਵਧ ਰਹੀ ਹੈ। ਕਾਂਗਰਸ ਅਤੇ ਸ਼ਰੋਮਣੀ ਅਕਾਲੀ ਦਲ ਵਿੱਚੋਂ ਸਿੱਖ ਲੀਡਰਾਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਇਹ ਤਹਿ ਕਰਦਾ ਹੈ ਕਿ ਭਾਜਪਾ ਪੰਜਾਬ ਵਿੱਚ ਅਪਣੇ ਰਾਜਨੀਤਕ ਵਜੂਦ ਨੂੰ ਵੱਡਾ ਕਰਨ ਵਲ ਵਧ ਰਹੀ ਹੈ। ਭਾਜਪਾ ਸਿੱਖਾਂ ਪ੍ਰਤੀ ਨਰਮ ਗੋਸ਼ਾ ਰੱਖਦੀ ਹੈ। ਪੰਜਾਬੀ ਦੀ ਅਖੌਤ 'ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲ ਜਾਂਦੀ ਹੈ' ਸਿੱਖ ਚਿੰਤਕਾਂ ਨੂੰ ਬਹੁਤ ਕੁੱਝ ਸਮਝਾਉਂਦੀ ਹੈ। ਭਾਈ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿੱਚ ਭਾਜਪਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨੀਤੀ ਪੰਜਾਬੀ ਲੋਕ ਮਨਾਂ ਵਿੱਚ ਇੱਕ ਵੱਖਰੀ ਆਹਟ ਬਣ ਕੇ ਗੂੰਜ ਰਹੀ ਹੈ।

ਪੰਜਾਬ ਦੇ ਸਿੱਖ ਭਾਈਚਾਰੇ ਦੇ ਇੱਕ ਵਰਗ ਕੋਲ ਕਿਸੇ ਨੂੰ ਵੀ 'ਗੱਦਾਰ' ਘੋਸ਼ਿਤ ਕਰਨ ਦਾ ਅਧਿਕਾਰ ਰਾਖਵਾਂ ਹੈ। ਆਉ ਜ਼ਰਾ ਪਿਛਲ ਝਾਤ ਮਾਰੀਏ! ਜੇਕਰ ਕੋਈ ਸਿੱਖ ਬੁੱਧੀਜੀਵੀ, ਪ੍ਰਚਾਰਕ, ਲੀਡਰ ਜਾਂ ਆਮ ਸਧਾਰਣ ਸਿੱਖ ਭਾਈ ਗੁਰਬਖਸ਼ ਸਿੰਘ ਦੇ ਮਰਨ ਵਰਤ ਰੱਖਣ ਸਮੇਂ ਦੌਰਾਨ ਉੱਥੇ ਨਹੀਂ ਪਹੁੰਚਿਆ ਤਾਂ ਉਹ ਕੌਮ ਦਾ ਗੱਦਾਰ ਐਲਾਨਿਆ ਗਿਆ? ਉਪਰੋਕਤ ਸ਼੍ਰੇਣੀ ਵਿੱਚੋਂ ਜੇਕਰ ਕੋਈ ਬਾਪੂ ਸੂਰਤ ਸਿੰਘ ਦੇ ਮਰਨ ਵਰਤ ਰੱਖਣ ਵੇਲੇ ਲੁਧਿਆਣੇ ਨਹੀਂ ਪਹੁੰਚਿਆ ਤਾਂ ਉਹ ਵੀ ਕੌਮ ਦਾ ਗੱਦਾਰ ਹੈ? ਜੇਕਰ ਬਰਗਾੜੀ ਮੋਰਚੇ ਸਮੇਂ ਜਾਂ ਉਸ ਦੇ ਫੈਸਲਾਕੁੰਨ ਦੌਰ ਦੇ ਸਰਬਤ ਖਾਲਸੇ ਵਿੱਚ ਜੇਕਰ ਕੋਈ ਸ਼ਾਮਲ ਨਹੀਂ ਹੋਇਆ ਤਾਂ ਉਹ ਵੀ ਗੱਦਾਰ? ਜੇਕਰ ਕਿਸੇ ਸਿੱਖ ਦੇ ਭਾਈ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਦੇ ਵਿਚਾਰਾਂ ਨਾਲ ਮਤਭੇਦ ਹਨ ਤਾਂ ਉਹਦੇ ਲਈ ਗੱਦਾਰ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਤੁਸੀਂ ਜ਼ਰੂਰ ਪੜ੍ਹਿਆ ਸੁਣਿਆ ਹੋਵੇਗਾ? ਸੋਚਿਓ ਜ਼ਰਾ ਸਿੱਖਾਂ ਦੀ ਗਿਣਤੀ ਕਿੰਨੀ ਕੁ ਹੈ ਭਲਾ? ਸਾਡਾ ਆਮ ਅੰਕੜਾ ਹੈ ਕਿ ਭਾਰਤ ਵਿੱਚ ਤਿੰਨ ਕਰੋੜ ਸਿੱਖ ਹਨ। ਅਸੀਂ ਬਹੁਤ ਫਰਾਖ ਦਿਲ ਹਾਂ। ਖਿਮਾਂ ਕਰਨਾ ਤਿੰਨ ਕਰੋੜ ਵਿੱਚ ਅਸੀਂ ਸਿੱਖ ਨਜ਼ਰ ਆਉਂਦੇ ਨਾਮਧਾਰੀਆਂ, ਰਾਧਾ ਸੁਆਮੀਆਂ, ਨਿਰੰਕਾਰੀਆਂ ਅਤੇ ਹੋਰ ਡੇਰਿਆਂ ਵਾਲਿਆਂ ਦੇ ਨਾਲ ਨਾਲ ਕਮਿਉਨਿਸਟ ਸੋਚ ਨੂੰ ਪ੍ਰਣਾਇਆਂ ਹੋਇਆਂ ਨੂੰ ਵੀ ਗਿਣ ਲੈਂਦੇ ਹਾਂ। ਜੇ ਨਿਰੋਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਗਿਣੇ ਜਾਣ ਤਾਂ ਪਚਵੰਜਾ ਕੁ ਲੱਖ ਦੇ ਕਰੀਬ ਅੰਕੜਾ ਪਹੁੰਚੇਗਾ। ਵਰਤਮਾਨ ਸਮੇਂ ਭਾਈ ਅੰਮ੍ਰਿਤਪਾਲ ਸਿੰਘ ਦੀ ਗੱਲ ਕਰਨ ਤੋਂ ਬਿਨਾਂ ਇਹ ਲਿਖਤ ਅਧੂਰੀ ਰਹੇਗੀ। ਸਿੱਖ ਕੌਮ ਸੁਹਿਰਦ ਲੀਡਰ ਦੀ ਭਾਲ ਵਿੱਚ ਹੈ। ਜਿਹੜਾ ਵੀ ਸਿੱਖ ਕੌਮ ਲਈ ਹਾਅ ਦਾ ਨਾਹਰਾ ਮਾਰਦਾ ਹੈ ਤਾਂ ਸਿੱਖ ਕੌਮ ਉਸ ਦਾ ਭਰਵਾਂ ਹੁੰਗਾਰਾ ਭਰਨ ਲਈ ਪੱਬਾਂ ਭਾਰ ਹੋ ਜਾਂਦੀ ਹੈ। ਭਾਈ ਅੰਮ੍ਰਿਤਪਾਲ ਸਿੰਘ ਕ੍ਰਿਸ਼ਮਾ ਮਈ ਤਰੀਕੇ ਨਾਲ ਉੱਭਰਿਆ ਤੇ ਸਿੱਖ ਕੌਮ ਨੂੰ ਜਾਪਿਆ ਕਿ ਸਾਨੂੰ ਯੋਗ ਲੀਡਰ ਮਿਲ ਗਿਆ। ਸਮੇਂ ਦੇ ਬੀਤਣ ਨਾਲ ਬਹੁਤ ਕੁਝ ਬਦਲਿਆ। ਸਿੱਖ ਨੌਜਵਾਨ ਤਬਕਾ ਭਾਈ ਅੰਮ੍ਰਿਤਪਾਲ ਸਿੰਘ ਵਿੱਚੋਂ ਸੰਤ ਬਾਬਾ ਜਰਨੈਲ ਸਿੰਘ ਦੀ ਸੋਚ ਨੂੰ ਸਾਕਾਰ ਹੁੰਦੀ ਵੇਖਣ ਲੱਗਾ। ਸ਼ੋਸ਼ਲ ਮੀਡੀਏ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਬਹੁਤ ਉਭਾਰਿਆ। ਭਾਈ ਅੰਮ੍ਰਿਤਪਾਲ ਸਿੰਘ ਵਲੋਂ ਮੀਡੀਏ ਦੇ ਸਵਾਲਾਂ ਦੇ ਜਵਾਬ ਜਿਸ ਲਹਿਜੇ ਵਿੱਚ ਦਿੱਤੇ ਗਏ ਉਨ੍ਹਾਂ ਨੂੰ ਵੇਖ/ਸੁਣ ਕੇ, ਸਿੱਖ ਨੌਜਵਾਨੀ ਉਸਦੇ ਪੈਰੋਕਾਰਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਕਰਨ ਦੇ ਸਮਰੱਥ ਬਣੀ। ਲੇਕਿਨ ਅਜਨਾਲਾ ਵਿੱਚ ਵਾਪਰੇ ਘਟਨਾਕ੍ਰਮ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ। 18 ਮਾਰਚ ਤੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਲੱਭ ਰਹੀ ਹੈ। ਯਾਦ ਆਉਂਦਾ ਹੈ ਉਹ ਵਕਤ ਜਦੋਂ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਲਲਕਾਰ ਕੇ ਆਪਣੀ ਗ੍ਰਿਫਤਾਰੀ ਦਿੱਤੀ ਸੀ। ਬੇਕਸੂਰ ਹੋਣ ਕਾਰਣ ਪੁਲਿਸ ਨੂੰ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਨੂੰ ਛੱਡਣਾ ਪਿਆ ਸੀ। ਐਲਾਨ ਕਰਕੇ ਗ੍ਰਿਫਤਾਰੀ ਦੇਣ ਨਾਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਧਾਰਮਿਕ ਅਤੇ ਸਿਆਸੀ ਕੱਦ ਬਹੁਤ ਵੱਡਾ ਹੋ ਗਿਆ ਸੀ ਜੋ ਅੱਜ ਵੀ ਉਸੇ ਤਰ੍ਹਾਂ ਸਿੱਖ ਹਿਰਦਿਆਂ ਵਿੱਚ ਬਰਕਰਾਰ ਹੈ। ਚੰਗਾ ਹੁੰਦਾ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਐਲਾਨ ਕਰਕੇ ਆਪਣੀ ਗ੍ਰਿਫਤਾਰੀ ਦਿੰਦੇ ਜਿਸ ਨਾਲ ਭਾਈ ਅੰਮ੍ਰਿਤਪਾਲ ਸਿੰਘ ਸਿੱਖ ਕੌਮ ਦੇ ਲੀਡਰ ਵਜੋਂ ਪਰਵਾਨ ਚੜ੍ਹਦੇ। ਕੋਈ ਵੀ ਲੀਡਰ ਜਦੋਂ ਕੌਮ ਦੇ ਹਿਤਾਂ ਲਈ ਜੂਝਦਾ ਹੋਇਆ ਜੇਲ ਵਿੱਚ ਜਾਂਦਾ ਹੈ ਤਾਂ ਉਸ ਦਾ ਕੌਮੀ ਕੱਦ ਬਹੁਤ ਬੁਲੰਦ ਹੋ ਜਾਂਦਾ ਹੈ। ਐਲਾਨ ਕਰਕੇ ਗ੍ਰਿਫਤਾਰੀ ਦੇਣ ਨਾਲ ਭਾਈ ਅੰਮ੍ਰਿਤਪਾਲ ਸਿੰਘ ਨੇ ਨਿਰਸੰਦੇਹ ਸਿੱਖ ਕੌਮ ਦਾ ਵਾਹਦ ਇੱਕੋ-ਇੱਕ ਨਾਇਕ ਬਣ ਜਾਣਾ ਸੀ। ਵਕਤ ਦੇ ਬੀਤਣ ਨਾਲ ਸ਼ੰਕਿਆਂ ਦਾ ਉਪਜਣਾ ਸੁਭਾਵਿਕ ਵਰਤਾਰਾ ਹੈ। ਅਸਲੀਅਤ ਇਹ ਹੈ ਕਿ ਪੰਜਾਬ ਦੇ ਵਰਤਮਾਨ ਹਾਲਾਤ ਪੰਜਾਬ ਵਾਸੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਹਨ। ਸੁਚੇਤ ਰਹਿ ਕੇ ਕੀਤੇ ਠੀਕ ਫੈਸਲੇ ਹੀ ਪੰਜਾਬ ਨੂੰ ਸਹੀ ਮਾਇਨਿਆਂ ਵਿੱਚ ਹਸਦਾ ਵਸਦਾ ਰੰਗਲਾ ਪੰਜਾਬ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ।

# ਇੰਟਰਵਿਊ 'ਚ ਅੰਮ੍ਰਿਤਪਾਲ ਸਿੰਘ ਦੀ ਪਤਨੀ ਨੇ ਕੀਤੇ ਵੱਡੇ ਖ਼ੁਲਾਸੇ

## ਕਿਹਾ- 'ਮੈਂ ਸੀ ਅੰਮ੍ਰਿਤਪਾਲ ਦੀ ਦੂਜੀ ਤਰਜੀਹ'

**ਕੀ ਗ੍ਰਿਫ਼ਤਾਰੀ ਬਾਰੇ ਜਾਣਦੇ ਸਨ ਅੰਮ੍ਰਿਤਪਾਲ ਅਤੇ ਕਿਰਨਦੀਪ ਕੌਰ?**

**ਕੀ ਸੀ ਅੰਮ੍ਰਿਤਪਾਲ ਦੀ ਪੰਥ ਪ੍ਰੇਮ ਦੀ ਰਣਨੀਤੀ?**

ਚੰਡੀਗੜ੍ਹ : ਅੰਮ੍ਰਿਤਪਾਲ ਸਿੰਘ ਦੀ UK ਵਸਨੀਕ ਪਤਨੀ ਨੇ 'ਦ ਵੀਕ' ਮੈਗਜ਼ੀਨ ਦੀ ਪੱਤਰਕਾਰ ਨਮਰਤਾ ਅਹੂਜਾ ਨੂੰ ਇੰਟਰਵੀਊ ਦਿੱਤੀ ਹੈ ਜਿਸ ਵਿੱਚ ਉਸ ਨੇ ਅੰਮ੍ਰਿਤਪਾਲ ਸਿੰਘ ਨਾਲ ਨਾਲ ਹੋਈ ਉਸ ਦੀ ਪਹਿਲੀ ਮੁਲਾਕਾਤ, ਵਿਆਹ ਅਤੇ ਅੰਮ੍ਰਿਤਪਾਲ ਸਿੰਘ ਦੇ ਇਸ ਵੇਲੇ ਦੇ ਹਾਲਾਤ ਨੂੰ ਲੈ ਕੇ ਅਹਿਮ ਖ਼ੁਲਾਸੇ ਕੀਤੇ ਹਨ ਉਨ੍ਹਾਂ ਵਲੋਂ ਕੀਤੀ ਗਲਬਾਤ ਦਾ ਵੇਰਵਾ ਇਸ ਤਰ੍ਹਾਂ ਹੈ :-

**ਸਵਾਲ -ਤੁਸੀਂ ਕਹਿੰਦੇ ਉ ਕਿ ਅਮ੍ਰਿਤਪਾਲ ਬੇਕਸੂਰ ਹੈ। ਕਿ ਉਹ ਨਿਡਰ ਹੈ, ਜਾਂ ਭਾਰਤ ਦਾ ਕਾਨੂੰਨ ਸਮਝਣ ਵਿੱਚ ਅਸੱਮਰਥ ਹੈ?**

**ਜਵਾਬ-** ਅਮ੍ਰਿਤ ਨੇ ਮੈਨੂੰ ਦੱਸਿਆ ਕਿ ਕਦੇ ਵੀ ਕੁਝ ਵੀ ਹੋ ਸਕਦਾ ਹੈ। ਉਹ ਜਾਣਦਾ ਸੀ। ਜੇ ਸਰਕਾਰ ਉਸਦੇ ਖਿਲਾਫ਼ ਹੋਈ, ਤਾਂ ਗ੍ਰਿਫਤਾਰੀ ਹੋਵੇਗੀ। ਪਰ ਇਹ ਸਭ ਹੋਵੇਗਾ ਅਤੇ ਇਵੇਂ, ਇਹ ਕਦੇ ਨਹੀਂ ਮੈਨੂੰ ਦੱਸਿਆ। ਜੋ ਇਹ ਹੋਇਆ ਹੈ ਇਹ ਗੈਰ-ਕਾਨੂਨੀ ਹੈ, ਕਿਸੇ ਨੂੰ ਫੜਨ ਦਾ ਇਹ ਸਹੀ ਤਰੀਕਾ ਨਹੀਂ ਹੈ। ਬਿਲਕੁਲ, ਮੈਨੂੰ ਪਤਾ ਸੀ, ਜੋ ਉਹ ਕਰ ਰਿਹਾ ਸੀ, ਉਸ 'ਚ ਗ੍ਰਿਫਤਾਰੀ ਦਾ ਖਤਰਾ ਸੀ ਮੈਂ ਹਮੇਸ਼ਾ ਆਪਣੀ ਸਾਂਤੀ ਲਈ ਪੁੱਛਦੀ ਸੀ ਅਮ੍ਰਿਤ, ਜੋ ਤੂੰ ਕਰ ਰਿਹਾ ਇਸ 'ਚ ਖਤਰਾ ਹੈ? ਉਹ ਕਹਿੰਦਾ ਸੀ 'ਹਾਂ, ਹੈ ਮੈਂ ਸਿੱਖੀ ਦਾ ਪ੍ਰਚਾਰ ਕਰ ਰਿਹਾ ਹਾਂ ਅਤੇ ਸਰਕਾਰ ਨੂੰ ਇਹ ਪਸੰਦ ਨਹੀਂ।

**ਸਵਾਲ- ਕੀ ਤੁਸੀਂ ਉਸ ਨੂੰ ਮਿਲਣ ਤੋਂ ਪਹਿਲਾਂ ਉਸਦੀਆਂ ਪ੍ਰਚਾਰਿਕ ਕਾਰਵਾਈਆਂ ਬਾਰੇ ਜਾਣਦੇ ਸੀ?**

**ਜਵਾਬ-** ਹਾਂ, ਮੈਂ ਉਸਨੂੰ ਉਸਦੇ ਇੱਕ ਪ੍ਰੋਜੈਕਟ ਨੂੰ ਲੈ ਕੇ ਹੀ ਮੈਸੇਜ ਕੀਤਾ ਸੀ। ਉਹ ਇੰਸਟਾਗ੍ਰਾਮ 'ਤੇ ਲਾਈਵ ਹੋਇਆ ਸੀ ਕਿ ਸਿੱਖੀ ਅਤੇ ਮਾਂ ਬੋਲੀ ਕਿਵੇਂ ਬਚਾਇਆ ਜਾਵੇ। ਇਸ ਤਰ੍ਹਾਂ ਅਸੀ ਦੋਵੇ ਸੰਪਰਕ 'ਚ ਆਏ ਸੀ। ਪਰ ਉਸ ਵੇਲੇ ਨਹੀਂ ਪਤਾ ਸੀ ਕਿ ਅਸੀਂ ਵਿਆਹ ਕਰਵਾ ਲਵਾਂਗੇ।

**ਸਵਾਲ- ਤਾਂ ਤੁਸੀ ਉਸ ਨੂੰ ਸ਼ੋਸਲ ਮੀਡੀਆ 'ਤੇ ਫਾਲੋ ਕਰਦੇ ਸੀ?**

**ਜਵਾਬ-**ਹਾਂ ਜੀ, ਮੈਂ ਉਸਨੂੰ ਇੱਕ ਸਾਲ ਤੋਂ ਇੰਸਟਾਗ੍ਰਾਮ 'ਤੇ ਫਾਲੋ ਕੀਤਾ ਸੀ। ਮੈਂ ਦੇਖਿਆ ਕਿ ਉਹ ਬਹੁਤ ਪ੍ਰਸਿੱਧ ਸੀ, ਬਹੁਤ ਲੋਕ ਉਸਦੀਆਂ ਪੋਸਟਾਂ ਸਾਂਝੀਆਂ ਕਰਦੇ ਸੀ। ਮੈਂ ਉਸਨੂੰ ਪ੍ਰਸ਼ੰਸਾ ਭਰਿਆ ਮੈਸੇਜ ਲਿਖਿਆ ਤੇ ਕਿਹਾ ਕਿ ਜੋ ਉਹ ਕਰ ਰਿਹਾ ਹੈ ਬਹੁਤ ਵਧੀਆ ਹੈ। ਮੈਂ ਕਿਹਾ ਕਿ ਉਸਦੀ ਪਹੁੰਚ ਮਜਬੂਤ ਸੀ, ਮੈਂ ਉਸਦਾ ਸਮੱਰਥਨ ਕਰਾਂਗੀ। ਇਹ ਇੱਕ ਸਹਾਇਕ ਸੰਦੇਸ ਸੀ।

**ਸਵਾਲ-ਕੀ ਕਿਸੇ ਹੋਰ ਇਨਸਾਨ ਨੇ ਤੁਹਾਡੇ ਨਾਲ ਉਸਦੀਆਂ ਪੋਸਟਾ ਸਾਝੀਆਂ ਕੀਤੀ ਸੀ?**

**ਜਵਾਬ-** ਨਹੀਂ, ਮੈਨੂੰ ਆਪਣੇ-ਆਪ ਪੇਜ 'ਤੇ ਦਿਖੀਆ ਸੀ। ਸਾਡਾ ਆਪਸ ਵਿੱਚ ਕੋਈ ਸਾਂਝਾ ਸੰਪਰਕ ਨਹੀਂ ਸੀ, ਨਾ ਹੀ ਕੋਈ ਤੀਜੀ ਧਿਰ, ਸਿਵਾਏ ਸਾਡੇ ਪਰਿਵਾਰਾਂ ਤੋਂ ਸਾਡੇ ਵਿਆਹ ਵਿੱਚ ਕੋਈ ਨਹੀਂ ਸੀ।

**ਸਵਾਲ-ਤੁਸੀਂ ਕੀ ਸੋਚਦੇ ਹੋ ਕਿ ਉਸਨੂੰ ਤੁਹਾਡੇ ਬਾਰੇ ਕੀ ਪਸੰਦ ਸੀ?**

**ਜਵਾਬ** - ਮੈਨੂੰ ਲਗਦਾ ਹੈ ਕਿ ਉਹ ਇਸ ਤੱਥ ਨੂੰ ਪਸੰਦ ਕਰਦਾ ਸੀ ਕਿ ਭਾਵੇਂ ਮੇਰਾ ਜਨਮ ਅਤੇ ਪਾਲਣ-ਪੋਸ਼ਣ ਵਿਦੇਸ਼ ਵਿੱਚ ਹੋਇਆ ਸੀ, ਪਰ ਜ਼ਿੰਦਗੀ ਪ੍ਰਤੀ ਮੇਰੀ ਪਹੁੰਚ ਵਬਹੁਤ ਡੂੰਘੀ ਰੂਹਾਨੀ ਸੀ। ਮੈਂ ਨਿਤਨੇਮ ਕਰਦੀ ਹਾਂ, ਬਜ਼ੁਰਗਾਂ ਦੀ ਦੇਖਭਾਲ ਕਰਦੀ ਹਾਂ, ਸ਼ਰਾਬ ਨਹੀਂ ਪੀਂਦੀ ਅਤੇ ਸ਼ਾਕਾਹਾਰੀ ਭੋਜਨ ਖਾਂਦੀ ਹਾਂ ਵਿਦੇਸ਼ ਵਿਚ ਰਹਿਣ ਵਾਲੀਆਂ ਕੁੜੀਆਂ ਤੋਂ ਮੈਂ ਵੱਖ ਸੀ ਮੈਨੂੰ ਨਹੀਂ ਲੱਗਦਾ ਉਸਨੇ ਮੇਰੇ ਨਾਲ ਵਿਆਹ ਕਿਸੇ ਜਥੇਬੰਦੀ ਚ ਦਾਖਿਲ ਹੋਣ ਲਈ ਕਰਾਇਆ ਸੀ ਸਗੋਂ ਮੈਂ ਤਾ ਉਸ ਜਿੰਨੀ ਧਾਰਮਿਕ ਵੀ ਨਹੀਂ ਸੀ

**ਸਵਾਲ - ਤੁਹਾਡਾ ਪਰਿਵਾਰ ਯੂਕੇ ਵਿੱਚ ਕਦੋਂ ਗਿਆ? ਕੀ ਉਹ ਧਾਰਮਿਕ ਹਨ?**

**ਜਵਾਬ** - ਮੇਰੇ ਦਾਦਾ ਜੀ 1951 ਵਿੱਚ ਯੂਕੇ ਚਲੇ ਗਏ ਜਦੋਂ ਉਹ ਆਪਣੇ 20 ਸਾਲਾਂ ਵਿੱਚ ਸਨ। ਉਦੋਂ ਤੋਂ ਪਰਿਵਾਰ ਉਥੇ ਹੀ ਹੈ। ਪਰ ਅਸੀਂ ਹਰ ਦੋ-ਦੋ ਸਾਲ ਬਾਅਦ ਪੰਜਾਬ ਜਾਂਦੇ ਸਾਂ, ਪਰ ਜਿਉਂ-ਜਿਉਂ ਮੈਂ ਜ਼ਿੰਦਗੀ ਵਿਚ ਵਿਅਸਤ ਹੁੰਦੀ ਗਈ, ਮੈਨੂੰ ਭਾਰਤ ਵਿਚ ਘੁੰਮਣ ਲਈ ਸਮਾਂ ਘੱਟ ਮਿਲਿਆ। ਵਿਦੇਸ਼ਾਂ ਵਿੱਚ ਬਹੁਤ ਸਾਰੇ ਸਿੱਖ ਪਰਿਵਾਰਾਂ ਵਾਂਗ, ਮੈਂ 12 ਸਾਲ ਦੀ ਉਮਰ ਤੋਂ, ਜਾਂ ਸ਼ਾਇਦ ਇਸ ਤੋਂ ਵੀ ਛੋਟੀ ਉਮਰ ਤੋਂ ਗੁਰਦੁਆਰੇ ਵਿੱਚ ਪੰਜਾਬੀ ਦੀਆਂ ਕਲਾਸਾਂ ਲਈ ਜਾਂਦੀ ਸੀ। ਇਸ ਲਈ ਮੈਂ ਭਾਸ਼ਾ ਨੂੰ ਪੜ੍ਹਨਾ ਅਤੇ ਲਿਖਣਾ ਸਿੱਖ ਲਿਆ।ਸਿੱਖ ਹੋਣ ਦੇ ਨਾਤੇ ਤੁਸੀਂ ਆਪਣੇ ਧਰਮ ਨੂੰ ਮੰਨਦੇ ਹੋ, ਪਰ ਮੇਰਾ ਪਰਿਵਾਰ ਪ੍ਰਚਾਰਕਾਂ ਦਾ ਪਰਿਵਾਰ ਨਹੀਂ ਹੈ ਅਤੇ ਸਾਡੇ ਘਰ ਵਿੱਚ ਅਜਿਹੀ ਚਰਚਾ ਨਹੀਂ ਹੁੰਦੀ ਸੀ। ਇਹ ਕਿਸੇ ਹੋਰ ਨਿਯਮਤ ਘਰ ਵਰਗਾ ਸੀ

**ਸਵਾਲ- ਜਦੋਂ ਤੁਸੀਂ ਅੰਮ੍ਰਿਤਪਾਲ ਨਾਲ ਸਮਾਂ ਬਿਤਾਇਆ ਹੈ, ਉਹ ਕਿਸ ਬਾਰੇ ਜ਼ਿਆਦਾ ਗੱਲ ਕਰਦਾ ਸੀ?**

**ਜਵਾਬ** - ਜਦੋਂ ਵੀ ਅਸੀਂ ਗੱਲ ਕਰਦੇ ਹਾਂ, ਇਹ ਜੱਥੇਬੰਦੀ ਬਾਰੇ ਨਹੀਂ ਸੀ। ਅਸਲ ਵਿੱਚ, ਮੈਂ ਉਸਨੂੰ ਡੂੰਘੇ ਸਵਾਲ ਪੁੱਛਣ ਤੋਂ ਬਚਦੀ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਉਹ ਪਹਿਲਾਂ ਹੀ ਰੁੱਝਿਆ ਹੋਇਆ ਸੀ ਅਤੇ ਉਸਦੇ ਪ੍ਰੋਗਰਾਮਾਂ ਤੋਂ ਬਾਅਦ ਥੱਕ ਜਾਂਦਾ ਸੀ। ਇਸ ਲਈ ਮੈਂ ਚਾਹੁੰਦੀ ਸੀ ਕਿ ਉਹ ਆਰਾਮ ਕਰੇ ਅਤੇ ਹਰ ਸਮੇਂ ਉਸਦੇ ਦਿਮਾਗ ਵਿੱਚ ਸਿਰਫ਼ ਇੱਕ ਗੱਲ ਨਾ ਰਹੇ। ਬੇਸ਼ੱਕ, ਜਦੋਂ ਉਹ ਘਰ ਸੀ, ਉਹ ਕਦੇ ਵੀ ਅਜਿਹਾ ਕੁਝ ਨਹੀਂ ਕਰ ਰਿਹਾ ਸੀ ਜਿਸ ਨਾਲ ਕਿਸੇ ਨੂੰ ਕੋਈ ਖ਼ਤਰਾ ਹੋਵੇ; ਉਹ ਬਹੁਤ ਕੋਮਲ ਅਤੇ ਮਾਸੂਮ ਸੀ।

ਉਸਨੇ ਮੈਨੂੰ ਕਿਹਾ ਸੀ ਕਿ ਜੇਕਰ ਉਸ ਨੇ ਪੰਥ ਅਤੇ ਸਾਡੇ ਰਿਸ਼ਤੇ ਵਿੱਚੋਂ ਇੱਕ ਦੀ ਚੋਣ ਕਰਨੀ ਹੈ ਤਾਂ ਪੰਥ ਪਹਿਲਾਂ ਆਵੇਗਾ। ਮੈਨੂੰ ਹਮੇਸ਼ਾ ਪਤਾ ਸੀ ਕਿ ਮੈਂ ਉਸਦੀ ਦੂਜੀ ਤਰਜੀਹ ਸੀ। ਪਰ ਉਹ ਸੱਚਮੁੱਚ ਮੈਨੂੰ ਪਿਆਰ ਕਰਦਾ ਹੈ ਅਤੇ ਕਦੇ ਵੀ ਮੈਨੂੰ ਪਰੇਸ਼ਾਨ ਨਹੀਂ ਦੇਖ ਸਕਦਾ। ਹਰ ਕੁੜੀ, ਹਰ ਔਰਤ ਇੱਕ ਦੇਖਭਾਲ ਕਰਨ ਵਾਲਾ ਪਤੀ ਚਾਹੁੰਦੀ ਹੈ-ਜੇਕਰ ਮੈਨੂੰ ਪਤਾ ਹੁੰਦਾ ਕਿ ਉਹ ਮੈਨੂੰ ਆਪਣਾ ਸਮਾਂ ਨਹੀਂ ਦੇ ਸਕਦਾ ਅਤੇ ਮੇਰੀ ਪਰਵਾਹ ਨਹੀਂ ਕਰਦਾ, ਤਾਂ ਮੈਂ ਉਸ ਨਾਲ ਵਿਆਹ ਕਿਉਂ ਕਰਾਂਗੀ? ਪਰ ਇਹ ਮੇਰੀ ਚੋਣ ਸੀ।

**ਸਵਾਲ -ਕੀ ਤੁਸੀਂ ਉਸਦੇ ਪ੍ਰੋਗਰਾਮਾਂ ਦੌਰਾਨ ਉਸਦੇ ਨਾਲ ਕਦੇ ਗਏ ਸੀ ?**

**ਜਵਾਬ** -ਉਹ ਹਮੇਸ਼ਾ ਚਾਹੁੰਦਾ ਸੀ ਕਿ ਮੈਂ ਸੁਰੱਖਿਅਤ ਰਹਾਂ। ਇਸੇ ਲਈ ਉਹ ਆਪਣੇ ਪ੍ਰੋਗਰਾਮਾਂ ਦੌਰਾਨ ਮੈਨੂੰ ਨਾਲ ਨਹੀਂ ਲਿਜਾਣਾ ਚਾਹੁੰਦਾ ਸੀ। ਮੈਂ ਅਜੇ ਵੀ ਬਾਹਰ ਨਿਕਲ ਸਕਦੀ ਹਾਂ ਕਿਉਂਕਿ ਕੋਈ ਵੀ ਮੈਨੂੰ ਨਹੀਂ ਪਛਾਣਦਾ ਅਤੇ ਉਸਨੂੰ ਮਾਰਨ ਵਾਲੀ ਸਾਰੀ ਨਫ਼ਰਤ ਮੈਨੂੰ ਨਹੀਂ ਮਾਰੇਗੀ ਕਿਉਂਕਿ ਉਹ ਮੈਨੂੰ ਨਹੀਂ ਪਛਾਣਦੇ।

**ਸਵਾਲ -ਕੀ ਤੁਹਾਡਾ ਪਰਿਵਾਰ ਤੁਹਾਡਾ ਸਮਰਥਨ ਕਰਦਾ ਹੈ?**

**ਜਵਾਬ-** ਜੇਕਰ ਉਹ ਸਹਿਯੋਗੀ ਨਾ ਹੁੰਦੇ, ਤਾਂ ਇਹ ਵਿਆਹ ਨਹੀਂ ਹੋਣਾ ਸੀ। ਮੈਂ ਉਨ੍ਹਾਂ ਨੂੰ ਅੰਮ੍ਰਿਤ ਬਾਰੇ ਦੱਸਿਆ, ਪਰ ਜਦੋਂ ਅਸੀਂ ਪਹਿਲੀ ਵਾਰ ਗੱਲ ਕੀਤੀ, ਤਾਂ ਸਥਿਤੀ ਅੱਜ ਵਰਗੀ ਨਹੀਂ ਸੀ। ਅੰਮ੍ਰਿਤ ਨੂੰ ਨਹੀਂ ਪਤਾ ਸੀ ਕਿ ਪੰਜਾਬ ਵਾਪਸ ਆ ਕੇ ਉਸ ਦਾ ਅਕਸ ਇੰਨਾ ਵੱਡਾ ਬਣ ਜਾਣਾ ਸੀ। ਸਾਡੇ ਕੋਲ ਹੋਰ ਯੋਜਨਾਵਾਂ ਸਨ। ਅਸੀਂ ਸੋਚਿਆ ਵੀ ਨਹੀਂ ਸੀ ਕਿ ਅਸੀਂ ਪੰਜਾਬ ਵਿਚ ਸਦਾ ਲਈ ਰਹਿਣ ਜਾ ਰਹੇ ਹਾਂ। ਮੈਂ ਆਪਣੀ ਨੌਕਰੀ, ਆਪਣਾ ਪਰਿਵਾਰ ਛੱਡ ਦਿੱਤਾ।

**ਸਵਾਲ -ਤੁਹਾਡੀ ਮੁੱਖ ਚਿੰਤਾ ਕੀ ਹੈ?**

**ਜਵਾਬ** - ਇੰਨੇ ਦਿਨ ਹੋ ਗਏ ਹਨ ਅਤੇ ਸਾਨੂੰ ਉਸਦੇ ਠਿਕਾਣੇ ਬਾਰੇ ਨਹੀਂ ਪਤਾ ਹੈ। ਜੇਕਰ ਉਹ ਪੁਲਿਸ ਕੋਲ ਹੈ ਤਾਂ ਘੱਟੋ-ਘੱਟ ਸਾਨੂੰ ਪਤਾ ਤਾ ਹੋਵੇ ਕਿ ਉਹ ਉੱਥੇ ਹੈ, ਪਰ ਸਮੱਸਿਆ ਇਹ ਹੈ ਕਿ ਅਸੀਂ ਉਸ ਬਾਰੇ ਕੁਝ ਨਹੀਂ ਜਾਣਦੇ। ਕੋਈ ਸੰਪਰਕ ਨਹੀਂ ਹੈ ਅਤੇ ਮੈਨੂੰ ਨਹੀਂ ਪਤਾ ਕਿ ਉਹ ਕਿਸ ਸਥਿਤੀ ਵਿੱਚ ਹੈ। ਇਹ ਮੇਰੇ ਲਈ ਬਹੁਤ ਔਖਾ ਹੈ ਅਤੇ ਮੈਂ ਬੱਸ ਚਾਹੁੰਦੀ ਹਾਂ ਕਿ ਉਹ ਸੁਰੱਖਿਅਤ ਘਰ ਵਾਪਸ ਆਵੇ। ਮੈਂ ਸਭ ਕੁਝ ਉਸ ਲਈ ਛੱਡ ਦਿੱਤਾ। ਪਰ ਮੈਂ ਅੰਮ੍ਰਿਤ ਨੂੰ ਨਹੀਂ ਛੱਡ ਸਕਦੀ।

**ਸਵਾਲ -ਕੀ ਤੁਸੀਂ ਯੂਕੇ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹੋ?**

**ਜਵਾਬ** - ਮੈਂ ਇਸ ਸਥਿਤੀ ਤੋਂ ਭੱਜਣ ਵਾਲੀ ਨਹੀਂ ਹਾਂ। [ਇੱਥੇ] ਇਲਜ਼ਾਮ ਹਨ ਕਿ ਮੇਰੇ ਯੂਕੇ ਵਿੱਚ ਲਿੰਕ ਹਨ ਜਾਂ ਮੈਂ ਕੁਝ ਗੈਰ-ਕਾਨੂੰਨੀ ਕਰ ਰਹੀ ਹਾਂ। ਮੈਂ ਇੱਥੇ ਕਾਨੂੰਨੀ ਤੌਰ 'ਤੇ ਹਾਂ, ਮੈਂ ਇੱਥੇ 180 ਦਿਨ ਰਹਿ ਸਕਦੀ ਹਾਂ। ਮੈਂ ਇੱਥੇ ਦੋ ਮਹੀਨੇ ਪਹਿਲਾਂ ਹੀ ਆਈ ਹਾਂ। ਮੈਂ ਕਾਨੂੰਨ ਦੇ ਵਿਰੁੱਧ ਨਹੀਂ ਜਾਵਾਂਗੀ ਅਤੇ ਨਿਰਧਾਰਤ ਸਮੇਂ ਤੋਂ ਵੱਧ ਨਹੀਂ ਰਹਾਂਗੀ। ਇਹ ਹੁਣ ਮੇਰਾ ਘਰ ਹੈ। ਇਸ ਤੋਂ ਪਹਿਲਾਂ ਵੀ ਜਦੋਂ ਮੈਂ ਇੱਥੇ ਛੇ ਮਹੀਨੇ ਰਹਿਣ ਤੋਂ ਬਾਅਦ ਵਾਪਸ ਯੂ.ਕੇ ਗਈ ਸੀ ਤਾਂ ਆਪਣੇ ਪਰਿਵਾਰ ਨੂੰ ਮਿਲਣ ਲਈ ਇੱਕ ਹਫ਼ਤੇ ਦਾ ਸਮਾਂ ਸੀ। ਅੰਮ੍ਰਿਤ ਨੇ ਕਿਹਾ ਕਿ ਇਹ ਉਲਟਾ ਮਾਈਗ੍ਰੇਸ਼ਨ ਸੀ। ਉਹ ਯੂਕੇ ਨਹੀਂ ਗਿਆ, ਮੈਂ ਇੱਥੇ ਆਈ ਹਾਂ।

# ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦਾ ਲੇਖਾ-ਜੋਖਾ

## ਕਿਹੜੇ ਵਸੀਲਿਆਂ ਤੋਂ ਹੋਵੇਗੀ ਬਜਟ ਦੇ ਖ਼ਰਚੇ ਲਈ ਆਮਦਨ



ਪੰਜਾਬ ਵਿਧਾਨ ਸਭਾ ਦੇ ਸਭ ਤੋਂ ਛੋਟੇ 8 ਦਿਨਾਂ ਦੇ ਬਜਟ ਇਜਲਾਸ ਵਿਚ ਸਰਕਾਰ ਅਤੇ ਵਿਰੋਧੀ ਪਾਰਟੀਆਂ ਨੇ ਪੰਜਾਬ ਦੇ ਵਿਕਾਸ ਦੇ ਵਿੱਤੇ ਫ਼ਤਵੇ ਤੋਂ ਕਿਨਾਰਾ ਕਰਦਿਆਂ ਇਕ-ਦੂਜੇ 'ਤੇ ਤੁਹਮਤਾਂ ਲਗਾਉਣ ਅਤੇ ਨੀਵਾਂ ਵਿਖਾਉਣ 'ਚ ਹੀ ਡੰਗ ਟਪਾ ਲਿਆ। ਸਾਰੇ ਇਜਲਾਸ 'ਚ ਪੰਜਾਬ ਦੇ ਵਿਕਾਸ ਦੇ ਮੁੱਖ ਮੁੱਦੇ ਗਾਇਬ ਰਹੇ। ਸਰਕਾਰੀ ਧਿਰ ਆਪਣੀ ਪਿੱਠ ਥਪਥਪਾਉਂਦੀ ਰਹੀ ਜਦਕਿ ਵਿਰੋਧੀ ਪਾਰਟੀਆਂ ਉਸ ਦੀ ਹਰ ਖੇਤਰ ਦੀ ਅਸਫਲਤਾ ਦਰਸਾਉਂਦੀਆਂ ਰਹੀਆਂ। ਇਜਲਾਸ ਦੇ ਸਾਰੇ ਦਿਨਾਂ 'ਚ ਸਰਕਾਰ ਅਤੇ ਵਿਰੋਧੀ ਪਾਰਟੀਆਂ ਨੇ ਕੋਈ ਮੌਕਾ ਅਜਿਹਾ ਨਹੀਂ ਜਾਣ ਦਿੱਤਾ ਜਦੋਂ ਦੂਸ਼ਣਬਾਜ਼ੀ ਨਾ ਕੀਤੀ ਹੋਵੇ। ਦੋਹਾਂ ਪਾਸਿਆਂ ਦੇ ਰਵੱਈਏ ਤੋਂ ਸਦਨ ਦੀ ਮਾਣ-ਮਰਿਆਦਾ ਨੂੰ ਠੇਸ ਪਹੁੰਚੀ ਹੈ। ਸਰਕਾਰ ਕੋਈ ਸਾਰਥਕ ਨਤੀਜੇ ਦੇਣ ਵਿਚ ਸਫਲ ਨਹੀਂ ਹੋਈ, ਸਿਵਾਏ ਇਸ ਗੱਲ ਦੇ ਕੇ ਉਨ੍ਹਾਂ ਨੇ ਇਸ ਸਾਲ ਦੇ ਬਜਟ ਵਿਚ ਪਹਿਲਾਂ ਨਾਲੋਂ ਵੱਧ ਰਕਮਾਂ ਰੱਖੀਆਂ ਹਨ।

ਬਜਟ ਵਿਚ ਖ਼ਰਚੇ ਦਾ ਵੇਰਵਾ ਤਾਂ ਦੇ ਦਿੱਤਾ ਗਿਆ ਪਰ ਆਮਦਨ ਕਿਹੜੇ ਵਸੀਲਿਆਂ ਤੋਂ ਹੋਵੇਗੀ, ਉਹ ਨਹੀਂ ਦੱਸਿਆ ਗਿਆ। ਸਰਕਾਰ ਨੇ ਸਿੱਖਿਆ ਅਤੇ ਸਿਹਤ ਨੂੰ ਪਹਿਲ ਦੇਣ ਦੇ ਗੋਗੇ ਗਾਏ ਹਨ। ਵਰਤਮਾਨ ਸਰਕਾਰ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਕਰਜ਼ਾ ਲੈ ਕੇ ਡੰਗ ਸਾਰ ਰਹੀ ਹੈ। ਇਸ ਇਜਲਾਸ ਵਿਚ ਬਜਟ ਪਾਸ ਕਰਨ ਤੋਂ ਇਲਾਵਾ ਤਿੰਨ ਬਿੱਲ 'ਦਿ ਸੈਲਰੀਜ਼ ਐਂਡ ਅਲਾਊਂਸਿਜ਼ ਆਫ ਚੀਫ ਵਿਪ੍ਰ ਇਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਬਿੱਲ -2023', 'ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧ) ਬਿੱਲ-2023' ਅਤੇ 'ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧ) ਬਿੱਲ-2023' ਸਰਬਸੰਮਤੀ ਨਾਲ ਪਾਸ ਕੀਤੇ ਹਨ। ਇਸ ਤੋਂ ਇਲਾਵਾ ਦੋ ਮਤੇ ਜਿਨ੍ਹਾਂ ਵਿਚ ਹਲਵਾਰਾ ਏਅਰਪੋਰਟ ਦਾ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਅੰਤਰਰਾਸ਼ਟਰੀ ਏਅਰਪੋਰਟ ਰੱਖਣ ਅਤੇ ਦੂਜਾ ਹਿਮਾਚਲ ਸਰਕਾਰ ਵੱਲੋਂ ਪਣ ਬਿਜਲੀ ਯੋਜਨਾਵਾਂ 'ਤੇ ਲਗਾਏ 1200 ਕਰੋੜ ਰੁਪਏ ਦੇ ਸੈੱਸ ਵਿੱਚੋਂ 500 ਕਰੋੜ ਰੁਪਏ ਪੰਜਾਬ ਨੂੰ ਦੇਣੇ ਪੈ ਸਕਦੇ ਹਨ, ਨੂੰ ਗ਼ੈਰ ਸੰਵਿਧਾਨਕ ਦੱਸਦਿਆਂ ਰੱਦ ਕਰਨ ਦਾ ਮਤਾ ਪਾਸ ਕੀਤਾ ਗਿਆ ਹੈ।

ਤਿੰਨ ਬਿੱਲਾਂ ਵਿੱਚੋਂ 'ਅਨੁਸੂਚਿਤ ਜਾਤੀਆਂ ਕਮਿਸ਼ਨ' ਦੇ ਉਪ ਚੇਅਰਮੈਨ ਅਤੇ ਮੈਂਬਰਾਂ ਦੀ ਗਿਣਤੀ ਘਟਾਉਣ ਨਾਲ ਸਬੰਧਤ ਹੈ ਅਤੇ ਦੂਜਾ ਮੰਡੀ ਬੋਰਡ 'ਚੋਂ ਸੀਨੀਅਰ ਤੇ ਜੂਨੀਅਰ ਮੀਤ ਚੇਅਰਮੈਨ ਦੇ ਅਹੁਦੇ ਖ਼ਤਮ ਕਰਨ ਬਾਰੇ ਹੈ। ਇਹ ਦੋਵੇਂ ਬਿੱਲ ਅਤੇ ਦੋਵੇਂ ਮਤੇ ਸ਼ਲਾਘਾਯੋਗ ਕਦਮ ਹਨ ਕਿਉਂਕਿ ਸਰਕਾਰ ਤੋਂ ਵਾਧੂ ਵਿੱਤੀ ਖ਼ਰਚਾ ਘਟੇਗਾ ਪਰ ਤੀਜਾ ਬਿੱਲ ਆਪਣੀ ਵਿਧਾਇਕਾ ਚੀਫ ਵਿਪ ?ਰ ਸਰਬਜੀਤ ਕੌਰ ਮਾਣੂੰਕੇ ਨੂੰ ਤਨਖ਼ਾਹ ਅਤੇ ਹੋਰ ਸਹੂਲਤਾਂ ਦੇਣ ਨਾਲ ਸਬੰਧਤ ਹੈ।

ਇਸ ਇਜਲਾਸ ਦੌਰਾਨ ਜੇਕਰ ਕਿਸੇ ਨੇ ਵਾਹਵਾ ਖੱਟੀ ਹੈ ਤਾਂ ਉਹ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਹਨ। ਉਨ੍ਹਾਂ ਸਰਕਾਰ ਦੇ ਮੰਤਰੀਆਂ ਅਤੇ ਵਿਰੋਧੀਆਂ ਦੋਹਾਂ ਨੂੰ ਸਹੀ ਢੰਗ ਨਾਲ ਵਿਵਹਾਰ ਕਰਨ ਦੀ ਤਾਕੀਦ ਕੀਤੀ। ਇੱਥੋਂ ਤਕ ਕਿ ਮੰਤਰੀ ਸਾਹਿਬਾਨ ਨੂੰ ਸਵਾਲਾਂ ਦੇ ਸਹੀ ਜਵਾਬ ਨਾ ਦੇਣ 'ਤੇ ਵੀ ਟੋਕਿਆ ਹੈ ਅਤੇ ਵਿਕਾਸ ਕੰਮ ਸਹੀ ਸਮੇਂ 'ਤੇ ਨੇਪਰੇ ਚਾੜ੍ਹਨ ਦੀ ਤਾਕੀਦ ਵੀ ਕੀਤੀ ਹੈ। ਵਾਹਵਾ ਖੱਟਣ ਵਾਲੇ ਦੂਜੇ ਵਿਅਕਤੀ ਸਿਹਤ ਤੇ ਮੈਡੀਕਲ ਖੋਜ ਮੰਤਰੀ ਬਲਬੀਰ ਸਿੰਘ ਹਨ ਜਿਨ੍ਹਾਂ ਬੜੇ ਠਰ੍ਹੰਮੇ ਅਤੇ ਸਹਿਜਤਾ ਨਾਲ ਤਕਰੀਰ ਕਰਦਿਆਂ ਦਮਗਜੇ ਨਹੀਂ ਮਾਰੇ ਸਗੋਂ ਦੋਹਾਂ ਧਿਰਾਂ ਨੂੰ ਸੰਜੀਦਗੀ ਵਰਤਣ ਦੀ ਸਲਾਹ ਦਿੱਤੀ ਹੈ। ਏਥੇ ਹੀ ਬਸ ਨਹੀਂ, ਉਨ੍ਹਾਂ ਵਿਰੋਧੀਆਂ ਅਤੇ ਸਰਕਾਰ ਨੂੰ ਵੀ ਕਿਹਾ ਸੀ ਕਿ ਇਹ ਪਵਿੱਤਰ ਸਦਨ ਵਿਕਾਸ ਦੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਹੈ, ਆਪਸੀ ਖਹਿਬਾਜ਼ੀ ਤੇ ਕਿੜ ਕੱਢਣ ਲਈ ਨਹੀਂ। ਉਨ੍ਹਾਂ ਅੱਗੋਂ ਕਿਹਾ ਕਿ ਦੋਹਾਂ ਪਾਸਿਆਂ ਤੋਂ ਬਹੁਤੇ ਪਹਿਲੀ ਵਾਰ ਚੁਣੇ ਗਏ ਨੌਜਵਾਨ ਵਿਧਾਨਕਾਰ ਹਨ। ਇਨ੍ਹਾਂ ਵਿਚ ਜੋਸ਼ ਹੈ, ਇਹ ਵਿਧਾਨਕਾਰ ਜ਼ਰੂਰ ਪੰਜਾਬ ਦੇ ਵਿਕਾਸ ਵਿਚ ਵਧੇਰੇ ਯੋਗਦਾਨ ਪਾ ਸਕਣਗੇ। ਇਸ ਇਜਲਾਸ ਵਿਚ ਬਹੁਤ ਸਾਰੀਆਂ ਗੱਲਾਂ ਰਵਾਇਤਾਂ ਤੋਂ ਹਟ ਕੇ ਹੋਈਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਜਲਾਸ ਦੇ ਪਹਿਲੇ ਹੀ ਦਿਨ ਵਿਰੋਧੀ ਧਿਰ ਦੇ ਨੇਤਾ



ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com

ਪ੍ਰਤਾਪ ਸਿੰਘ ਬਾਜਵਾ ਨੇ ਰਾਜਪਾਲ ਨੂੰ ਟੋਕਦਿਆਂ ਇਹ ਸਵਾਲ ਕੀਤਾ ਕਿ ਜਿਹੜੀ ਸਰਕਾਰ ਤੁਹਾਨੂੰ ਮੰਨਦੀ ਹੀ ਨਹੀਂ, ਕੀ ਤੁਸੀਂ ਇਸ ਨੂੰ ਮੇਰੀ ਸਰਕਾਰ ਕਹੋਗੇ ?

ਕੀ ਰਾਜਪਾਲ ਜੀ ਤੋਂ ਸਵਾਲ ਪੁੱਛਣਾ ਜਾਇਜ਼ ਸੀ ? ਕਿਉਂਕਿ ਰਾਜਪਾਲ ਤਾਂ ਸੰਵਿਧਾਨਕ ਮੁਖੀ ਹੋਣ ਦੇ ਨਾਤੇ ਮੰਤਰੀ ਮੰਡਲ ਵੱਲੋਂ ਪ੍ਰਵਾਨ ਕਰ ਕੇ ਦਿੱਤਾ ਭਾਸ਼ਣ ਪੜ੍ਹਨ ਲਈ ਕਾਨੂੰਨਨ ਪਾਬੰਦ ਹਨ। ਬਨਵਾਰੀ ਲਾਲ ਪੁਰੋਹਿਤ ਰਾਜਪਾਲ ਦਾ ਭਾਸ਼ਣ ਪੜ੍ਹਦਿਆਂ ਪ੍ਰਤਾਪ ਸਿੰਘ ਬਾਜਵਾ ਦੇ ਸਵਾਲ ਦਾ ਜਵਾਬ ਦੇਣਾ ਵੀ ਪਰੰਪਰਾ ਤੋਂ ਉਲਟ ਹੈ, ਹਾਲਾਂਕਿ ਉਹ ਤਜਰਬੇਕਾਰ ਰਾਜਪਾਲ ਹਨ ਜਿਹੜੇ ਪਹਿਲਾਂ ਕਈ ਸੂਬਿਆਂ ਦੇ ਰਾਜਪਾਲ ਅਤੇ ਪੱਤਰਕਾਰ ਰਹਿ ਚੁੱਕੇ ਹਨ।

ਫਿਰ ਵੀ ਰਾਜਪਾਲ ਨੇ ਟਕਰਾਅ ਨੂੰ ਟਾਲਦਿਆਂ ਆਪਣਾ ਭਾਸ਼ਣ ਬਾਖ਼ੂਬੀ ਮੁਕੰਮਲ ਕੀਤਾ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਜੋ ਹਾਊਸ ਦੇ ਨੇਤਾ ਹਨ, ਉਨ੍ਹਾਂ ਦਾ ਵਿਰੋਧੀਆਂ ਵੱਲ ਨੂੰ ਇਸ਼ਾਰੇ ਕਰ ਕੇ ਇਹ ਕਹਿਣਾ ਕਿ ਤੁਹਾਡੀ ਵਾਰੀ ਵੀ ਆਵੇਗੀ, ਕਾਨੂੰਨੀ ਪ੍ਰਕਿਰਿਆ ਵਿਚ ਸਿੱਧੀ ਦਖ਼ਲਅੰਦਾਜ਼ੀ ਦਾ ਅਹਿਸਾਸ ਕਰਵਾਉਂਦਾ ਹੈ। ਅਜਿਹੀ ਸ਼ਬਦਾਵਲੀ ਵਰਤਣੀ ਹਾਊਸ ਦੀ ਮਰਿਆਦਾ ਇਜਾਜ਼ਤ ਨਹੀਂ ਦਿੰਦੀ। ਵਿਧਾਨ ਸਭਾ ਦੇ ਸਾਰੇ ਮੈਂਬਰ ਉਨ੍ਹਾਂ ਲਈ ਬਰਾਬਰ ਹੁੰਦੇ ਕਿਉਂਕਿ ਉਹ ਮੁੱਖ ਮੰਤਰੀ ਪੰਜਾਬ ਦੇ ਹਨ, ਇਕ ਪਾਰਟੀ ਦੇ ਨਹੀਂ।

ਸਦਨ ਦੀ ਮਰਿਆਦਾ ਅਤੇ ਕਾਨੂੰਨੀ ਪਾਬੰਦੀ ਹੈ ਕਿ ਕਿਸੇ ਵੀ ਮੈਂਬਰ ਨੇ ਜਦੋਂ ਵਿਧਾਨ ਸਭਾ ਵਿਚ ਸੰਬੋਧਨ ਕਰਨਾ ਹੈ ਤਾਂ ਉਹ ਸਪੀਕਰ ਰਾਹੀਂ ਸੰਬੋਧਨ ਹੋਵੇਗਾ ਨਾ ਕਿ ਸਿੱਧਾ ਹੀ ਮੈਂਬਰਾਂ ਨੂੰ ਸੰਬੋਧਨ ਹੋਵੇਗਾ। ਇਸ ਇਜਲਾਸ ਵਿਚ ਮੁੱਖ ਮੰਤਰੀ ਅਤੇ ਵਿਰੋਧੀ ਮੈਂਬਰ ਵੀ ਮਰਿਆਦਾ ਤੇ ਕਾਨੂੰਨੀ ਪ੍ਰਕਿਰਿਆ ਦਾ ਵਿਰੋਧ ਕਰਦੇ ਵੇਖੇ ਗਏ ਜੋ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ। ਪਰ ਭ੍ਰਿਸ਼ਟਾਚਾਰ ਵਿਰੁੱਧ ਪੰਜਾਬ ਸਰਕਾਰ ਮੁਹਿੰਮ ਕਾਬਿਲੇਤਾਰੀਫ਼ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਪੀਕਰ ਨੇ ਵਿਰੋਧੀ ਪਾਰਟੀ ਕਾਂਗਰਸ ਨੂੰ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਵਿਚਾਰ ਕਰਨ ਲਈ ਧਿਆਨ ਦਿਵਾਊ ਮਤਾ ਪੇਸ਼ ਕਰਨ ਦੀ ਆਗਿਆ ਨਹੀਂ ਦਿੱਤੀ। ਇਜਲਾਸ ਵਿਚ ਜ਼ਰੂਰੀ ਮਹੱਤਵਪੂਰਨ ਤੇ ਤਤਕਾਲੀ ਚਲੰਤ ਘਟਨਾਵਾਂ 'ਤੇ ਵਿਚਾਰ ਵਟਾਂਦਰਾ ਕਰਨਾ ਜ਼ਰੂਰੀ ਹੁੰਦਾ ਹੈ ਪਰ ਵਿਰੋਧੀ ਪਾਰਟੀ ਆਗਿਆ ਨਾ ਮਿਲਣ ਕਰਕੇ ਵਾਕ ਆਊਟ ਕਰ ਗਈ। ਅੱਜ ਪੰਜਾਬ ਦੇ ਲੋਕਾਂ ਵਿਚ ਸਹਿਮ ਪਾਇਆ ਜਾ ਰਿਹਾ ਹੈ। ਉਹ ਡਰ ਰਹੇ ਹਨ ਕਿ ਪੰਜਾਬ ਦੁਬਾਰਾ ਅਸਥਿਰਤਾ ਦੇ ਮਾਹੌਲ ਵਿਚ ਨਾ ਚਲਿਆ ਜਾਵੇ। ਇਸ ਲਈ ਸਰਕਾਰ ਨੂੰ ਅਜਿਹੇ ਸੰਜੀਦਾ ਮਸਲੇ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ ਸੀ। ਕਾਂਗਰਸ ਪਾਰਟੀ ਵੱਲੋਂ ਵਾਕ ਆਊਟ ਕਰਨਾ ਵੀ ਜਾਇਜ਼ ਨਹੀਂ ਕਿਉਂਕਿ ਸਦਨ ਵਿਚ ਉਨ੍ਹਾਂ ਵੱਲੋਂ ਨਸ਼ਿਆਂ ਦਾ ਜੋ ਮੁੱਦਾ ਚੁੱਕਿਆ ਗਿਆ ਸੀ, ਉਹ ਬਹਿਸ ਕਰਨ ਦਾ ਬਹੁਤ ਹੀ ਮਹੱਤਵਪੂਰਨ ਮੁੱਦਾ ਸੀ। ਕਾਂਗਰਸ ਦੀ ਗ਼ੈਰ ਹਾਜ਼ਰੀ ਕਰਕੇ ਇਸ ਮੁੱਦੇ 'ਤੇ ਬਹਿਸ ਨਹੀਂ ਹੋ ਸਕੀ।

ਨਸ਼ਿਆਂ ਦੀ ਵਜ੍ਹਾ ਕਰਕੇ ਪੰਜਾਬ ਦੀ ਨੌਜਵਾਨੀ ਤਬਾਹ ਹੋ ਰਹੀ ਹੈ। ਵਾਕਆਊਟ ਭਾਵੇਂ ਕੋਈ ਵੀ ਪਾਰਟੀ ਕਰਦੀ ਹੈ, ਉਹ ਬਿਲਕੁਲ ਗ਼ਲਤ ਹੈ ਕਿਉਂਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਪੰਜਾਬ ਦੀ ਬਿਹਤਰੀ ਲਈ ਵਿਚਾਰ-ਵਟਾਂਦਰਾ ਕਰਕੇ ਫ਼ੈਸਲੇ ਕਰਨ ਲਈ ਚੁਣਿਆ ਹੁੰਦਾ ਹੈ। ਇਕ ਸਮਾਂ ਹੁੰਦਾ ਸੀ ਜਦੋਂ ਵਿਧਾਨ ਸਭਾ/ਸਦਨ ਦੇ ਮੈਂਬਰ ਬੜੀ ਸ਼ਾਇਸਤਗੀ ਨਾਲ ਮੁੱਦੇ ਚੁੱਕੇ ਸਨ। ਉਨ੍ਹਾਂ ਨੂੰ ਇਸ ਗੱਲ ਦਾ ਇਲਮ ਹੁੰਦਾ ਸੀ ਕਿ ਪੰਜ ਸਾਲਾਂ ਬਾਅਦ ਉਨ੍ਹਾਂ ਨੂੰ ਮੁੜ ਲੋਕਾਂ ਦੀ ਕਚਹਿਰੀ ਵਿਚ ਜਾਣਾ ਪਵੇਗਾ।

ਉਂਜ ਵੱਖ-ਵੱਖ ਸੂਬਿਆਂ ਵਿਚ ਵਿਧਾਨ ਸਭਾਵਾਂ ਦੇ ਸੈਸ਼ਨਾਂ, ਲੋਕ ਸਭਾ ਤੇ ਰਾਜ ਸਭਾ ਵਿਚ ਅਕਸਰ ਸ਼ੋਰ-ਸ਼ਰਾਬਾ ਸੁਣਨ ਨੂੰ ਮਿਲਦਾ ਹੈ ਜਿਸ ਨੂੰ ਸਿਹਤਮੰਦ ਪਿਰਤ ਨਹੀਂ ਕਿਹਾ ਜਾ ਸਕਦਾ। ਸੰਸਦ ਮੈਂਬਰਾਂ ਅਤੇ ਵਿਧਾਨਕਾਰਾਂ ਨੂੰ ਆਪਣੇ ਹੱਕਾਂ ਦੇ ਨਾਲ-ਨਾਲ ਫ਼ਰਜ਼ਾਂ ਵੱਲ ਵੀ ਧਿਆਨ ਰੱਖਣਾ ਚਾਹੀਦਾ ਹੈ। ਪੰਜਾਬ ਵਿਚ ਵਰਤਮਾਨ ਇਜਲਾਸ ਸਮੇਂ ਭਖਦੇ ਮਸਲੇ ਅਮਨ-ਕਾਨੂੰਨ ਦੀ ਸਥਿਤੀ, ਗੈਂਗਸਟਰਵਾਦ ਅਤੇ ਨਸ਼ਿਆਂ ਦਾ ਪ੍ਰਕੋਪ ਹਨ। ਇਹ ਤਿੰਨੋਂ ਮੁੱਦੇ ਇਜਲਾਸ ਵਿੱਚੋਂ ਗਾਇਬ ਰਹਿਣਾ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਅਣਦੇਖੀ ਤੇ ਵੱਡਾ ਧੋਖਾ ਹੈ। ਸਿਹਤ ਮੰਤਰੀ ਵੱਲੋਂ ਵਿਧਾਨ ਸਭਾ ਵਿਚ ਨਸ਼ਾ ਕਰਨ ਵਾਲਿਆਂ ਲਈ ਮੁੜ ਵਸਾਊ ਕੇਂਦਰਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਵਿਚ ਪ੍ਰਭਾਵਿਤ ਲੋਕਾਂ ਦੀ ਗਿਣਤੀ 10 ਲੱਖ ਤੋਂ ਵੱਧ ਦੱਸਣਾ ਵੀ ਚਿੰਤਾ ਦਾ ਵਿਸ਼ਾ ਹੈ। ਇਹ ਸੈਸ਼ਨ ਸਿਰਫ਼ 8 ਦਿਨ ਚੱਲਿਆ ਹੈ। ਇਸ 'ਤੇ ਕਰੋੜਾਂ ਰੁਪਿਆ ਖ਼ਰਚ ਹੋ ਗਿਆ ਹੈ। ਵੈਸੇ ਇੰਨਾ ਛੋਟਾ ਸੈਸ਼ਨ ਬੜੀ ਹੈਰਾਨੀ ਦੀ ਗੱਲ ਹੈ ਜਦੋਂਕਿ ਪੰਜਾਬ ਵਿਚ ਇਸ ਸਮੇਂ ਸਥਿਤੀ ਵਿਸਫੋਟਕ ਬਣੀ ਹੋਈ ਹੈ।



# ਮੌਸਮ ਦਾ ਕਹਿਰ ਸਹਾਰ ਰਿਹਾ ਅੰਨਦਾਤਾ, ਸਰਕਾਰ ਦਾ ਕਿਸਾਨਪੱਖੀ ਫ਼ੈਸਲਾ ਸ਼ਲਾਘਾਯੋਗ

ਪੰਜਾਬ ਵਿਚ ਵਿਸਾਖੀ ਤਕ ਕਿਸਾਨ ਆਪਣੀ ਕਣਕ ਦੀ ਫ਼ਸਲ ਵੇਚ-ਵੱਟ ਕੇ ਵਿਹਲੇ ਹੋ ਜਾਂਦੇ ਸਨ ਪਰ ਐਤਕੀਂ ਗੜੇਮਾਰ ਨੇ ਕਿਸਾਨਾਂ ਦੀਆਂ ਸੱਧਰਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ। ਪੰਜਾਬ ਵਿਚ ਹਾਲੇ ਕਿਤਿਓਂ ਵੀ ਕਣਕ ਨੂੰ ਦਾਤੀ ਪੈਣ ਦੀਆਂ ਖ਼ਬਰਾਂ ਨਹੀਂ ਆਈਆਂ ਹਨ। ਅਜਿਹੇ ਵਿਚ ਧਨੀ ਰਾਮ ਚਾਤ੍ਰਿਕ ਦੇ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਇਸ ਵਾਰ ਸੱਚ ਪ੍ਰਤੀਤ ਹੁੰਦਾ ਨਹੀਂ ਦਿਸ ਰਿਹਾ। ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿਚ ਲਗਾਤਾਰ ਮੀਂਹ ਅਤੇ ਗੜੇਮਾਰੀ ਨਾਲ ਕਣਕ ਦੀ ਫ਼ਸਲ ਨੂੰ ਕਾਫ਼ੀ ਨੁਕਸਾਨ ਪੁੱਜਾ ਹੈ। ਕਿਸਾਨਾਂ ਦੀ ਪੱਕੀ ਫ਼ਸਲ ਦੇ ਖੇਤਾਂ ਵਿਚ ਪਾਣੀ ਭਰ ਗਿਆ ਹੈ। ਖੜ੍ਹੀ ਫ਼ਸਲ ਦੇ ਖੇਤਾਂ ਦੇ ਖੇਤ ਵਿਛ ਗਏ ਹਨ। ਫ਼ਾਜ਼ਿਲਕਾ ਜ਼ਿਲ੍ਹੇ 'ਚ ਤਾਂ ਵਾਵਰੋਲੇ ਕਾਰਨ ਵੱਡਾ ਨੁਕਸਾਨ ਹੋਣ ਦੀਆਂ ਵੀਡੀਓਜ਼ ਵਾਇਰਲ ਹੋ ਰਹੀਆਂ ਹਨ। ਅੰਦਾਜ਼ੇ ਲਾਏ ਜਾ ਰਹੇ ਹਨ ਕਿ ਇਸ ਨਾਲ ਫ਼ਸਲ ਦੇ ਝਾੜ ਵਿਚ ਦੋ ਫ਼ੀਸਦੀ ਤਕ ਫ਼ਰਕ ਪੈ ਸਕਦਾ ਹੈ। ਕਿਸਾਨ ਜਥੇਬੰਦੀਆਂ ਖ਼ਰਾਬ ਫ਼ਸਲਾਂ ਦੇ ਮੁਆਵਜ਼ੇ ਦੀ ਰਾਸ਼ੀ ਵਧਾਉਣ ਦੇ ਨਾਲ-ਨਾਲ ਹੋਰ ਮੰਗਾਂ ਪੂਰੀਆਂ ਕਰਨ ਬਾਰੇ ਵੀ ਕਹਿ ਰਹੀਆਂ ਹਨ। ਮਾਰਚ ਮਹੀਨੇ ਔਸਤ ਨਾਲੋਂ ਵੱਧ ਮੀਂਹ ਪੈਣ ਨਾਲ ਕਿਸਾਨਾਂ ਨੂੰ ਇਹ ਮਾਰ ਝੱਲਣੀ ਪਈ ਹੈ। ਮੌਸਮ ਵਿਭਾਗ ਦੀ ਪੇਸ਼ੀਨਗੋਈ ਇਹ ਵੀ ਹੈ ਕਿ ਹਾਲੇ ਆਉਣ ਵਾਲੇ ਦਿਨਾਂ 'ਚ ਹੋਰ ਮੀਂਹ ਪੈ ਸਕਦਾ ਹੈ ਜਿਸ ਨੂੰ ਲੈ ਕੇ ਕਿਸਾਨਾਂ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਖਿੱਚੀਆਂ ਹੋਈਆਂ ਹਨ। ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਸਿਰ ਪਹਿਲਾਂ ਹੀ ਕਰਜ਼ੇ ਦੀ ਪੰਡ ਬਹੁਤ ਭਾਰੀ ਹੈ, ਇਸ ਕਾਰਨ ਉਹ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਖੇਤੀ ਲਾਗਤਾਂ ਲਗਾਤਾਰ ਵਧ ਰਹੀਆਂ ਹਨ ਜਿਸ ਕਾਰਨ ਵੱਡੀ ਗਿਣਤੀ ਵਿਚ ਕਿਸਾਨ ਖੇਤੀ ਵਿੱਚੋਂ ਬਾਹਰ ਹੁੰਦੇ ਜਾ ਰਹੇ ਹਨ। ਅਜਿਹੇ ਵਿਚ ਜ਼ਰੂਰੀ ਹੋ ਜਾਂਦਾ ਹੈ ਕਿ ਕਿਸਾਨਾਂ ਸਿਰ ਪਈ ਮੁਸੀਬਤ ਨੂੰ ਹੱਲ ਕੀਤਾ ਜਾਵੇ। ਮੌਸਮ ਦੀ ਮਾਰ ਤੋਂ ਤੰਗ ਕਿਸਾਨਾਂ ਦੀ ਬਾਂਹ ਫੜਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੜੇਮਾਰ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਮੋਗਾ, ਮੁਕਤਸਰ, ਬਠਿੰਡਾ ਤੇ ਪਟਿਆਲਾ ਦੇ ਪਿੰਡਾਂ ਦਾ ਦੌਰਾ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਬਾਰਿਸ਼ ਤੇ ਗੜੇਮਾਰ ਕਾਰਨ ਖ਼ਰਾਬ ਹੋਈਆਂ ਫ਼ਸਲਾਂ ਦੇ ਮੁਆਵਜ਼ੇ 'ਚ 25 ਫ਼ੀਸਦੀ ਤਕ ਵਾਧਾ ਕਰ ਦਿੱਤਾ ਜਾਵੇਗਾ। ਫ਼ਸਲ ਦੇ 75 ਫ਼ੀਸਦੀ ਤੋਂ ਵੱਧ ਨੁਕਸਾਨ 'ਤੇ ਕਿਸਾਨਾਂ ਨੂੰ 15 ਹਜ਼ਾਰ ਰੁਪਏ ਤੇ 33 ਤੋਂ 75 ਫ਼ੀਸਦੀ ਤਕ ਨੁਕਸਾਨ 'ਤੇ 6750 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਮਜ਼ਦੂਰਾਂ ਨੂੰ ਵੀ 10 ਫ਼ੀਸਦੀ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਫ਼ਸਲਾਂ ਦੇ ਨੁਕਸਾਨ 'ਤੇ ਪਹਿਲਾਂ ਇਹ ਮੁਆਵਜ਼ਾ ਰਾਸ਼ੀ 12 ਹਜ਼ਾਰ ਰੁਪਏ ਤੇ 5400 ਰੁਪਏ ਪ੍ਰਤੀ ਏਕੜ ਸੀ। ਬਹੁਤ ਸਾਰੇ ਕਿਸਾਨਾਂ ਤਕ ਤਾਂ ਇਹ ਰਾਸ਼ੀ ਪੁੱਜਦੀ ਵੀ ਨਹੀਂ ਸੀ। ਜਿਨ੍ਹਾਂ ਤਕ ਪੁੱਜਦੀ ਵੀ ਸੀ ਉਹ ਬਹੁਤ ਨਿਗੂਣੀ ਰਾਸ਼ੀ ਹੁੰਦੀ ਸੀ। ਬਿਨਾਂ ਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਦਾ ਅਜਿਹੇ ਕਦਮ ਦਾ ਸਵਾਗਤ ਕਰਨਾ ਬਣਦਾ ਹੈ। ਅੱਜ ਤਕ ਜਿੰਨੀਆਂ ਵੀ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਆਈਆਂ, ਉਨ੍ਹਾਂ 'ਚੋਂ ਜ਼ਿਆਦਾਤਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਕੀਤੇ। ਉਨ੍ਹਾਂ ਨੂੰ ਇਸ ਦਾ ਖ਼ਮਿਆਜ਼ਾ ਵੀ ਭੁਗਤਣਾ ਪਿਆ ਕਿਉਂਕਿ ਪੰਜਾਬ ਖੇਤੀਬਾੜੀ ਆਧਾਰਤ ਸੂਬਾ ਹੈ ਤੇ ਇਸ ਦੀ ਸਾਰੀ ਆਰਥਿਕਤਾ ਵੀ ਇਸ ਦੁਆਲੇ ਹੀ ਘੁੰਮਦੀ ਹੈ। ਕਿਸਾਨੀ ਵੱਡਾ ਵੋਟ ਬੈਂਕ ਵੀ ਹੈ ਤੇ ਇਸ ਦੀ ਨਾਰਾਜ਼ਗੀ ਕਿਸੇ ਵੀ ਸਿਆਸੀ ਪਾਰਟੀ ਨੂੰ ਮੁਸ਼ਕਲ 'ਚ ਪਾ ਦਿੰਦੀ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹੇਠਲੇ ਪੱਧਰ ਤਕ ਮੁੱਖ ਮੰਤਰੀ ਦੇ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕਰਵਾਉਣ ਤਾਂ ਕਿ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਹੋ ਸਕੇ।

# ਪੰਜਾਬ ਵਿਚ ਥਾਣਿਆਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਜ਼ਰੂਰਤ

-ਤਰਲੋਚਨ ਸਿੰਘ ਭੱਟੀ

> *ਥਾਣੇ ਜੋ ਪੰਜਾਬ ਪੁਲਿਸ ਦੀ ਮੁੱਢਲੀ ਇਕਾਈ ਹਨ, ਉਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੀ ਪਹੁੰਚ ਵਿਚ ਰੱਖਣ ਦੀ ਬੇਹੱਦ ਜ਼ਰੂਰਤ ਹੈ। ਇਕ ਸਮਾਂ ਸੀ ਜਦੋਂ ਪੂਰੇ ਸ਼ਹਿਰ ਲਈ ਇਕ ਹੀ 'ਸਿਟੀ ਇੰਸਪੈਕਟਰ', ਇਕ ਡੀਐੱਸਪੀ ਅਤੇ ਇਕ ਐੱਸਪੀ ਹੋਇਆ ਕਰਦਾ ਸੀ। ਅਪਰਾਧ ਵਧਣ ਕਾਰਨ ਪੁਲਿਸ ਦੀ ਨਫ਼ਰੀ ਵਧਾਉਣਾ ਸਮੇਂ ਦੀ ਲੋੜ ਸੀ। ਅੱਜ ਪੰਜਾਬ ਵਿਚ ਡੀਜੀਪੀ ਰੈਂਕ ਦੇ ਹੀ ਕਈ ਅਧਿਕਾਰੀ ਹਨ।*



ਅੰਮ੍ਰਿਤਸਰ ਵਿਚ ਜੀ-20 ਦੇ ਸਫਲ ਆਯੋਜਨ ਵਿਚ ਕੀਤੇ ਗਏ ਪੁਖਤਾ ਸੁਰੱਖਿਆ ਪ੍ਰਬੰਧਾਂ ਕਾਰਨ ਅਤੇ ਇਸ ਤੋਂ ਪਹਿਲਾਂ ਇਕ ਵਿਅਕਤੀ-ਵਿਸ਼ੇਸ਼ ਅਤੇ ਉਸ ਦੀ ਸੰਸਥਾ ਵੱਲੋਂ ਅਜਨਾਲਾ ਥਾਣੇ ਉੱਤੇ ਧੱਕੇ ਨਾਲ ਕੀਤੇ ਗਏ ਕਬਜ਼ੇ ਕਾਰਨ ਪੰਜਾਬ ਪੁਲਿਸ ਅਤੇ ਖ਼ਾਸ ਤੌਰ 'ਤੇ ਥਾਣਿਆਂ ਦੀ ਸਥਿਤੀ ਅਤੇ ਭੂਮਿਕਾ ਚਰਚਾ ਦਾ ਵਿਸ਼ਾ ਬਣੀ ਹੈ। ਪੁਲਿਸ ਕਾਨੂੰਨ 1861 ਦਾ ਹੋਵੇ ਜਾਂ 2007 ਦਾ, ਥਾਣਾ ਪ੍ਰਬੰਧਨ ਸਦਾ ਹੀ ਕੇਂਦਰ ਬਿੰਦੂ ਰਹਿੰਦਾ ਹੈ।

ਪੁਲਿਸ ਹਾਊਸ, ਪੁਲਿਸ ਸਟੇਸ਼ਨ, ਪੁਲਿਸ ਦਫ਼ਤਰ, ਪੁਲਿਸ ਘਰ-ਇਕ ਇਮਾਰਤ ਤੇ ਇਕ ਸੰਗਠਨ ਦੇ ਤੌਰ 'ਤੇ 'ਥਾਣਾ' ਸਰਕਾਰ ਦੀ ਸ਼ਕਤੀ ਦਾ ਪ੍ਰਤੀਕ ਹੈ। ਭਾਰਤ ਦੀ ਸੁਪਰੀਮ ਕੋਰਟ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਪੁਲਿਸ ਫੋਰਸ ਵਿਚ ਸੁਧਾਰ ਲਿਆਉਣ ਲਈ ਪੰਜਾਬ ਰਾਜ ਵੱਲੋਂ 'ਦਿ ਪੰਜਾਬ ਪੁਲਿਸ ਐਕਟ 2007' ਪ੍ਰਵਾਨਤ ਕਰ ਕੇ ਲਾਗੂ ਕੀਤਾ ਗਿਆ ਹੈ।

ਇਸ ਕਾਨੂੰਨ ਦਾ ਮੁੱਖ ਮੰਤਵ ਪੰਜਾਬ ਪੁਲਿਸ ਨੂੰ ਲੋਕਾਂ ਦੀਆਂ ਲੋਕਤੰਤਰੀ ਖ਼ਾਹਿਸ਼ਾਂ ਅਤੇ ਲੋੜਾਂ ਦੀ ਪੂਰਤੀ ਕਰਨ ਲਈ ਪੰਜਾਬ ਵਿਚ ਪੁਲਿਸ ਦਾ ਇਕ ਅਜਿਹਾ ਸੰਗਠਨ ਸਥਾਪਤ ਕਰਨਾ ਹੈ ਜੋ ਪੁਲਿਸ ਨੂੰ ਪੇਸ਼ਾਵਰ, ਕੁਸ਼ਲ ਅਤੇ ਪ੍ਰਭਾਵੀ ਬਣਾਵੇ। ਪੁਲਿਸ ਲੋਕਾਂ ਪ੍ਰਤੀ ਜਵਾਬਦੇਹ ਹੋਵੇ, ਜਿਸ ਦੀ ਕਾਰਗੁਜ਼ਾਰੀ ਪੂਰਨ ਤੌਰ 'ਤੇ ਪਾਰਦਰਸ਼ੀ ਹੋਵੇ ਜੋ ਲੋਕਾਂ ਨੂੰ ਸਮਾਂਬੱਧ ਅਤੇ ਬਿਨਾਂ ਪੱਖਪਾਤ ਦੇ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰ ਸਕੇ ਅਤੇ ਕੰਮਕਾਰ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰੇ। ਪੁਲਿਸ ਕਾਨੂੰਨ 2007 ਵਿਚ ਵਿਵਸਥਾ ਕੀਤੀ ਗਈ ਹੈ- ਪੰਜਾਬ ਰਾਜ ਵਿਚ ਇਲਾਕੇ ਦੀ ਆਬਾਦੀ, ਅਪਰਾਧ ਸਥਿਤੀ, ਕਾਨੂੰਨ-ਵਿਵਸਥਾ ਅਤੇ ਲੋਕਾਂ ਦੀਆਂ ਥਾਣੇ, ਚੌਕੀਆਂ ਵਿਚ ਆਉਣ-ਜਾਣ ਦੀਆਂ ਲੋੜਾਂ ਅਨੁਸਾਰ ਨਵੇਂ ਪੁਲਿਸ ਥਾਣੇ ਅਤੇ ਪੁਲਿਸ ਚੌਕੀਆਂ ਬਣਾਉਣ ਲਈ ਡਾਇਰੈਕਟਰ ਜਨਰਲ, ਪੁਲਿਸ, ਪੰਜਾਬ ਸਰਕਾਰ ਨੂੰ ਸਿਫ਼ਾਰਸ਼ ਕਰ ਸਕਦਾ ਹੈ। ਡਾਇਰੈਕਟਰ ਜਨਰਲ ਪੁਲਿਸ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਪੰਜਾਬ ਸਰਕਾਰ ਦੇ ਗ੍ਰਹਿ ਅਤੇ ਨਿਆਂ ਵਿਭਾਗ ਵੱਲੋਂ ਨਵੇਂ ਥਾਣਿਆਂ ਅਤੇ ਚੌਕੀਆਂ ਦੇ ਅਧਿਕਾਰ ਖੇਤਰ ਸਬੰਧੀ ਨੋਟੀਫਿਕੇਸ਼ਨ ਕੀਤਾ ਜਾਂਦਾ ਹੈ। ਪੁਲਿਸ ਕਾਨੂੰਨ 2007 ਵਿਚ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਥਾਣੇ ਦਾ ਮੁਖੀ ਘੱਟੋ-ਘੱਟ ਸਬ ਇੰਸਪੈਕਟਰ ਜਾਂ ਇੰਸਪੈਕਟਰ ਹੋਵੇ। ਉਸ ਦਾ ਕਿਰਦਾਰ ਦਾਗਦਾਰ ਨਾ ਹੋਵੇ। ਉਸ ਵਿਰੁੱਧ ਕੋਈ ਵਿਭਾਗੀ ਜਾਂ ਵਿਜੀਲੈਂਸ ਜਾਂਚ ਜਾਂ ਅਪਰਾਧਕ ਕੇਸ ਲੰਬਿਤ ਨਾ ਹੋਵੇ। ਘੱਟੋ-ਘੱਟ ਤਿੰਨ ਸਾਲ ਥਾਣੇ ਵਿਚ ਕੰਮ ਕਰਨ ਦਾ ਤਜਰਬਾ ਹੋਵੇ ਅਤੇ ਪਿਛਲੇ ਤਿੰਨ ਸਾਲ ਦੌਰਾਨ ਉਸ ਨੂੰ ਕੋਈ ਵੱਡੀ ਵਿਭਾਗੀ ਸਜ਼ਾ ਨਾ ਮਿਲੀ ਹੋਵੇ ਅਤੇ ਪਿਛਲੇ ਪੰਜ ਸਾਲ ਦੀਆਂ ਸਾਲਾਨਾ ਰਿਪੋਰਟਾਂ ਵਿਚ ਉਸ ਦੇ ਕਿਰਦਾਰ ਅਤੇ ਵੱਕਾਰ ਸਬੰਧੀ ਕੋਈ ਵਿਰੋਧੀ ਟਿੱਪਣੀ ਨਾ ਹੋਵੇ। ਕਿਸੇ ਪੁਲਿਸ ਅਧਿਕਾਰੀ ਨੂੰ ਥਾਣਾ ਮੁਖੀ ਲਗਾਉਣ ਦਾ ਪੁਲਿਸ ਕਾਨੂੰਨ 2007 ਵਿਚ ਦਿੱਤਾ ਗਿਆ ਇਹ ਪੈਮਾਨਾ ਸਪਸ਼ਟ ਕਰਦਾ ਹੈ ਕਿ ਪੰਜਾਬ ਸਰਕਾਰ ਥਾਣਿਆਂ ਅਤੇ ਚੌਕੀਆਂ ਸਬੰਧੀ ਬਹੁਤ ਸੰਜੀਦਾ ਹੈ। ਸ਼ਾਇਦ ਇਸ ਲਈ ਪੰਜਾਬ ਪੁਲਿਸ ਬੰਦੋਬਸਤ ਵਿਚ ਥਾਣਾ ਪ੍ਰਚਲਨ ਬੇਹੱਦ ਮਹੱਤਵਪੂਰਨ ਸੰਗਠਾਨਤਮਕ ਇਕਾਈ ਹੈ ਅਤੇ ਥਾਣਾ ਮੁਖੀ ਬਹੁਤ ਜ਼ਿੰਮੇਵਾਰ ਜਨਤਕ ਅਧਿਕਾਰੀ ਹੈ।

ਬਿਊਰੋ ਆਫ ਪੁਲਿਸ ਰਿਸਰਚ ਐਂਡ ਡਿਵੈਲਪਮੈਂਟ, ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਦੀ ਪਹਿਲੀ ਜਨਵਰੀ 2021 ਨੂੰ ਜਾਰੀ ਕੀਤੀ ਗਈ ਰਿਪੋਰਟ ਵਿਚ ਕੇਂਦਰੀ ਅਤੇ ਰਾਜ ਸਰਕਾਰਾਂ ਅਧੀਨ ਪੁਲਿਸ ਬਲਾਂ, ਥਾਣੇ ਅਤੇ ਚੌਕੀਆਂ ਬਾਰੇ ਵੇਰਵੇ ਦਿੱਤੇ ਗਏ ਹਨ ਜਿਸ ਅਨੁਸਾਰ ਭਾਰਤ ਵਿਚ 800 ਪੁਲਿਸ ਜ਼ਿਲਿਆਂ ਅਤੇ 63 ਪੁਲਿਸ ਕਮਿਸ਼ਨਰੇਟਾਂ ਵਿਚ 16955 ਥਾਣੇ ਹਨ। ਇਨ੍ਹਾਂ ਦਾ ਵਰਗੀਕਰਨ ਪੇਂਡੂ ਖੇਤਰ, ਸ਼ਹਿਰੀ ਖੇਤਰ ਅਤੇ ਵਿਸ਼ੇਸ਼ ਜ਼ਰੂਰਤਾਂ ਦੀ ਪੂਰਤੀ ਲਈ ਕੀਤਾ ਗਿਆ ਹੈ। ਪੁਲਿਸ ਦੇ ਸੁਧਾਰ ਅਤੇ ਆਧੁਨਿਕੀਕਰਨ ਲਈ ਥਾਣੇ, ਚੌਕੀਆਂ, ਦਫ਼ਤਰੀ ਅਤੇ ਰਿਹਾਇਸ਼ੀ ਇਮਾਰਤਾਂ ਦਾ ਨਿਰਮਾਣ, ਆਵਾਜਾਈ ਅਤੇ ਸੰਚਾਰ ਸਹੂਲਤਾਂ, ਆਧੁਨਿਕ ਹਥਿਆਰਾਂ ਦੀ ਉਪਲਬਧੀ ਅਤੇ ਵਰਤੋਂ, ਰਿਕਾਰਡ ਦਾ ਕੰਪਿਊਟਰੀਕਰਨ, ਕੁਦਰਤੀ ਆਫ਼ਤਾਂ ਅਤੇ ਟਰੈਫਿਕ ਕੰਟਰੋਲ ਆਦਿ ਮਸਲਿਆਂ ਨਾਲ ਸਬੰਧਤ ਅੰਕੜੇ ਦਿੱਤੇ ਗਏ ਹਨ ਤਾਂ ਕਿ ਆਮ ਨਾਗਰਿਕ ਪੁਲਿਸ ਦੇ ਕੰਮਕਾਰ ਨੂੰ ਸਮਝ ਸਕੇ। ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਅੰਕੜਿਆਂ ਅਨੁਸਾਰ ਪੰਜਾਬ ਵਿਚ ਪਹਿਲੀ ਜਨਵਰੀ 2021 ਨੂੰ ਪੰਜਾਬ ਦੇ 24 ਪੁਲਿਸ ਜ਼ਿਲ੍ਹਿਆਂ ਅਤੇ 3 ਪੁਲਿਸ ਕਮਿਸ਼ਨਰੇਟਾਂ ਵਿਚ 430 ਥਾਣੇ ਹਨ ਜਿਨ੍ਹਾਂ 'ਚੋਂ 254 ਪੇਂਡੂ ਖੇਤਰ ਵਿਚ, 128 ਸ਼ਹਿਰੀ ਖੇਤਰ ਵਿਚ ਅਤੇ 48 ਵਿਸ਼ੇਸ਼ ਕਾਰਜ ਖੇਤਰਾਂ ਲਈ ਪ੍ਰਵਾਨਤ ਹਨ।

ਇਸ ਤੋਂ ਇਲਾਵਾ 499 ਪੁਲਿਸ ਪੋਸਟਾਂ ਹਨ ਜਿਨ੍ਹਾਂ ਵਿੱਚੋਂ 232 ਪੇਂਡੂ ਖੇਤਰਾਂ ਵਿਚ, 103 ਸ਼ਹਿਰੀ ਖੇਤਰਾਂ ਅਤੇ 164 ਵਿਸ਼ੇਸ਼ ਕਾਰਜ ਖੇਤਰਾਂ ਲਈ ਪ੍ਰਵਾਨਤ ਹਨ। ਜੇਕਰ ਪੰਜਾਬ ਪੁਲਿਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਗੱਲ ਕੀਤੀ ਜਾਵੇ ਤਾਂ ਅੰਕੜਿਆਂ ਅਨੁਸਾਰ ਡੀਜੀਪੀ/ ਸਪੈਸ਼ਲ ਡੀਜੀਪੀ 11, ਵਧੀਕ ਡੀਜੀਪੀ 20, ਆਈਜੀ 35, ਡੀਆਈਜੀ 14, ਏਆਈਜੀ / ਐੱਸਐੱਸਪੀ/ ਐੱਸਪੀ ਕਮਾਂਡੈਂਟ 223, ਏਐੱਸਪੀ/ ਡੀਐੱਸਪੀ/ ਏਸੀਪੀ/ ਏਸੀ 590, ਇੰਸਪੈਕਟਰ 989, ਸਬ ਇੰਸਪੈਕਟਰ 2693 ਏਐੱਸਆਈ 4563, ਹੈੱਡ ਕਾਂਸਟੇਬਲ 10064, ਸਿਪਾਹੀ 50466 ਅਤੇ ਹੋਰ 1399, ਕੁੱਲ 71067 ਅਸਾਮੀਆਂ ਪਹਿਲੀ ਜਨਵਰੀ 2021 ਨੂੰ ਪ੍ਰਵਾਨਤ ਹਨ। ਜੇਕਰ ਪੁਲਿਸ ਲਈ ਬਜਟ ਦੀ ਗੱਲ ਕੀਤੀ ਜਾਵੇ ਤਾਂ ਸਾਲ 2018-19 ਵਿਚ 1,27,415.89 ਕਰੋੜ ਵਿੱਚੋਂ ਪੰਜਾਬ ਪੁਲਿਸ ਨੂੰ 5836.26 ਕਰੋੜ ਮਿਲਿਆ ਹੈ। ਇਸੇ ਤਰ੍ਹਾਂ ਸਾਲ 2019-20 ਦੇ ਕੁੱਲ ਬਜਟ 1,58,492.66 ਕਰੋੜ ਵਿੱਚੋਂ ਪੰਜਾਬ ਪੁਲਿਸ ਨੂੰ 6457.09 ਕਰੋੜ ਮਿਲਿਆ ਹੈ।

ਰਿਪੋਰਟ ਅਨੁਸਾਰ ਥਾਣਿਆਂ ਵਿਚ ਪੁਲਿਸ ਕਰਮੀਆਂ, ਫੰਡਾਂ, ਆਧੁਨਿਕ ਹਥਿਆਰਾਂ, ਬੁਨਿਆਦੀ ਸਹੂਲਤਾਂ, ਫਰਨੀਚਰ, ਸੀਸੀਟੀਵੀ ਮੋਟਰ ਗੱਡੀਆਂ, ਕੰਪਿਊਟਰ, ਪਖਾਨੇ, ਆਦਿ ਦੀ ਬਹੁਤ ਘਾਟ ਹੈ। ਥਾਣਿਆਂ ਦੀ ਮਹੱਤਤਾ ਦੇ ਮੱਦੇਨਜ਼ਰ ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਨੇ ਸਾਲ 2019 ਤੋਂ ਭਾਰਤ ਦੇ ਥਾਣਿਆਂ ਦਾ ਸਾਲਾਨਾ ਰੈਂਕਿੰਗ ਸਿਸਟਮ ਸ਼ੁਰੂ ਕੀਤਾ ਹੈ ਜਿਸ ਅਧੀਨ ਭਾਰਤ ਵਿਚ ਸਥਿਤ ਕੇਂਦਰੀ ਅਤੇ ਰਾਜ ਸਰਕਾਰਾਂ ਅਧੀਨ ਆਉਂਦੇ ਪੁਲਿਸ ਫੋਰਸਾਂ ਪਾਸੋਂ ਉੱਤਮ ਦਰਜੇ ਦੇ ਥਾਣਿਆਂ ਦੀ ਚੋਣ ਕਰਨ ਲਈ ਥਾਣਿਆਂ ਵਿਚ ਅਪਰਾਧਾਂ ਨੂੰ ਰੋਕਣ ਲਈ ਕੀਤੇ ਗਏ ਉਪਰਾਲਿਆਂ/ਪਹਿਲ-ਕਦਮੀਆਂ, ਅਦਾਲਤੀ ਹੁਕਮਾਂ ਦੀ ਸਮੇਂ ਸਿਰ ਪਾਲਣਾ, ਸ਼ਿਕਾਇਤਾਂ ਦਾ ਨਿਪਟਾਰਾ, ਕਾਨੂੰਨ-ਵਿਵਸਥਾ ਦੀ ਬਹਾਲੀ, ਸਮਾਜਿਕ ਕਾਰਕੁਨਾਂ ਨਾਲ ਤਾਲਮੇਲ, ਔਰਤਾਂ, ਬੱਚਿਆਂ, ਬਜ਼ੁਰਗਾਂ, ਕਮਜ਼ੋਰ ਵਰਗਾਂ ਦੇ ਲੋਕਾਂ ਵਿਰੁੱਧ ਅਪਰਾਧਾਂ ਨੂੰ ਰੋਕਣ ਦੇ ਉਪਰਾਲੇ, ਹਿੰਸਾ ਪੀੜਤਾਂ ਨੂੰ ਰਾਹਤ, ਕੁਦਰਤੀ ਬੁਨਿਆਦੀ ਢਾਂਚਾ, ਸੀਸੀਟੀਵੀ ਦਾ ਨਿਰਵਿਘਨ ਚੱਲਣਾ, ਪੁਲਿਸ ਕਰਮੀਆਂ ਤੇ ਆਮ ਲੋਕਾਂ ਲਈ ਸਹੂਲਤਾਂ, ਆਫ਼ਤ ਪੀੜਤ ਲੋਕਾਂ ਨੂੰ ਰਾਹਤ ਦੇਣ ਦੇ ਉਪਰਾਲੇ, ਸੜਕੀ ਆਵਾਜਾਈ ਸੁਰੱਖਿਆ, ਥਾਣਿਆਂ ਦੀਆਂ ਇਮਾਰਤਾਂ ਦਾ ਰੱਖ-ਰਖਾਅ ਅਤੇ ਸਫ਼ਾਈ ਦਾ ਪ੍ਰਬੰਧ, ਥਾਣਿਆਂ 'ਚ ਨਿਯੁਕਤ ਪੁਲਿਸ ਅਮਲੇ ਦਾ ਲੋਕਾਂ ਨਾਲ ਵਤੀਰਾ ਤੇ ਪੁਲਿਸ ਬਾਰੇ ਸਮਾਜਿਕ ਕਾਰਕੁਨਾਂ ਅਤੇ ਆਮ ਲੋਕਾਂ ਦੇ ਸੁਝਾਆਂ ਨੂੰ ਧਿਆਨ ਵਿਚ ਰੱਖ ਕੇ ਰਾਜ ਸਰਕਾਰਾਂ ਵੱਲੋਂ ਆਪਣੇ ਰਾਜ ਦੇ ਤਿੰਨ ਸਭ ਤੋਂ ਚੰਗੇ ਥਾਣਿਆਂ ਦੀ ਸਿਫ਼ਾਰਸ਼ ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਨੂੰ ਹਰੇਕ ਸਾਲ ਭੇਜੀ ਜਾਂਦੀ ਹੈ।

ਇਸ ਦੇ ਆਧਾਰ 'ਤੇ ਭਾਰਤ ਸਰਕਾਰ ਵੱਲੋਂ ਸਭ ਤੋਂ ਚੰਗੇ 10 ਪੁਲਿਸ ਸਟੇਸ਼ਨਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਸਿਸਟਮ ਦਾ ਮੁੱਖ ਮੰਤਵ ਹੈ ਥਾਣਿਆਂ ਦੀ ਚੰਗੀ ਕਾਰਗੁਜ਼ਾਰੀ, ਸੰਵੇਦਨਸ਼ੀਲਤਾ ਨੂੰ ਵਧਾਉਣਾ ਅਤੇ ਪਬਲਿਕ-ਪੁਲਿਸ ਮਿਲਵਰਤਨ ਨੂੰ ਉਤਸ਼ਾਹਤ ਕਰਨਾ। ਇਸ ਪ੍ਰਾਜੈਕਟ ਅਧੀਨ ਪੁਲਿਸ ਜ਼ਿਲ੍ਹਾ ਸੰਗਰੂਰ ਦੇ ਥਾਣਾ ਸੁਨਾਮ ਨੂੰ ਸਾਲ 2019, ਛਾਜਲੀ ਨੂੰ ਸਾਲ 2021 ਅਤੇ ਮੂਨਕ ਨੂੰ ਸਾਲ 2022 ਲਈ ਭਾਰਤ ਦੇ 10 ਸਭ ਤੋਂ ਉੱਤਮ ਥਾਣਿਆਂ ਦੀ ਸੂਚੀ ਵਿਚ ਦਰਜ ਕੀਤਾ ਗਿਆ ਹੈ ਜੋ ਪੰਜਾਬ ਪੁਲਿਸ ਲਈ ਮਾਣ ਵਾਲੀ ਅਤੇ ਪੰਜਾਬ ਦੇ ਸਾਰੇ ਥਾਣਿਆਂ ਦੇ ਮੁਖੀਆਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਲਈ ਪ੍ਰੇਰਨਾ ਸਰੋਤ ਹੈ।

ਥਾਣੇ ਜੋ ਪੰਜਾਬ ਪੁਲਿਸ ਦੀ ਮੁੱਢਲੀ ਇਕਾਈ ਹਨ, ਉਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੀ ਪਹੁੰਚ ਵਿਚ ਰੱਖਣ ਦੀ ਬੇਹੱਦ ਜ਼ਰੂਰਤ ਹੈ। ਇਕ ਸਮਾਂ ਸੀ ਜਦੋਂ ਪੂਰੇ ਸ਼ਹਿਰ ਲਈ ਇਕ ਹੀ 'ਸਿਟੀ ਇੰਸਪੈਕਟਰ', ਇਕ ਡੀਐੱਸਪੀ ਅਤੇ ਇਕ ਐੱਸਪੀ ਹੋਇਆ ਕਰਦਾ ਸੀ। ਅਪਰਾਧ ਵਧਣ ਕਾਰਨ ਪੁਲਿਸ ਦੀ ਨਫ਼ਰੀ ਵਧਾਉਣਾ ਸਮੇਂ ਦੀ ਲੋੜ ਸੀ। ਅੱਜ ਪੰਜਾਬ ਵਿਚ ਡੀਜੀਪੀ ਰੈਂਕ ਦੇ ਹੀ ਕਈ ਅਧਿਕਾਰੀ ਹਨ। ਖ਼ੈਰ, 'ਵੀਆਈਪੀ ਕਲਚਰ' ਕਾਰਨ ਕਈ ਨਾਮ-ਧਰੀਕ ਸਿਆਸਤਦਾਨਾਂ ਨੂੰ ਸਕਿਊਰਿਟੀ ਦਿੱਤੀ ਗਈ ਹੈ। ਕਈਆਂ ਨੇ ਤਾਂ ਚਾਰ-ਚਾਰ, ਪੰਜ-ਪੰਜ ਗੰਨਮੈਨ ਰੱਖੇ ਹੋਏ ਹਨ। ਅਜਿਹੇ ਰੁਝਾਨ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਵਧੇਰੇ ਗਿਣਤੀ ਵਿਚ ਪੁਲਿਸ ਕਰਮਚਾਰੀ ਥਾਣਿਆਂ ਵਿਚ ਤਾਇਨਾਤ ਹੋਣਗੇ ਤੇ ਅਪਰਾਧਾਂ ਨੂੰ ਠੱਲ੍ਹ ਪਵੇਗੀ।



# ਅਸਲੇ ਵਾਲਾ ਅਮਰੀਕਾ ਖ਼ੁਦ ਵੀ ਭੁਗਤ ਰਿਹਾ ਹੈ ਨਤੀਜੇ, ਬੱਚਿਆਂ ਪ੍ਰਤੀ ਮਾਪੇ ਸਮਝਣ ਜ਼ਿੰਮੇਵਾਰੀ

ਅਮਰੀਕੀ ਸੂਬੇ ਟੇਨੈਸੀ ਦੇ ਸ਼ਹਿਰ ਨੈਸ਼ਵਿਲੇ ਵਿਖੇ ਇਕ ਸਕੂਲ 'ਚ ਗੋਲ਼ੀਬਾਰੀ ਦੌਰਾਨ ਤਿੰਨ ਬੱਚਿਆਂ ਸਮੇਤ ਛੇ ਵਿਅਕਤੀ ਮਾਰੇ ਗਏ ਹਨ। ਇੰਜ ਹੀ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ 'ਚ ਇਕ ਨਗਰ ਕੀਰਤਨ ਦੌਰਾਨ ਗੁਰਦੁਆਰਾ ਸਾਹਿਬ 'ਚ ਗੋਲ਼ੀ ਚੱਲਣ ਕਾਰਣ ਦੋ ਜਣੇ ਜ਼ਖ਼ਮੀ ਹੋ ਗਏ। ਅਮਰੀਕਾ 'ਚ ਗੋਲ਼ੀਬਾਰੀ ਦੀਆਂ ਘਟਨਾਵਾਂ ਦਾ ਵਾਪਰਨਾ ਆਮ ਗੱਲ ਹੈ। ਉੱਥੇ ਕਿਸੇ ਨੂੰ ਅਜਿਹੀਆਂ ਵਾਰਦਾਤਾਂ 'ਤੇ ਹੈਰਾਨੀ ਵੀ ਨਹੀਂ ਹੁੰਦੀ ਕਿਉਂਕਿ ਉੱਥੇ 18 ਸਾਲ ਤੇ ਉਸ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਹਥਿਆਰ ਤੇ ਗੋਲ਼ੀ-ਸਿੱਕਾ ਖ਼ਰੀਦ ਸਕਦਾ ਹੈ। ਕਿਸੇ ਨੂੰ ਤੋਹਫ਼ਾ ਦੇਣ ਲਈ ਵੀ ਕੋਈ ਹਥਿਆਰ ਸਹਿਜੇ ਹੀ ਖ਼ਰੀਦਿਆ ਜਾ ਸਕਦਾ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਪਿੱਛੇ ਜਿਹੇ ਜਿਹੜੇ ਬਿੱਲ 'ਤੇ ਹਸਤਾਖ਼ਰ ਕੀਤੇ ਸਨ, ਉਸ ਰਾਹੀਂ ਸਿਰਫ਼ ਹਥਿਆਰ ਵੇਚਣ ਵਾਲਿਆਂ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਖ਼ਰੀਦਦਾਰ ਦਾ ਪਿਛੋਕੜ ਜਾਣ ਕੇ ਹੀ ਕੋਈ ਅਸਲਾ ਵੇਚਣ। ਇਹ ਇਸ ਮਾਮਲੇ 'ਚ ਸਿਰਫ਼ ਇਕ ਨਿਗੂਣੀ ਸੋਧ ਹੈ। ਦਰਅਸਲ, ਅਮਰੀਕਾ ਦਾ ਹਥਿਆਰ ਮਾਫ਼ੀਆ ਇੰਨਾ ਜ਼ਿਆਦਾ ਮਜ਼ਬੂਤ ਹੈ ਕਿ ਹਾਲੇ ਤਕ ਉੱਥੇ ਕੋਈ ਵੀ ਸਿਆਸੀ ਪਾਰਟੀ ਹਥਿਆਰਾਂ ਦੀ ਖੁੱਲ੍ਹੀ ਵਿਕਰੀ 'ਤੇ ਰੋਕ ਨਹੀਂ ਲਾ ਸਕੀ। ਹਥਿਆਰ ਕੰਪਨੀਆਂ ਅੰਦਰਖਾਤੇ ਬਹੁਤ ਜ਼ਿਆਦਾ ਫੰਡ ਸਿਆਸੀ ਪਾਰਟੀਆਂ ਨੂੰ ਦਿੰਦੀਆਂ ਹਨ ਜਿਸ ਕਾਰਨ ਉਨ੍ਹਾਂ ਦੀ ਹਿੰਮਤ ਨਹੀਂ ਪੈਂਦੀ ਕਿ ਉਹ ਉਨ੍ਹਾਂ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਲਾਉਣ। ਇਹ ਦੋਸ਼ ਵੀ ਲੱਗਦੇ ਰਹੇ ਹਨ ਕਿ ਹਥਿਆਰ ਮਾਫ਼ੀਆ ਦੀ ਮਦਦ ਲਈ ਹੀ ਅਮਰੀਕਾ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਜਾਣਬੁੱਝ ਕੇ ਗੜਬੜੀ ਫੈਲਾਉਂਦਾ ਹੈ ਤਾਂ ਜੋ ਉਨ੍ਹਾਂ ਖ਼ਿੱਤਿਆਂ 'ਚ ਅਸਲੇ ਦੀ ਖਪਤ ਹੋਵੇ। ਉਸ ਦੇਸ਼ 'ਚ ਹਰੇਕ 100 ਵਿਅਕਤੀਆਂ ਕੋਲ ਔਸਤਨ 88 ਹਥਿਆਰ ਮੌਜੂਦ ਹਨ। ਇਹ ਅੰਕੜੇ ਸਾਲ 2011 ਦੇ ਇਕ ਸਰਵੇਖਣ ਦੇ ਹਨ। ਉਪਲਬਧ ਅੰਕੜਿਆਂ ਮੁਤਾਬਕ ਸਮੁੱਚੇ ਦੇਸ਼ 'ਚ 1.15 ਕੁ ਲੱਖ ਵਿਅਕਤੀ ਹਰ ਸਾਲ ਗੋਲ਼ੀਆਂ ਦੇ ਸ਼ਿਕਾਰ ਹੁੰਦੇ ਹਨ। ਅਜਿਹੀਆਂ ਵਾਰਦਾਤਾਂ 'ਚ ਕਤਲ, ਹਮਲੇ, ਅਚਾਨਕ ਚੱਲੀਆਂ ਗੋਲ਼ੀਆਂ, ਪੁਲਿਸ ਵੱਲੋਂ ਕੀਤੀ ਗੋਲ਼ੀਆਂ ਦੀ ਵਰਤੋਂ, ਖ਼ੁਦਕੁਸ਼ੀਆਂ ਜਾਂ ਅਜਿਹੀਆਂ ਕੋਸ਼ਿਸ਼ਾਂ ਸ਼ਾਮਲ ਹਨ। ਕਾਨੂੰਨ ਤੋਂ ਭਗੌੜੇ ਜਾਂ ਸਮਾਜ ਲਈ ਖ਼ਤਰਾ ਸਮਝੇ ਜਾਂਦੇ ਵਿਅਕਤੀ ਅਮਰੀਕਾ 'ਚ ਹਥਿਆਰ ਨਹੀਂ ਖ਼ਰੀਦ ਸਕਦੇ। ਇਨ੍ਹਾਂ ਤੋਂ ਇਲਾਵਾ ਅਮਰੀਕੀ ਨਾਗਰਿਕਤਾ ਤਿਆਗ ਚੁੱਕੇ, ਫ਼ੌਜ 'ਚੋਂ ਅਪਮਾਨਿਤ ਕਰ ਕੇ ਕੱਢੇ ਗਏ, ਅਣ-ਅਧਿਕਾਰਤ ਪਰਵਾਸੀ ਅਤੇ ਅਸਥਾਈ ਤੌਰ 'ਤੇ ਅਮਰੀਕਾ 'ਚ ਘੁੰਮਣ ਜਾਂ ਕਾਰੋਬਾਰ ਲਈ ਪੁੱਜੇ ਲੋਕ ਵੀ ਅਸਲਾ ਨਹੀਂ ਖ਼ਰੀਦ ਸਕਦੇ। ਹਥਿਆਰਾਂ ਦੇ ਅਜਿਹੇ ਸੱਭਿਆਚਾਰ ਦਾ ਅਸਰ ਹੁਣ ਸਮੁੱਚੀ ਦੁਨੀਆ 'ਤੇ ਪੈ ਰਿਹਾ ਹੈ। ਪੰਜਾਬ 'ਚ ਗੈਂਗਸਟਰ ਕਿਤੇ ਵੀ ਜਦੋਂ ਮਰਜ਼ੀ ਗੋਲ਼ੀਆਂ ਚਲਾ ਦਿੰਦੇ ਹਨ। ਕਾਫ਼ੀ ਨੌਜਵਾਨ ਗੈਂਗਵਾਰ ਦੀ ਭੇਟ ਚੜ੍ਹ ਚੁੱਕੇ ਹਨ। ਬਹੁਤ ਸਾਰੇ ਬੇਰੁਜ਼ਗਾਰ ਨੌਜਵਾਨ ਸਮਾਜ-ਵਿਰੋਧੀ ਅਨਸਰਾਂ ਦੇ ਢਹੇ ਚੜ੍ਹ ਜਾਂਦੇ ਹਨ। ਸਰਕਾਰਾਂ ਨੂੰ ਅਜਿਹੀਆਂ ਨੀਤੀਆਂ ਉਲੀਕਣੀਆਂ ਚਾਹੀਦੀਆਂ ਹਨ ਕਿ ਕੋਈ ਵੀ ਵਿਅਕਤੀ ਰੁਜ਼ਗਾਰ-ਵਿਹੂਣਾ ਨਾ ਰਹੇ। ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਹਥਿਆਰਾਂ ਵਿਰੁੱਧ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਮਾਪਿਆਂ ਤੇ ਅਧਿਆਪਕਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਤੇ ਬੱਚਿਆਂ ਨੂੰ ਨੈਤਿਕ ਸਿੱਖਿਆ ਰਾਹੀਂ ਹਥਿਆਰਾਂ ਦੀ ਵਰਤੋਂ ਕਰਨ ਤੋਂ ਨਿਰੰਤਰ ਵਰਜਦੇ ਰਹਿਣਾ ਚਾਹੀਦਾ ਹੈ। ਇੰਟਰਨੈੱਟ 'ਤੇ ਉਹ ਕੀ ਵੇਖਦੇ ਹਨ, ਉਹ ਵੀ ਵੱਡਿਆਂ ਦੇ ਧਿਆਨ ਗੋਚਰੇ ਰਹਿਣਾ ਚਾਹੀਦਾ ਹੈ। ਜੇ ਹੁਣ ਅਜਿਹਾ ਨਾ ਕੀਤਾ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮਾਫ਼ ਨਹੀਂ ਕਰ ਸਕਣਗੀਆਂ।

## ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ

# ਬਰਾਡਸ਼ਾਅ ਸੈਕਰਾਮੈਂਟ ਵਿਖੇ ਹੋਲੇ ਮਹੱਲੇ ਦੇ ਪਹਿਲੇ ਨਗਰ ਕੀਰਤਨ 'ਤੇ ਸੰਗਤਾਂ ਠਾਠਾਂ ਮਾਰਦਾ ਇਕੱਠ













ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਸਿੱਖ ਸੋਸਾਇਟੀ ਵਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਅੱਜ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵਿਚ ਕਰੀਬ ਦੋ ਹਫਤਿਆਂ ਤੋਂ ਪੰਜਾਬ 'ਚੋਂ ਆਏ ਅਲੱਗ ਅਲੱਗ ਕੀਰਤਨ ਤੇ ਕਥਾਵਾਚਕ ਜੱਥਿਆ ਨੇ ਜਿਨ੍ਹਾਂ ਵਿਚ ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ ਹੋਰਾਂ ਨੇ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ।

ਇਸ ਦੌਰਾਨ ਸ਼ੁੱਕਰਵਾਰ ਨੂੰ ਨਗਰ ਕੀਰਤਨ ਤੋਂ ਪਹਿਲਾਂ ਭਾਰੀ ਅਸਤਵਾਜ਼ੀ ਹੋਈ ਅਤੇ ਨਿਸ਼ਾਨ ਸਾਹਿਬ ਦੇ ਝੋਲਾ ਸਾਹਿਬ ਬਦਲੇ ਗਏ ਅਤੇ ਸ਼ਾਮ ਦੇ ਕੀਰਤਨ ਦਰਬਾਰ ਹੋਏ। ਸ਼ਨੀਵਾਰ ਨੂੰ ਸਵੇਰੇ ਅੰਮ੍ਰਿਤ ਸੰਚਾਰ ਕੀਤਾ ਗਿਆ, ਜਿਸ ਵਿਚ ਸੈਂਕੜੇ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਸ਼ਾਮ ਦੇ ਦੀਵਾਨ ਵਿਚ ਵੱਖ-ਵੱਖ ਸਿੱਖ ਆਗੂਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਪੰਜਾਬ ਦੀ ਮੌਜੂਦਾ ਸਥਿਤੀ ਪ੍ਰਤੀ ਚਿੰਤਾ ਜ਼ਾਹਰ ਕੀਤੀ ਤੇ ਇਸ ਸਥਿਤੀ ਲਈ ਸਥਾਨਕ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਇਹ ਅਪੀਲਾਂ ਵੀ ਕੀਤੀਆਂ ਕਿ ਸਿੱਖ ਨੌਜਵਾਨਾਂ ਦੀ ਫੜਾ ਫੜਾਈ ਬੰਦ ਹੋਵੇ ਅਤੇ ਫੜੇ ਗਏ ਨੌਜਵਾਨਾਂ ਨੂੰ ਸਰਕਾਰ ਰਿਹਾ ਕਰੇ। ਕੁੱਝ ਬੁਲਾਰਿਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਭਾਈ ਅਮ੍ਰਿੰਤਪਾਲ ਸਿੰਘ ਬਾਰੇ ਪੰਜਾਬ ਤੇ ਕੇਂਦਰ ਸਰਕਾਰ ਡਰਾਮਾ ਕਰ ਰਹੀ ਹੈ ਅਸਲ ਵਿਚ ਭਾਈ ਅਮ੍ਰਿੰਤਪਾਲ ਸਿੰਘ ਪੁਲਿਸ ਹਿਰਾਸਤ ਵਿਚ ਹੈ। ਉਹਨਾਂ ਨੇ ਭਗਵੰਤ ਮਾਨ ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਤੇ ਹਿਰਾਸਤ ਵਿੱਚ ਲਏ ਸਿੱਖ ਨੌਜਵਾਨਾਂ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਸਰਕਾਰਾਂ ਨੂੰ ਸਿੱਟੇ ਭੁਗਤਨੇ ਪੈਣਗੇ। ਸਾਰੇ ਬੁਲਾਰਿਆਂ ਨੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੇ ਪ੍ਰਬੰਧਕਾਂ ਨੂੰ ਇਸ ਪਹਿਲੇ ਨਗਰ ਕੀਰਤਨ ਆਯੋਜਨ ਕਰਨ 'ਤੇ ਵਧਾਈਆਂ ਵੀ ਪੇਸ਼ ਕੀਤੀਆਂ। ਇਨ੍ਹਾਂ ਬੁਲਾਰਿਆਂ ਵਿਚ ਅਮਰੀਕਨ ਅਧਿਕਾਰੀਆਂ ਤੋਂ ਇਲਾਵਾ ਸਿੱਖ ਆਗੂਆਂ ਵਿਚੋਂ ਮੁੱਖ ਤੌਰ 'ਤੇ ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੋਆਡੀਨੇਟਰ ਡਾ.ਪ੍ਰਿਤਪਾਲ ਸਿੰਘ ਅਤੇ ਪ੍ਰਧਾਨ ਭਾਈ ਸੰਤ ਸਿੰਘ ਹੋਠੀ, ਅਜੂਬਾ ਸਿਟੀ ਤੋਂ ਗੁਰਨਾਮ ਸਿੰਘ ਪੰਮਾ ਅਤੇ ਮੁਖਤਿਆਰ ਚੀਮਾ ਤੋਂ ਇਲਾਵਾ ਯੂਨਾਇਟਡਨੇਸ਼ਨ ਵਿਚ ਸਿੱਖਾਂ ਬਾਰੇ ਗੱਲ ਰੱਖਣ ਵਾਲੇ ਹੋਰ ਕਈ ਸਿੱਖ ਆਗੂਆਂ ਨੇ ਆਪੋ ਆਪਣੇ ਵਿਚਾਰ ਰੱਖੇ।

ਨਗਰ ਕੀਰਤਨ ਵਾਲੇ ਦਿਨ ਰਾਗੀ ਤੇ ਕਥਾਕਾਰਾਂ ਵਲੋਂ ਮਨੋਹਰ ਕੀਰਤਨ ਕੀਤਾ ਗਿਆ। ਇਸ ਦੌਰਾਨ ਭਾਰੀ ਸੰਗਤਾਂ ਨੇ ਸਵੇਰ ਦੇ ਦੀਵਾਨ ਵਿਚ ਹਾਜ਼ਰੀ ਲਗਾਈ। ਇਸ ਤੋਂ ਬਾਅਦ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਸੁੰਦਰ ਫਲੋਟ ਵਿਚ ਸਜਾਇਆ ਗਿਆ। ਨਗਰ ਕੀਰਤਨ ਵਿਚ ਕਰੀਬ 12 ਹਜ਼ਾਰ ਤੋਂ ਉਪਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਵੱਖ-ਵੱਖ ਹੋਰ









## ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ

# ਬਰਾਡਸ਼ਾਅ ਸੈਕਰਾਮੈਂਟ ਵਿਖੇ ਹੋਲੇ ਮਹੱਲੇ ਦੇ ਪਹਿਲੇ ਨਗਰ ਕੀਰਤਨ 'ਤੇ ਸੰਗਤਾਂ ਠਾਠਾਂ ਮਾਰਦਾ ਇਕੱਠ














ਫਲੋਟ ਵੀ ਨਗਰ ਕੀਰਤਨ ਵਿਚ ਸ਼ਾਮਲ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁਲਿਸ ਸਕਿਊਰਟੀ ਅਤੇ ਪ੍ਰਾਈਵੇਟ ਸਕਿਊਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ।

ਨਗਰ ਕੀਰਤਨ ਦੌਰਾਨ ਸ਼ਰਾਰਤੀ ਅਨਸਰ ਵਲੋਂ ਖਲਲ: ਭਾਵੇਂ ਗੁਰਦਵਾਰਾ ਪ੍ਰਬੰਧਕਾਂ ਵੱਲੋਂ ਸਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਪਰ ਫੇਰ ਵੀ ਬਾਹਰੋਂ ਆਏ ਸ਼ਰਾਰਤੀ ਅਨਸਰਾਂ ਵਲੋਂ ਪੁਰ ਸਕੂਨ ਚਲ ਰਹੇ ਧਾਰਮਿਕ ਸਮਾਗਮ ਵਿੱਚ ਖਲਲ ਪਾਇਆ ਗਿਆ। ਇਹ ਮੰਦਭਾਗਾ ਹੈ ਕਿ ਕੁਝ ਕੁ ਗੁੰਮਰਾਹ ਲੋਕਾਂ ਨੇ ਧਾਰਮਿਕ ਸਮਾਗਮ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ। ਮਿਲੀ ਜਾਣਕਾਰੀ ਅਨੁਸਾਰ ਇਹ ਝਗੜਾ ਬਾਹਰੋਂ ਆਏ ਦੋ ਧੜਿਆ ਵਿਚਕਾਰ ਹੋਇਆ ਤੇ ਇਸ ਦੌਰਾਨ ਗੋਲ਼ੀ ਚੱਲਣ ਨਾਲ ਦੋ ਵਿਅਕਤੀ ਜ਼ਖਮੀ ਹੋਏ। ਪਤਾ ਲੱਗਾ ਹੈ ਕਿ ਇਹ ਗੋਲਾਬਾਰੀ ਵਿਚ ਇੰਦਰਰਾਜ ਸਿੰਘ ਉਰਫ਼ ਫ਼ੌਜੀ ਤੇ ਤਨਵੀਰ ਸਿੰਘ ਉਰਫ਼ ਤਰਨੀ ਜ਼ਖਮੀ ਹੋ ਗਏ। ਇਸ ਮੌਕੇ ਇੰਦਰਰਾਜ ਸਿੰਘ ਫ਼ੌਜੀ ਦੇ ਗਲੇ ਵਿਚ ਗੋਲੀ ਲੱਗੀ ਜਦੋਂਕਿ ਤਨਵੀਰ ਸਿੰਘ ਤਰਨੀ ਦੇ ਲੱਕ ਵਿਚ ਗੋਲੀ ਵੱਜੀ ਦੱਸੀ ਜਾਂਦੀ ਹੈ। ਗੰਭੀਰ ਜ਼ਖਮੀ ਹੋਇਆ ਇੰਦਰਾਜ ਫੌਜੀ ਕੋਲੋਂ ਪਹਿਲਾ ਵੀ ਅਸਲਾ ਬਰਾਮਦ ਹੋ ਚੁੱਕਾ ਹੈ ਤੇ ਉਸਦੇ ਪਹਿਲਾਂ ਹੀ ਲੱਤ ਵਿਚ ਕੜਾ ਪਾਇਆ ਹੋਇਆ ਸੀ ਭਾਵ ਉਹ ਪਹਿਲਾਂ ਹੀ ਆਪਣਾ ਏਰੀਆ ਛੱਡ ਕੇ ਦੂਜੀ ਜਗ੍ਹਾ ਨਹੀਂ ਜਾ ਸਕਦਾ ਸੀ ਪਰ ਪਤਾ ਲੱਗਾ ਉਹ ਝਗੜੇ ਤੋਂ ਸਿਰਫ 10 ਮਿੰਟ ਪਹਿਲਾ ਹੀ ਗੁਰਦਵਾਰਾ ਸਾਹਿਬ ਵਿਚ ਆਇਆ ਸੀ। ਜਾਣਕਾਰੀ ਅਨੁਸਾਰ ਦੋਨੋਂ ਧਿਰਾਂ ਦੇ ਆਪਸ ਵਿਚ ਬਹਿਸ ਹੋਈ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਗੱਡੀਆਂ ਵਿਚੋਂ ਗੰਨਾਂ ਲਿਆਦੀਆਂ। ਮਿਲੇ ਸਬੂਤਾਂ ਤੋਂ ਇਸ ਮੌਕੇ ਚਾਰ ਗੋਲੀਆਂ ਦੇ ਖੋਲ ਮਿਲੇ ਜੋ ਫ਼ਰੰਜੀਵਲ (fmj) ਦੇ ਫਾਇਅਰ ਸਨ। ਇਹ ਵੀ ਜਣਕਾਰੀ ਮਿਲੀ ਹੈ ਜਿਨ੍ਹਾਂ ਨੇ ਉਥੇ ਗੋਲਾਬਾਰੀ ਕੀਤੀ ਉਨ੍ਹਾਂ ਵਿਚੋਂ ਦੋ ਤੋਂ ਵੱਧ ਮੁਜ਼ਰਮ ਫਰਾਰ ਹਨ ਭਾਵੇਂ ਕਿ ਪੁਲਿਸ ਨੇ ਸ਼ੱਕੀ ਮੁੰਡਿਆਂ ਨੂੰ ਫੜ ਲਿਆ ਸੀ ਉਹਨਾਂ ਵਿਚੋਂ ਇਕ ਲੜਕਾ (ਨਾਮ ਨਸ਼ਰ ਨਹੀਂ ਕਰ ਰਹੇ ਨਾਮ ਗੁਪਤ ਹੈ) ਜੋ ਮਹਿਜ਼ 15 ਸਾਲ ਦਾ ਹੈ ਫੜਿਆ ਗਿਆ। ਉਸ ਤੋਂ ਇਲਾਵਾ ਚਾਰ ਹੋਰ ਲੜਕਿਆਂ ਨੂੰ ਫੜਿਆ ਤੇ ਤਫ਼ਤੀਸ਼ ਕਰਨ ਤੋਂ ਬਾਅਦ ਛੱਡ ਦਿੱਤਾ। ਘਟਨਾ ਵਾਲੀ ਥਾਂ ਉਤੇ ਕਾਫ਼ੀ ਖ਼ੂਨ ਡੁਲਿਆ ਹੋਇਆ ਸੀ ਅਤੇ ਬਹੁਤ ਸਾਰਾ ਸਮਾਨ ਤੇ ਜੁੱਤੀਆਂ ਖਿੱਲਰੀਆਂ ਪਈਆਂ ਸਨ ਜੋ ਕਿ ਪੁਲਿਸ ਤਫਤੀਸ਼ ਤੋਂ ਬਾਅਦ ਪ੍ਰਬੰਧਕਾਂ ਵਲੋਂ ਸਾਫ਼ ਕੀਤਾ ਗਿਆ। ਇਸ ਘਟਨਾ ਦੀ ਸੋਸ਼ਲ ਮੀਡੀਆ ਉਤੇ ਵਿਸ਼ਵ ਵਿਆਪੀ ਨਿੰਦਾ ਕੀਤੀ ਗਈ ਹੈ ਕਿਉਂਕਿ ਕੁਝ ਕੁ ਸ਼ਰਾਰਤੀ ਅਨਸਰਾਂ ਵਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਪੂਰੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਸਥਾਨਕ ਅੰਗਰੇਜ਼ੀ ਮੀਡੀਆ ਨੇ ਵੀ ਇਸ ਘਟਨਾ ਨੂੰ ਨਗਰ ਕੀਰਤਨ ਤੋਂ ਅਲੱਗ ਦੱਸਿਆ। ਇਸ ਘਟਨਾ ਤੋਂ ਬਾਅਦ ਪੁਲਿਸ ਵਲੋਂ ਗੁਰਦਵਾਰਾ ਸਾਹਿਬ ਦੀ ਹਦੂਦ ਨੂੰ ਕੁਝ ਘੰਟਿਆਂ ਲਈ ਬੰਦ ਕਰ ਦਿੱਤਾ ਗਿਆ ਤੇ ਪੁਲਿਸ ਵੱਲੋਂ ਸੰਗਤ ਨੂੰ ਹੈਲੀਕਾਪਟਰ ਤੋਂ ਅਨਾਊਂਸ ਕਰ ਕੇ ਘਰੇ ਜਾਣ ਲਈ ਕਿਹਾ ਪਰ ਕੁਝ ਸਮੇਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਮੁੜ ਗੁਰੂ ਘਰ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਗਈ। ਬਿਨਾਂ ਸ਼ੱਕ ਇਸ ਘਟਨਾ ਤੋਂ ਬਾਅਦ ਸਾਰੀ ਸੰਗਤ ਅਤੇ ਪ੍ਰਬੰਧਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਗਦੇ ਦੇਖੇ ਗਏ ਜਿਨ੍ਹਾਂ ਨੇ ਹਰ ਦੇਖਣ ਵਾਲੇ ਦੇ ਸੀਨੇ ਨੂੰ ਪਸੀਜ਼ ਕੇ ਰੱਖ ਦਿੱਤਾ।





## ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ

# ਬਰਾਡਸ਼ਾਅ ਸੈਕਰਾਮੈਂਟ ਵਿਖੇ ਹੋਲੇ ਮਹੱਲੇ ਦੇ ਪਹਿਲੇ ਨਗਰ ਕੀਰਤਨ 'ਤੇ ਸੰਗਤਾਂ ਠਾਠਾਂ ਮਾਰਦਾ ਇਕੱਠ











## ਗੁਰਦੁਆਰਾ ਸਾਹਿਬ ਬਰਾਡਸ਼ਾਅ ਦੇ ਪਹਿਲੇ ਨਗਰ ਕੀਰਤਨ 'ਤੇ ਲੱਗੇ ਪੰਜਾਬੀ ਸੁੰਦਰ ਬਾਜ਼ਾਰ ਦੀਆਂ ਰੌਣਕਾਂ








ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ ਵਿਖੇ ਜਿਥੇ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਉਥੇ ਜਿਥੇ ਵੱਖ-ਵੱਖ ਗੁਰੂ ਕੇ ਲੰਗਰ ਹੋਏ ਸਨ, ਉਥੇ ਖਰੀਦੋ-ਫਰੋਖਤ ਲਈ ਆਲੀਸ਼ਾਨ ਬਾਜ਼ਾਰਾਂ 'ਚ ਕਾਫ਼ੀ ਪੀੜ ਸੀ। ਸੰਗਤਾਂ ਵੱਖ-ਵੱਖ ਮਨਪਸੰਦ ਸਮਾਨ ਖਰੀਦ ਰਹੀਆਂ ਸਨ। ਇਸ ਸਮੇਂ ਜਿਥੇ ਸਿੰਘ ਐਕੂਪ੍ਰੈਸ਼ਰ ਤੋਂ ਸਪੈਸ਼ਲਿਸਟ ਸ੍ਰ. ਭੁਪਿੰਦਰ ਸਿੰਘ ਸੰਗਤਾਂ ਦਾ ਮੁਫ਼ਤ ਇਲਾਜ ਕਰਕੇ ਸੇਵਾ ਕਰ ਰਹੇ ਸਨ, ਉਥੇ ਕਾਹਲੋਂ ਐਲੀਗੈਂਟ ਸਟਾਈਲ ਬੂਟੀਕ ਦੇ ਮਾਲਕ ਸ੍ਰ. ਰਵਿੰਦਰ ਸਿੰਘ ਕਾਹਲੋਂ ਟੀਮ ਸਮੇਤ ਸੇਵਾ ਕਰ ਰਹੇ ਸਨ, ਉਥੇ ਲੋਕ ਕੁੜਤੇ ਪਜਾਮੇ ਸੂਟ ਆਰਟੀਫਿਸ਼ਲ ਗਹਿਣੇ ਅਤੇ ਹੋਰ ਸਮਾਨ ਖਰੀਦ ਰਹੇ ਸਨ ਅਤੇ ਉਨ੍ਹਾਂ ਦੇ ਨਾਲ ਹੀ ਗੁਰੂ ਫਾਰਮ ਵਾਲੇ ਸਿਹਤਮੰਤ ਆਰਗੈਨਿਕ ਸਮਾਨ ਵੇਚ ਰਹੇ ਸਨ। ਉਨ੍ਹਾਂ ਦੱਸਿਆ ਕਿ ਅਸੀਂ ਦੂਜੀ ਵਾਰ ਸਟਾਲ ਲਗਾ ਰਹੇ ਹਾਂ ਪਹਿਲਾ ਯੂਬਾ ਸਿਟੀ ਅਤੇ ਹੁਣ ਸੈਕਰਾਮੈਂਟੋ ਸਾਡੀ ਕੋਸ਼ਿਸ਼ ਹੈ ਕਿ ਲੋਕ ਵਧੀਆ ਖਾਣ ਤੇ ਚੰਗਾ ਜੀਵਨ ਜਿਉਣ ਇਸੇ ਤਰ੍ਹਾਂ ਵੱਖ-ਵੱਖ ਵੱਡੇ ਬਾਜ਼ਾਰ ਨਗਰ ਕੀਰਤਨ ਦੀ ਹੋਰ ਰੌਣਕ ਵਧਾ ਰਹੇ ਸਨ।

### ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ

# ਬਰਾਡਸ਼ਾਅ ਸੈਕਰਾਮੈਂਟ ਵਿਖੇ ਹੋਲੇ ਮਹੱਲੇ ਦੇ ਪਹਿਲੇ ਨਗਰ ਕੀਰਤਨ 'ਤੇ ਸੰਗਤਾਂ ਠਾਠਾਂ ਮਾਰਦਾ ਇਕੱਠ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਨਗਰ ਕੀਰਤਨ ਵਿਖੇ ਗੁਰੂ ਨਾਨਕ ਦੇ ਘਰ ਦੇ ਲੰਗਰਾਂ ਦੀ

ਗੁਰਦੁਆਰਾ ਸਾਹਿਬ ਬਰਾਡਸ਼ਾਅ ਦੀ ਨਵੀਂ ਬਣੀ ਆਲੀਸ਼ਾਨ ਇਮਾਰਤ ਅਤੇ ਹੋਲਾ ਮਹੱਲਾ ਦੇ ਪਹਿਲੇ ਨਗਰ ਕੀਰਤਨ ਸਮੇਂ ਪਵਿੱਤਰ ਹੋਲੇ ਮਹੱਲੇ ਦੇ ਦਿਹਾੜੇ ਨੂੰ ਨੂੰ ਸਮਰਪਿਤ ਮਹਾਨ ਪਹਿਲੇ ਨਗਰ ਕੀਰਤਨ ਉੱਪਰ ਗੁਰਦਵਾਰਾ ਸਾਹਿਬ ਵਿਖੇ ਹਜ਼ਾਰਾਂ ਸੰਗਤਾਂ ਨੇ ਹਾਜਰੀ ਭਰੀ ਅਤੇ ਚਾਰੇ ਪਾਸੇ ਗੁਰੂ ਕੇ ਲੰਗਰ ਚਲ ਰਹੇ ਸਨ ਕਿਤੇ ਮੱਕੀ ਦੀ ਰੋਟੀ ਸਰੋਂ ਦਾ ਸਾਗ, ਕਿਸੇ ਪਾਸੇ ਫਰੂਟ ਸਲਾਦ, ਕਿਸੇ ਪਾਸੇ ਆਈਸ ਕਰੀਮ, ਰੂਹ ਆਫਜਾ, ਸੰਤਰਿਆ ਦਾ ਤਾਜਾ ਜੂਸ ਬਸ ਗੁਰੂ ਕੇ ਲੰਗਰਾਂ ਦੇ ਕਿ ਕਹਿਣੇ। ਕਈ ਪ੍ਰਵਾਰਾਂ ਦੇ ਪ੍ਰਵਾਰ ਛੋਲੇ, ਭਟੂਰੇ, ਪਕੌੜੇ, ਜਲੇਬੀਆਂ ਦੇ ਲੰਗਰ ਲਗਾਏ ਹੋਏ ਸਨ, ਕਿਸੇ ਪਾਸੇ ਸੇਵਾਦਾਰਾਂ ਵਲੋਂ ਤਾਜ਼ੀਆਂ ਪੂੜੀਆ ਖੁਆਈਆਂ ਜਾ ਰਹੀਆ ਸੀ ਗੰਨੇ ਦਾ ਤਾਜਾ ਰਸ ਪਿਲਾਇਆ ਜਾ ਰਿਹਾ ਸੀ। ਅਣਗਿਣਤ ਸੰਗਤਾਂ ਸੇਵਾ ਕਰ ਰਹੀਆਂ ਸਨ। ਇਸ ਬਾਰੇ ਸਾਡੇ ਲੋਕ ਨਾਲ ਗੱਲਬਾਤ ਕਰਦਿਆਂ ਸੇਵਾਦਾਰਾਂ ਨੇ ਕਿਹਾ ਕਿ ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਥੰਮ ਹਨ ਇਸ ਦੇ ਚਲਦੇ ਹੀ ਸਾਰੀ ਦੁਨੀਆ ਦੀਆਂ ਸੜਕਾ ਉਪਰ ਗੁਰੂ ਨਾਨਕ ਸਾਹਿਬ ਜੀ ਦੇ ਲੰਗਰ ਚਲ ਰਹੇ ਹਨ। ਇਸ ਮਹਾਨ ਪਵਿੱਤਰ ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਵੇਰ ਤੋਂ ਸ਼ਾਮ ਤੱਕ ਲਾਈਨਾਂ ਵਿੱਚ ਲਗਾ ਕੇ ਇਸ ਗੁਰੂ ਨਾਨਕ ਸਾਹਿਬ ਜੀ ਦੇ ਲੰਗਰਾਂ ਵਿੱਚ ਅਣਗਿਣਤ ਗੁਰੂ ਕੀਆਂ ਸੰਗਤਾਂ ਲੰਗਰ ਛਕਦੀਆਂ ਹਨ ਸਬਜ਼ੀਆਂ ਦਾਲਾਂ, ਦੁੱਧ ਆਈਸ ਕਰੀਮ, ਡਰਾਈ ਫੂਡ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗਿਣਿਆ ਹੀ ਨਹੀਂ ਜਾ ਸਕਦਾ, ਪ੍ਰਵਾਰਾਂ ਦੇ ਪ੍ਰਵਾਰ, ਪਿੰਡਾਂ ਦੇ ਪਿੰਡ ਅਤੇ ਵੱਖ-ਵੱਖ ਗੁਰੂਘਰਾਂ ਦੇ ਸੇਵਾਦਾਰ ਥਾਂ-ਥਾਂ ਨਿਮਰਤਾ ਅਤੇ ਭਾਰੀ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦੇ ਆਮ ਸੰਗਤਾਂ ਦੀ ਜੁਬਾਨ ਉਪਰ ਇਹ ਸੇਵਾ ਭਾਵਨਾ ਨੂੰ ਦੇਖਕੇ ਸੁਣਿਆ ਜਾ ਜਾਂਦਾ ਹੈ ਧੰਨ ਗੁਰੂ ਅਤੇ ਧੰਨ ਗੁਰੂ ਕੇ ਸਿੱਖ ਜਦੋਂ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਪੁੱਛਦੇ ਹਾਂ ਅੱਗੋਂ ਜਵਾਬ ਹੁੰਦਾ ਹੈ ਕਿ ਅਸੀਂ ਤਾਂ ਨਿਮਾਣੇ ਜਿਹੇ ਹਾਂ। ਗੁਰੂ ਸਿਰ ਉਪਰ ਹੱਥ ਰੱਖਕੇ ਸੇਵਾ ਲੈ ਰਿਹਾ ਹੈ। ਸੈਕਰਾਮੈਂਟੋ ਕੈਲੀਫੋਰਨੀਆ ਦਾ ਇਹ ਪਹਿਲਾ ਮਹਾਨ ਨਗਰ ਕੀਰਤਨ ਵਾਕਿਆ ਹੀ ਅਲੌਕਿਕ ਰੂਹਾਨੀ ਅਤੇ ਖਾਲਸਾਈ ਜਜ਼ਬਿਆ ਵਿੱਚ ਰੰਗਿਆ ਸੇਵਾ ਅਤੇ ਸ਼ਰਧਾ ਦਾ ਇੱਕ ਮਹਾਨ ਸੁਮੇਲ ਸੀ।





**ਦੇਖੋ ਨਗਰ ਗੁਰੂ ਕੇ ਲੰਗਰਾਂ ਦੀਆਂ ਵੱਖ ਝਲਕੀਆਂ ਤਸਵੀਰਾਂ ਦੀ ਜੁਬਾਨੀ**



















# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ ਸਹਿਯੋਗ ਨਾਲ ਸ਼ਹੀਦਾਂ ਦੀ ਯਾਦ 'ਚ ਕਰਵਾਏ ਬਾਸਕਟਬਾਲ ਟੂਰਨਾਮੈਂਟ ਦਾ ਪਹਿਲਾ ਖਿਤਾਬ NTL ਸਟਾਕਟਨ ਨੇ ਜਿੱਤਿਆ




























ਸਟਾਕਟਨ/ਕੈਲੀਫੋਰਨੀਆ : ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਬਾਸਕਟਬਾਲ ਟੂਰਨਾਮੈਂਟ ਇਤਿਹਾਸਕ ਹੋ ਨਿਬੜਿਆ। ਇਸ ਟੂਰਨਾਮੈਂਟ ਵਿਚ 22 ਟੀਮਾਂ ਨੇ ਭਾਗ ਲਿਆ। ਵੱਖ-ਵੱਖ ਟੀਮਾਂ 'ਚ ਉਚ ਕੋਟੀ ਦੇ ਖਿਡਾਰੀ ਖੇਡ ਰਹੇ ਸਨ ਜਿਨ੍ਹਾਂ 'ਚ ਅਮਰੀਕਾ, ਇੰਡੀਆ, ਟੋਰਾਂਟੋ, ਵੈਨਕੂਵਰ, ਐਬਸਫੋਰਡ ਅਤੇ ਹੋਰ ਥਾਵਾਂ ਤੋਂ ਖਿਡਾਰੀ ਖੇਡ ਰਹੇ ਸਨ। ਇਲਾਈਟ ਡਿਵੀਜ਼ਨ 'ਚ ਪਹਿਲਾ ਇਨਾਮ ਸਟਾਕਟਨ ਦੀ ਟੀਮ NTL ਨੇ ਜਿੱਤਿਆ ਅਤੇ ਦੂਜਾ ਇਨਾਮ Sriver ਟੀਮ ਨੇ ਜਿੱਤਿਆ। ਟੂਰਨਾਮੈਂਟ ਦਾ ਮੌਸਟ ਵੈਲੀਉਏਵਲ ਪਲੇਅਰ ਸ੍ਰ. ਟੋਨੀ ਗਿੱਲ ਨੂੰ ਘੋਸ਼ਿਤ ਕੀਤਾ ਗਿਆ ਅਤੇ ਫਾਈਨਲ ਦਾ ਮੌਸਮ ਵੈਲੀਉਏਵਲ ਪਲੇਅਰ ਸਵਿੱਕੀ ਤੂਰ ਨੂੰ ਦਿੱਤਾ ਗਿਆ ਅਤੇ ਡਿਫੈਂਸਿਵ ਲਈ ਸ੍ਰ. ਉਂਕਾਰ ਸਿੱਧੂ ਨੂੰ ਮਿਲਿਆ। ਇਲਾਈਟ ਡਿਵੀਜ਼ਨ 'ਚ 10 ਟੀਮਾਂ ਨੇ ਭਾਗ ਲਿਆ ਅਤੇ ਰੈਕ ਡਿਵੀਜ਼ਨ ਵਿਚ 10 ਟੀਮਾਂ ਨੇ ਭਾਗ ਲਿਆ। ਰੈਕ ਡਿਵੀਜ਼ਨ ਦਾ ਪਹਿਲਾ ਇਨਾਮ ਬਰਾਉਨ ਮੁੰਡੇ ਨੂੰ ਗਿਆ ਅਤੇ ਦੂਜਾ ਇਨਾਮ ਅਜ਼ਾਦ ਨੂੰ ਮਿਲਿਆ। ਰੈਕ ਡਿਵੀਜ਼ਨ 'ਚ ਟੂਰਨਾਮੈਂਟ ਦਾ ਮੌਸਟ ਵੈਲੀਉਏਵਲ ਪਲੇਅਰ ਸ੍ਰ. ਜੋਸ਼ ਢਿੱਲੋਂ ਨੂੰ ਮਿਲਿਆ ਅਤੇ ਫਾਈਨਲ 'ਚ ਸ੍ਰ. ਪ੍ਰਭ ਸਰਾਂ ਨੂੰ ਮਿਲਿਆ ਅਤੇ ਡਿਫੈਂਸਿਵ ਲਈ ਸ੍ਰ. ਇੰਦਰ ਸੰਧੂ ਨੂੰ ਚੁਣਿਆ ਗਿਆ। ਇਹ ਦੋ ਦਿਨਾ ਪਹਿਲਾ ਟੂਰਨਾਮੈਂਟ ਵਾਕਿਆ ਹੀ ਰੌਣਕ ਭਰਿਆ ਅਤੇ ਦੂਸਰੇ ਬੱਚਿਆਂ ਨੂੰ ਖੇਡਾਂ 'ਚ ਉਤਸਾਹਿਤ ਕਰਨ ਵਾਲਾ ਸੀ। ਇਸ ਟੂਰਨਾਮੈਂਟ ਪ੍ਰਤੀ 'ਸਾਡੇ ਲੋਕ' ਅਖ਼ਬਾਰ ਅਤੇ 'ਖਾਲਸਾ ਅਫੇਅਰ ਚੈਨਲ' ਨਾਲ ਵੱਖ-ਵੱਖ ਆਗੂਆਂ ਨੇ ਗੱਲਬਾਤ ਕੀਤੀ ਜਿਨ੍ਹਾਂ ਵਿਚ ਗੁਰਦੁਆਰਾ ਸਾਹਿਬ ਸਟਾਕਟਨ ਦੇ ਪ੍ਰਧਾਨ ਸ੍ਰ. ਰਵਿੰਦਰ ਸਿੰਘ ਧਾਲੀਵਾਲ, ਸ੍ਰ. ਮਨਜੀਤ ਸਿੰਘ ਉਪਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਹਰਨੇਕ ਸਿੰਘ ਅਟਵਾਲ ਸੀਨੀਅਰ ਵਾਈਸ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਕੁਲਜੀਤ ਸਿੰਘ ਨਿੱਝਰ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸੀਨੀਅਰ ਸਿੱਖ ਆਗੂ ਸ੍ਰ. ਜਗਜੀਤ ਸਿੰਘ ਰੱਤੜ, ਸ੍ਰ. ਗੁਲਵਿੰਦਰ ਸਿੰਘ ਭਿੰਦਾ ਗਾਖਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਪਿੰਕੀ ਅਟਵਾਲ, ਸ੍ਰ. ਦਲਜੀਤ ਸਿੰਘ ਸੰਧੂ ਸਾਬਕਾ ਸੈਕਟਰੀ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਮਨੀਤ ਸਿੰਘ ਦਿਉਲ ਗਲੋਬਲ ਮਲਟੀ ਸਰਵਿਸ ਵਾਲੇ, ਸ੍ਰ. ਸੁਖਮਨ ਸਿੰਘ ਅਟਵਾਲ, ਸ੍ਰ. ਸੁਖਬੀਰ ਸਿੰਘ ਸੋਹਲ, ਹਾਕੀ ਦੇ ਅੰਤਰਰਾਸ਼ਟਰੀ ਖਿਡਾਰੀ ਜਸਕਰਨ ਸਿੰਘ ਸਹੋਤਾ। ਇਹ ਯਾਦਗਾਰੀ ਟੂਰਨਾਮੈਂਟ ਨੌਜਵਾਨ ਆਗੂ ਸ੍ਰ. ਮਨਵੀਰ ਸਿੰਘ ਮਾਂਗਟ ਅਤੇ ਸ੍ਰ. ਜੁਗਰਾਜ ਸਿੰਘ ਗਾਖਲ ਅਤੇ ਉਨ੍ਹਾਂ ਦੀ ਟੀਮ ਵਲੋਂ ਬਹੁਤ ਹੀ ਸਖ਼ਤ ਮਿਹਨਤ ਅਤੇ ਉਤਸਾਹ ਨਾਲ ਕਰਵਾਏ ਗਏ।













# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ ਸਹਿਯੋਗ ਨਾਲ ਸ਼ਹੀਦਾਂ ਦੀ ਯਾਦ 'ਚ ਕਰਵਾਏ ਬਾਸਕਟਬਾਲ ਟੂਰਨਾਮੈਂਟ ਦਾ ਪਹਿਲਾ ਖਿਤਾਬ NTL ਸਟਾਕਟਨ ਨੇ ਜਿੱਤਿਆ







**Elite division First Place: NTL, Second place: 5 Rivers, Tournament MVP: Tony Gill**
**Finals MVP: Vick Toor Defensive MVP: Onkar Sidhu**
**Rec Division, First Place: Brown Munde, Second Place: Azad,**
**Tournament MVP: Josh Dhillon, Finals MVP: Prab Sran, Defensive MVP: Inder sandhu**









ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ ਸਹਿਯੋਗ ਨਾਲ ਸ਼ਹੀਦਾਂ ਦੀ ਯਾਦ 'ਚ ਕਰਵਾਏ ਬਾਸਕਟਬਾਲ ਟੂਰਨਾਮੈਂਟ ਦੇ ਜੇਤੂਆਂ ਨੂੰ ਇਨਾਮ ਵੰਡਦੇ ਹੋਏ ਗੁਰਦੁਆਰਾ ਸਾਹਿਬ ਸਟਾਕਟਨ ਦੇ ਪ੍ਰਧਾਨ ਸ੍ਰ. ਰਵਿੰਦਰ ਸਿੰਘ ਧਾਲੀਵਾਲ, ਸ੍ਰ. ਮਨਜੀਤ ਸਿੰਘ ਉਪਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਹਰਨੇਕ ਸਿੰਘ ਅਟਵਾਲ ਸੀਨੀਅਰ ਵਾਈਸ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਕੁਲਜੀਤ ਸਿੰਘ ਨਿੱਝਰ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸੀਨੀਅਰ ਸਿੱਖ ਆਗੂ ਸ੍ਰ. ਜਗਜੀਤ ਸਿੰਘ ਰੱਤੜ, ਸ੍ਰ. ਗੁਲਵਿੰਦਰ ਸਿੰਘ ਭਿੰਦਾ ਗਾਖਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਪਿੰਕੀ ਅਟਵਾਲ, ਸ੍ਰ. ਦਲਜੀਤ ਸਿੰਘ ਸੰਧੂ ਸਾਬਕਾ ਸੈਕਟਰੀ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਮਨੀਤ ਸਿੰਘ ਦਿਉਲ ਗਲੋਬਲ ਮਲਟੀ ਸਰਵਿਸ ਵਾਲੇ, ਸ੍ਰ. ਸੁਖਮਨ ਸਿੰਘ ਅਟਵਾਲ, ਸ੍ਰ. ਸੁਖਬੀਰ ਸਿੰਘ ਸੋਹਲ, ਹਾਕੀ ਦੇ ਅੰਤਰਰਾਸ਼ਟਰੀ ਖਿਡਾਰੀ ਜਸਕਰਨ ਸਿੰਘ ਸਹੋਤਾ।









# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਿੱਖਾਂ ਵੱਲੋਂ ਦਿੱਤੇ ਬਲੀਦਾਨਾਂ 'ਤੇ ਹਰ ਭਾਰਤੀ ਨੂੰ ਮਾਣ : ਗ੍ਰਹਿ ਮੰਤਰੀ ਅਮਿਤ ਸ਼ਾਹ



ਚੰਡੀਗੜ੍ਹ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅੰਮ੍ਰਿਤਪਾਲ ਸਿੰਘ ਤੇ ਖ਼ਾਲਿਸਤਾਨ ਬਾਰੇ ਅਹਿਮ ਬਿਆਨ ਸਾਹਮਣੇ ਆਇਆ ਹੈ। ਅੰਮ੍ਰਿਤਪਾਲ ਸਿੰਘ ਦੇ ਮਾਮਲੇ 'ਤੇ ਬੋਲਦਿਆਂ ਸ਼ਾਹ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਇਸ ਬਾਰੇ ਜੋ ਵੀ ਕਦਮ ਚੁੱਕਣਾ ਚਾਹੁੰਦੀ ਹੈ, ਕੇਂਦਰ ਸਰਕਾਰ ਉਸ ਦੇ ਨਾਲ ਹੈ।

ਇਕ ਚੈਨਲ ਨਾਲ ਇੰਟਰਵਿਊ ਦੌਰਾਨ ਅੰਮ੍ਰਿਤਪਾਲ ਸਿੰਘ ਬਾਰੇ ਕਾਰਵਾਈ ਬਾਰੇ ਪੁੱਛੇ ਜਾਣ 'ਤੇ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਕਿਸੇ ਵੀ ਸੂਬੇ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪਾਰਟੀਬਾਜ਼ੀ ਤੇ ਸਿਆਸਤ ਤੋਂ ਉੱਪਰ ਉੱਠ ਕੇ ਸੂਬਿਆਂ ਨਾਲ ਚੱਟਾਨ ਵਾਂਗ ਖੜ੍ਹੀ ਹੈ, ਕਿਉਂਕਿ ਇਹ ਮਾਮਲਾ ਦੇਸ਼ ਦਾ ਹੁੰਦਾ ਹੈ, ਸਿਆਸਤ ਦਾ ਨਹੀਂ। ਇਸ ਲਈ ਪੰਜਾਬ ਸਰਕਾਰ ਜੋ ਵੀ ਕਦਮ ਚੁੱਕਣਾ ਚਾਹੁੰਦੀ ਹੈ, ਕੇਂਦਰ ਸਰਕਾਰ ਉਸ ਦੇ ਨਾਲ ਹੈ।

ਇਸ ਦੌਰਾਨ ਵਿਦੇਸ਼ਾਂ ਵਿਚ ਭਾਰਤੀ ਹਾਈ ਕਮਿਸ਼ਨ 'ਤੇ ਹੋਏ ਪ੍ਰਦਰਸ਼ਨਾਂ ਬਾਰੇ ਗੱਲ ਕਰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਭਾਰਤ ਦਾ ਦੂਤਾਵਾਸ ਭਾਵੇਂ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਹੋਵੇ, ਉਹ ਭਾਰਤ ਦਾ ਹੀ ਹਿੱਸਾ ਹੈ। ਇਨ੍ਹਾਂ ਮਾਮਲਿਆਂ ਵਿਚ ਦਿੱਲੀ ਵਿਚ ਮਾਮਲਾ ਦਰਜ ਕੀਤਾ ਗਿਆ ਹੈ, ਤੇ ਕਾਰਵਾਈ ਦੀ ਸ਼ੁਰੂਆਤ ਵੀ ਕਰ ਦਿੱਤੀ ਗਈ ਹੈ। ਇਸ ਮਾਮਲੇ ਵਿਚ UAPA ਲਗਾਇਆ ਗਿਆ ਹੈ। ਘਟਨਾ ਵਾਲੀਆਂ ਥਾਵਾਂ ਤੋਂ ਰਿਕਾਰਡਿੰਗਾਂ ਮੰਗੀਆਂ ਗਈਆਂ ਹਨ, ਉਸ ਦੇ ਅਧਾਰ 'ਤੇ ਪੁਲਸ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇਗੀ।

ਖ਼ਾਲਿਸਤਾਨ ਅੰਦੋਲਨ ਬਾਰੇ ਗੱਲ ਕਰਦਿਆਂ ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਸਮੇਤ ਦੇਸ਼ ਦੇ ਹਰ ਹਿੱਸੇ ਵਿਚ ਰਹਿਣ ਵਾਲੇ ਸਿੱਖ ਭੈਣ-ਭਰਾ ਭਾਰਤ ਦੇ ਨਾਲ ਹੀ ਰਹਿਣਾ ਚਾਹੁੰਦੇ ਹਨ। ਸਿੱਖਾਂ ਨੇ ਹਰ ਖੇਤਰ ਵਿਚ ਆਪਣਾ ਯੋਗਦਾਨ ਦਿੱਤਾ ਹੈ। ਵਿਸ਼ੇਸ਼ ਤੌਰ 'ਤੇ ਸੁਰੱਖਿਆ ਦੇ ਖੇਤਰ ਵਿਚ ਜਿੰਨਾ ਬਲਿਦਾਨ ਸਿੱਖ ਭਾਈਚਾਰੇ ਨੇ ਦਿੱਤਾ ਹੈ, ਸ਼ਾਇਦ ਦੇਸ਼ ਦੇ ਕਿਸੇ ਹਿੱਸੇ ਨੇ ਨਹੀਂ ਦਿੱਤਾ। ਹਰ ਭਾਰਤੀ ਨੂੰ ਇਸ 'ਤੇ ਮਾਣ ਹੈ।

# ਮਸਕਟ 'ਚ ਪਿਛਲੇ ਤਿੰਨ ਮਹੀਨਿਆਂ ਤੋਂ ਫਸੀ ਸਵਰਨਜੀਤ ਕੌਰ ਦਿੱਲੀ ਦੇ ਕੌਮਾਂਤਰੀ ਏਅਰਪੋਰਟ ਪਹੁੰਚੀ





ਨਵੀਂ ਦਿੱਲੀ : ਸਵਰਨਜੀਤ ਕੌਰ ਘਰ ਦੀਆਂ ਆਰਥਿਕ ਤੰਗੀਆਂ ਕਾਰਨ ਤਿੰਨ ਮਹੀਨੇ ਪਹਿਲਾਂ ਪੰਜਾਬ ਤੋਂ ਵਿਦੇਸ਼ ਗਈ ਸੀ। ਟਰੈਵਲ ਏਜੰਟਾਂ ਵੱਲੋਂ ਉਸਨੂੰ ਦੁਬਈ ਵਿੱਚ ਘਰੇਲੂ ਕੰਮ ਦੁਆਉਣ ਦਾ ਝਾਸਾਂ ਦੇ ਕੇ ਮਸਕਟ ਵਿੱਚ ਫਸਾ ਦਿੱਤਾ ਗਿਆ ਸੀ। ਉਸਨੇ ਦੱਸਿਆ ਕਿ ਉਹ ਜਿਸ ਫਲਾਈਟ ਵਿੱਚ ਵਾਪਸ ਆਈ ਹੈ ਉਸ ਵਿੱਚ 12 ਦੇ ਕਰੀਬ ਭਾਰਤੀ ਲੜਕੀਆਂ ਆਈਆਂ ਹਨ ਜਿਹੜੀਆਂ ਕਿ ਉਸ ਵਾਂਗ ਹੀ ਉੱਥੇ ਫਸੀਆਂ ਸੀ। ਟਰੈਵਲ ਏਜੰਟਾਂ ਵੱਲੋਂ ਦਿੱਤੇ ਜਾ ਰਹੇ ਝੂਠੇ ਝਾਂਸਿਆਂ ਦੇ ਕਾਰਨ ਹਾਲੇ ਵੀ ਉਥੇ ਬਹੁਤ ਸਾਰੀਆਂ ਲੜਕੀਆਂ ਇਸੇ ਤਰ੍ਹਾਂ ਫਸੀਆਂ ਹੋਈਆ ਹਨ।

ਚੰਡੀਗੜ੍ਹ ਵਿੱਚ ਰਹਿੰਦੇ ਐਡਵੋਕੇਟ ਗੁਰਭੇਜ ਸਿੰਘ ਰਾਹੀ ਉਸ ਦੇ ਪਤੀ ਕੁਲਦੀਪ ਸਿੰਘ ਵੱਲੋਂ ਪਹੁੰਚ ਕੀਤੀ ਗਈ ਸੀ। ਜਿਸਨੂੰ ਗੰਭੀਰਤਾ ਨਾਲ ਲੈਂਦਿਆਂ ਵਿਦੇਸ਼ ਮੰਤਰਾਲੇ ਅੱਗੇ ਇਹ ਮਸਲਾ ਉਠਾਇਆ ਗਿਆ।

ਪੰਜਾਬ ਦੇ ਲੋਕਾਂ ਨੂੰ ਅਪੀਲ ਕਿ ਉਹ ਅਰਬ ਦੇਸ਼ਾਂ ਵਿੱਚ ਜਾਣ ਤੋਂ ਪਹਿਲਾਂ ਉਥੋਂ ਦੇ ਸਾਰੇ ਹਲਾਤਾਂ ਬਾਰੇ ਪੂਰੀ ਜਾਣਕਾਰੀ ਲੈ ਲਿਆ ਕਰਨ ਕਿਉਂਕਿ ਅਰਬ ਦੇਸ਼ਾਂ ਵਿੱਚ ਏਜੰਟਾਂ ਵੱਲੋਂ ਪੰਜਾਬ ਦੇ ਗਰੀਬ ਪਰਿਵਾਰਾਂ ਦੀਆਂ ਮਜ਼ਬੂਰੀਆਂ ਦਾ ਨਜਾਇਜ਼ ਫਾਈਦਾ ਉਠਾ ਕੇ ਅਤੇ ਮੋਟੀਆਂ ਤਨਖਾਹਾਂ ਦਾ ਲਾਲਚ ਦੇ ਕੇ ਭਰਮਾ ਲੈਂਦੇ ਹਨ। ਪੰਜਾਬ ਸਰਕਾਰ ਨੂੰ ਵੀ ਅਪੀਲ ਕਿ ਉਹ ਬਿਨ੍ਹਾਂ ਲਾਇਸੈਂਸ ਤੋਂ ਇੰਮੀਗ੍ਰੇਸ਼ਨ ਦਾ ਧੰਦਾ ਕਰ ਰਹੇ ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਕਰੇ।

# ਅੰਗਰੇਜ਼ੀ ਭਾਸ਼ਾ ਦੇ ਨਾਲ-ਨਾਲ ਮੇਰੇ ਸੋਹਣੇ ਦੇਸ ਪੰਜਾਬ ਦੀ ਪਿਆਰੀ ਭਾਸ਼ਾ 'ਪੰਜਾਬੀ' ਵਿਚ ਲਿਖਿਆ ਹੋਇਆ 'ਸੀਤਾ ਰੋਡ' ਵੀ ਨਿੱਤਰ ਆਇਆ




ਅੱਜ ਅਚਾਨਕ ਫੇਸਬੁੱਕ ਖੰਘਾਲਦੇ ਹੋਏ ਇਕ ਐਸਾ ਨਜ਼ਾਰਾ ਨਜ਼ਰੀ ਪੈ ਗਿਆ ਕਿ ਰੂਹ ਹੀ ਨਿਹਾਲ ਹੋ ਗਈ। ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਇਕ ਉਪਨਗਰ 'ਰਹਿਮਾਨੀ ਨਗਰ' (ਜੋ ਕਿ ਦਾਦੂ ਖੇਤਰ ਵਿਚ ਸਥਿਤ ਹੈ) ਦੇ ਰੇਲਵੇ ਸਟੇਸ਼ਨ ਦੇ ਉਤੇ ਲੱਗੇ ਹੋਏ ਬੋਰਡ ਉਤੇ ਮੜੇ ਗਏ ਸਟੀਲ ਦੇ ਪੱਤਰੇ ਦਾ ਇਕ ਹਿੱਸਾ, ਜਿਸ ਉਤੇ ਸੰਨ ਸੰਤਾਲੀ ਤੋਂ ਬਾਅਦ ਰਹਿਮਾਨੀ ਨਗਰ ਲਿਖ ਦਿੱਤਾ ਗਿਆ ਹੋਵੇਗਾ, ਕੁਝ ਦਿਨ ਪਹਿਲੇ ਤੇਜ਼ ਹਨ੍ਹੇਰੀ ਤੂਫ਼ਾਨ ਕਾਰਨ ਉੱਡ-ਪੁੱਡ ਗਿਆ ਤੇ ਉਸਦੇ ਹੇਠੋਂ ਮੇਰੇ ਪਿਆਰੇ ਪੁਰਾਤਨ ਹਿੰਦੋਸਤਾਨ ਦੀ ਅਲੌਕਿਕ ਅਤੇ ਅਮੀਰ ਵਿਰਾਸਤ ਉਘੜ ਆਈ। ਇਸ ਸਟੇਸ਼ਨ ਦਾ ਪੁਰਾਣਾ ਨਾਮ 'ਸੀਤਾ ਰੋਡ' ਤਾਂ ਉਮੜ ਕੇ ਉਭਰ ਹੀ ਆਇਆ ਤੇ ਨਾਲ ਹੀ ਅੰਗਰੇਜ਼ੀ ਭਾਸ਼ਾ ਦੇ ਨਾਲ-ਨਾਲ ਮੇਰੇ ਸੋਹਣੇ ਦੇਸ ਪੰਜਾਬ ਦੀ ਪਿਆਰੀ ਭਾਸ਼ਾ 'ਪੰਜਾਬੀ' ਵਿਚ ਲਿਖਿਆ ਹੋਇਆ 'ਸੀਤਾ ਰੋਡ' ਵੀ ਨਿੱਤਰ ਆਇਆ। ਇਸ ਤੋਂ ਵੱਧ ਪੰਜਾਬੀ ਭਾਸ਼ਾ ਦੇ ਸਤਿਕਾਰਤ ਹੋਣ ਦਾ ਕੀ ਸਬੂਤ ਦੇਣਾ ਪਵੇਗਾ ਕਿ ਸਿੰਧ ਪ੍ਰਾਂਤ ਵਿਚ ਪੁਰਾਣੇ ਸਮਿਆਂ ਵੇਲੇ ਵੀ ਪੰਜਾਬੀ ਭਾਸ਼ਾ ਪੜ ਸਕਣ ਵਾਲੇ ਬਾਸ਼ਿੰਗੇ ਮੌਜੂਦ ਸਨ, ਜਿਸ ਕਰਕੇ ਬੋਰਡ ਉਤੇ ਪੰਜਾਬੀ ਵਿਚ 'ਸੀਤਾ ਰੋਡ' ਲਿਖਣਾ ਅੰਗਰੇਜ਼ਾਂ ਵਲੋਂ ਵੀ ਏਨਾ ਲਾਜ਼ਮੀ ਸਮਝਿਆ ਗਿਆ ਤੇ ਯਕੀਨਨ ਇਹ ਭਾਸ਼ਾ ਲਿਖਾਉਣ ਲਈ ਕਿਸੇ ਵੀ ਪੰਜਾਬੀ ਨੂੰ ਕੋਈ ਮੋਰਚਾ ਨਹੀਂ ਲਗਾਉਣਾ ਪਿਆ ਹੋਵੇਗਾ। ਜਦਕਿ ਅਜ਼ਾਦੀ ਦੇ ਏਨੇ ਵਰ੍ਹਿਆਂ ਬਾਅਦ ਆਪਣੇ ਪੰਜਾਬ ਵਿਚ ਪਿਛਲੇ ਦਸ ਪੰਦਰਾਂ ਸਾਲਾਂ ਦੌਰਾਨ ਹਾਈਵੇ ਸੜਕਾਂ ਉਤੇ ਲੱਗੇ ਹੋਏ ਹੋਰਡਿੰਗਜ਼ ਉਤੇ ਸ਼ਹਿਰਾਂ, ਕਸਬਿਆਂ ਅਤੇ ਮਾਰਗਾਂ ਦੇ ਪੰਜਾਬੀ ਭਾਸ਼ਾ ਵਿਚ ਨਾਂ ਲਿਖਣ ਲਈ ਆਮ ਜਨਤਾ ਨੂੰ ਸੰਘਰਸ਼ ਕਰਦੇ ਵੇਖਿਆ ਜਾਂਦਾ ਰਿਹਾ ਹੈ... ਉਤੋਂਸਿਤਮ-ਜ਼ਰੀਫ਼ੀ ਇਹ ਕਿ ਪੰਜਾਬੀ ਸ਼ਹਿਰਾਂ ਦੇ ਨਾਵਾਂ ਦੇ ਸਪੈਲਿੰਗਾਂ ਨੂੰ ਕਿਹੜੀ ਅਥਾਰਿਟੀ ਅਪਰੂਪ ਕਰਦੀ ਹੈ...

ਸੁਣਿਆ ਹੈ ਕਿ ਸੱਚ ਕੌੜਾ ਹੁੰਦਾ ਹੈ,ਪਰ'ਰਹਿਮਾਨ ਨਗਰ' ਦਾ 'ਸੀਤਾ ਰੋਡ' ਦੇ ਰੂਪ ਵਿਚ ਉਘੜਿਆ ਸੱਚ ਬਹੁਤ ਹੀ ਮਿੱਠਾ ਲੱਗਾ...ਯਕੀਨਨ ਉਦਰੂ ਦੀ ਬਚੀ ਹੋਈ ਲਿਖਾਵਟ ਪਿਛੇ ਹਿੰਦੀ ਜਾਂ ਸਿੰਧੀ ਭਾਸ਼ਾ ਵਿਚ ਵੀ ਸੀਤਾ ਰੋਡ ਲਿਖਿਆ ਹੋਵੇਗਾ, ਪਰ ਸੀਤਾ ਸ਼ਬਦ ਵੈਦਿਕ ਕਾਲਜਾਂ ਮਾਂ ਸੀਤਾ ਦੀ ਅਮਰਤਾ ਦੀ ਸੂਚਨਾ ਵੀ ਦਿੰਦਾ ਹੈ। ਇਸ ਸਭ ਵਿਚੋਂ ਪੁਰਾਣੇ ਹਿੰਦੋਸਤਾਨ ਦੀ ਮਹਿਕ ਉੱਠਦੀ ਹੈ, ਜਿਹੜੀ ਧਰਮਾਂ, ਮਜ਼੍ਹਬਾਂ ਤੇ ਜਾਤੀਆਂ ਤੋਂ ਕਿਧਰੇ ਵੱਧ ਮੂਲਵਾਨ ਸੀ ਅਤੇ ਜਿਥੇ ਇਕ ਖਿਤੇ ਦੀ ਅਮੀਰ ਭਾਸ਼ਾ ਹੀ ਸ਼੍ਰੋਮਣੀ ਹੁੰਦੀ ਸੀ...ਇਹ ਮਾਤ੍ਰਭਾਸ਼ਾ ਧਰਤੀ ਦੇ ਇਕ ਖਾਸ ਟੁਕੜੇ ਦੀ ਉਘੀ ਪਹਿਚਾਣ ਹੁੰਦੀ ਹੈ। ਹੁਣ ਤੇ ਇਤਿਹਾਸ ਵੀ ਗਵਾਹੀ ਪਾ ਕੇ ਤਸਦੀਕ ਕਰ ਰਿਹਾਹੈ ਕਿ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਕਿਸੇ ਸਮੇਂ ਸਿੰਧ ਵਰਗੇ ਮਹਾਨ ਅਤੇ ਪ੍ਰਫੁੱਲਤ ਪ੍ਰਾਂਤ ਵਿਚ ਵੀ ਫੈਲੀਆਂ ਹੋਈਆਂ ਸਨ। ਅਫਸੋਸ ਕਿ ਅੱਜ ਦੇ ਸਮੇਂ ਵਿਚ ਧਰਮਾਂ ਦੀ ਵੰਡ ਵਿਚ ਮਾਂ ਬੋਲੀ ਪੰਜਾਬੀ ਵੀ ਵੰਡੀ ਗਈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਨਵੀਂ ਪਨੀਰੀਦੇ ਮੂੰਹ ਵਿਚ ਜਬਰਦਸਤੀ ਹਿੰਦੀ ਅਤੇ ਉਰਦੂ ਭਾਸ਼ਾਵਾਂ ਠੁਸ ਦਿੱਤੀਆਂ ਗਈਆਂ...ਪਰ ਪੰਜਾਬੀ ਭਾਸ਼ਾ ਦੇ ਨਿੰਦਕ ਭਾਵੇਂ ਜਿੰਨੀਆਂ ਮਰਜ਼ੀ ਮਾਂ ਬੋਲੀ ਦੀਆਂ ਜੜ੍ਹਾਂ ਵੱਢ ਦੇਣ, ਪਰ ਸਮੇਂ ਸਮੇਂ 'ਤੇ ਪੰਜਾਬੀ ਖਿੱਤੇ ਦੀ ਮਹਿਕ ਨਾਲ ਹੀ ਪੰਜਾਬੀ ਭਾਸ਼ਾ ਉਘੜਦੀ-ਨਿੱਤਰਦੀ ਰਹੇਗੀ, ਠੀਕ ਉਸੇ ਤਰ੍ਹਾਂ ਜਿਵੇਂ ਪ੍ਰਮਾਤਮਾ ਦੁਆਰਾ ਉਤਪੰਨ ਕੀਤੇ ਹਨ੍ਹੇਰੀ ਅਤੇ ਤੂਫ਼ਾਨ ਨੇ ਸੀਤਾ ਰੋਡ ਤੋਂ ਰਹਿਮਾਨੀ ਨਗਰ ਦੇ ਹਰਫ ਉਖਾੜ ਸੁੱਟੇ, ਪੰਜਾਬੀ ਸੰਗੀਤ ਤੇ ਪੰਜਾਬੀ ਲੋਕ ਗੀਤ ਹੀ ਆਪਣੇ ਆਪ ਵਿਚ ਏਨੇ ਮਹਾਨ ਅਤੇ ਸੰਪੂਰਨ ਹਨ ਕਿ ਸਾਡੀ ਪਿਆਰੀ ਤੇ ਅਮੀਰ ਮਾਂ ਬੋਲੀ ਪੰਜਾਬੀ ਸਦਾ ਸਤਿਕਾਰਤ ਹੀ ਰਹੇਗੀ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਸਦਾ ਜ਼ਿੰਦਾ ਸਨ, ਜ਼ਿੰਦਾ ਹਨ ਤੇ ਜ਼ਿੰਦਾ ਹੀ ਰਹਿਣਗੇ।

-ਗੁਰਮੀਤ ਸਚਦੇਵਾ

# ਅੰਮ੍ਰਿਤਪਾਲ ਦੇ ਗੰਨਮੈਨ ਗੋਰਖਾ ਬਾਬਾ ਦੀ ਗ੍ਰਿਫਤਾਰੀ ਮਗਰੋਂ ਖੰਨਾ ਪੁਲਸ ਨੇ ਕੀਤੇ ਵੱਡੇ ਖੁਲਾਸੇ



ਖੰਨਾ : ਬੀਤੇ ਦਿਨੀ ਅੰਮ੍ਰਿਤਪਾਲ ਦੇ ਗੰਨਮੈਨ ਦੀ ਹੋਈ ਗ੍ਰਿਫਤਾਰੀ ਨੂੰ ਲੈ ਕੇ ਅੱਜ ਖੰਨਾ ਤੋਂ ਐਸ ਐਸ ਪੀ ਅਮਨੀਤ ਕੌਂਡਲ ਨੇ ਪ੍ਰੈਸ ਕਾਨਫਰੰਸ ਕਰਦਿਆਂ ਵੱਡੇ ਖੁਲਾਸੇ ਕੀਤੇ ਹਨ ਕਿ ਕਿਸ ਤਰ੍ਹਾਂ ਵੱਖਰੇ ਖਾਲਿਸਤਾਨ ਰਾਜ ਦੇ ਗਠਨ ਦੀ ਪਲਾਨਿੰਗ ਚੱਲ ਰਹੀ ਸੀ ਜਿਸਨੂੰ ਲੈ ਕੇ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦਿੱਤੀ ਜਾ ਰਹੀ ਸੀ। ਗੋਰਖ ਬਾਬਾ ਦੇ ਫੋਨ 'ਚੋਂ ਮਿਲੀਆਂ ਫੋਟੋਆਂ ਤੇ ਵੀਡੀਉ ਕਲਿੱਪਸ ਤੋਂ ਵੀ ਪ੍ਰਸਤਾਵਿਤ ਖਾਲਿਸਤਾਨ ਦੇ ਲੋਗੋ, ਕਰੰਸੀ, ਵੱਖ ਵੱਖ ਝੰਡਿਆਂ ਬਾਰੇ ਵੀ ਅਹਿਮ ਜਾਣਕਾਰੀ ਮਿਲੀ ਹੈ।

ਐਸਐਸ ਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਐਸ ਪੀ ਡਾ ਪ੍ਰੱਗਿਆ ਜੈਨ, ਡੀ ਐਸ ਪੀ ਪਾਇਲ ਹਰਸਿਮਰਤ ਸਿੰਘ ਛੇਤਰਾ, ਸਬ ਇੰਸਪੈਕਟਰ ਲਖਵੀਰ ਸਿੰਘ ਤੇ ਸੀਆਈਏ ਇੰਚਾਰਜ ਅਮਨ ਦੀ ਟੀਮ ਵਲੋਂ ਤੇਜਿੰਦਰ ਸਿੰਘ ਗਿੱਲ ਉਰਫ਼ ਗੋਰਖਾ ਬਾਬਾ, ਉਮਰ 42 ਸਾਲ, ਪੁੱਤਰ ਲਾਭ ਸਿੰਘ, ਵਾਸੀ ਪਿੰਡ ਮਾਂਗੇਵਾਲ, ਥਾਣਾ ਮਲੌਦ, ਪੁਲਸ ਜ਼ਿਲ੍ਹਾ ਖੰਨਾ ਨੂੰ ਖੰਨਾ ਪੁਲਸ ਨੇ 22 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ। ਜਿਸ 'ਤੇ ਐਫ.ਆਈ.ਆਰ ਨੰਬਰ 23 ਮਿਤੀ 22 ਮਾਰਚ ਅਧੀਨ ਧਾਰਾ188, 336 ਆਈ.ਪੀ.ਸੀ., 25/54/59 ਅਸਲਾ ਐਕਟ ਤਹਿਤ ਥਾਣਾ ਮਲੌਦ ਵਿਖੇ ਦਰਜ ਕੀਤਾ ਗਿਆ ਹੈ। ਇਸਦੇ ਖਿਲਾਫ ਪਹਿਲਾਂ ਵੀ 2 ਐਫ.ਆਈ.ਆਰ ਦਰਜ ਕੀਤੀਆਂ ਗਈਆਂ ਸਨ। ਐਸਐਸਪੀ ਕੌਂਡਲ ਨੇ ਦੱਸਿਆ ਕਿ ਇਹ ਵਾਰਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦਾ ਨਜ਼ਦੀਕੀ ਸਾਥੀ ਹੈ ਅਤੇ ਅੰਮ੍ਰਿਤਪਾਲ ਸਿੰਘ ਦੀ ਸੁਰੱਖਿਆ ਲਈ ਸੌਂਪੀ ਗਈ ਕਲੋਜ਼ ਪ੍ਰੋਟੈਕਸ਼ਨ ਟੀਮ (ਸੀ.ਪੀ.ਟੀ) ਦਾ ਮੈਂਬਰ ਸੀ। ਇਹ ਅਨੰਦਪੁਰ ਖਾਲਸਾ ਫੌਜ (ਏ.ਕੇ.ਐਫ) ਦਾ ਮੈਂਬਰ ਵੀ ਸੀ, ਜਿਸ ਨੂੰ ਅੰਮ੍ਰਿਤਪਾਲ ਸਿੰਘ ਦੁਆਰਾ ਵੱਖਰੇ ਖਾਲਿਸਤਾਨ ਰਾਜ ਦੇ ਗਠਨ ਲਈ ਹਥਿਆਰਬੰਦ ਸੰਘਰਸ਼ ਛੇੜਨ ਲਈ ਉਭਾਰਿਆ ਗਿਆ ਸੀ।

ਇਹ ਬਿਕਰਮਜੀਤ ਸਿੰਘ ਖਾਲਸਾ ਰਾਹੀਂ ਅੰਮ੍ਰਿਤਪਾਲ ਸਿੰਘ ਦੇ ਸੰਪਰਕ ਵਿਚ ਆਇਆ, ਜਿਸਨੂੰ ਇਹ ਕਿਸਾਨ ਅੰਦੋਲਨ, ਦਿੱਲੀ ਵਿਖੇ ਮਿਲਿਆ ਸੀ। ਇਹ 05 ਮਹੀਨੇ ਪਹਿਲਾਂ ਜੱਲੂਪੁਰਖੇੜਾ ਗਿਆ ਸੀ ਅਤੇ ਅੰਮ੍ਰਿਤਪਾਲ ਸਿੰਘ ਵਲੋਂ ਇਸਨੂੰ ਗੰਨਮੈਨ ਵਜੋਂ ਸ਼ਾਮਲ ਕੀਤਾ ਗਿਆ ਸੀ। ਇਸ ਨੂੰ ਹਥਿਆਰ ( ਏ.ਕੇ.ਐਫ. ਚਿੰਨ੍ਹ ਵਾਲੇ) ਦਿੱਤੇ ਗਏ ਸਨ ਅਤੇ ਗੋਲੀਬਾਰੀ ਰੇਂਜ ਜੱਲੂਪੁਰ ਖੇੜਾ ਕੈਨਾਲ (ਅੰਮ੍ਰਿਤਪਾਲ ਸਿੰਘ ਦਾ ਜੱਦੀ ਪਿੰਡ) ਵਿਖੇ ਨਿਯਮਤ ਗੋਲੀਬਾਰੀ ਅਭਿਆਸ ਕਰਵਾਇਆ ਗਿਆ। ਇਹ ਅਜਨਾਲਾ ਕਾਂਡ ਸਮੇਂ ਅੰਮ੍ਰਿਤਪਾਲ ਸਿੰਘ ਦਾ ਨਜ਼ਦੀਕੀ ਸੀ ਅਤੇ ਖਾਲਸਾ ਵਹੀਰ ਵਿਚ ਵੀ ਉਸਦੇ ਨਾਲ ਸੀ। ਇਸਨੂੰ ਸਾਰੀਆਂ ਦੇਸ਼ ਵਿਰੋਧੀ ਗਤੀਵਿਧੀਆਂ ਅਤੇ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀਆਂ ਬਾਰੇ ਜਾਣਕਾਰੀ ਸੀ।

ਐਸਐਸਪੀ ਕੌਂਡਲ ਨੇ ਦੱਸਿਆ ਕਿ ਪੜਤਾਲ ਦੌਰਾਨ ਇਸਨੇ ਖੁਲਾਸਾ ਕੀਤਾ ਹੈ ਕਿ ਏਕੇਐਫ ਦੇ ਸਾਰੇ ਮੈਂਬਰਾਂ ਨੂੰ ਬੈਲਟ ਨੰਬਰ ਦਿੱਤੇ ਗਏ ਸਨ। ਜਿਸ ਤਰ੍ਹਾਂ : ਏਕੇਐਫ 3, ਏਕੇਐਫ 56, ਏਕੇਐਫ 47, ਸ਼ਾਇਦ ਸੀਨੀਆਰਤਾ ਤੇ ਅੰਮ੍ਰਿਤਪਾਲ ਨਾਲ ਨੇੜਤਾ ਦੇ ਆਧਾਰ 'ਤੇ ਨੰਬਰ ਦਿੱਤੇ ਜਾਂਦੇ ਸਨ। ਉਨ੍ਹਾਂ ਦੱਸਿਆ ਕਿ 2 ਵਟਸਐਪ ਗਰੁੱਪਾਂ - ਏਕੇਐਫ ਅਤੇ ਅੰਮ੍ਰਿਤਪਾਲ ਟਾਈਗਰ ਫੋਰਸ ਦੇ ਵਿਸ਼ਲੇਸ਼ਣ ਨਾਲ ਇਹ ਜਾਣਕਾਰੀ ਸਾਹਮਣੇ ਆਈ ਹੈ। ਮੈਂਬਰਾਂ ਨੂੰ ਬਾਅਦ ਵਿਚ ਅੰਮ੍ਰਿਤਪਾਲ ਸਿੰਘ ਵਲੋਂ ਤਨਖਾਹ ਦਿੱਤੀ ਗਈ ਸੀ। ਮੈਂਬਰਾਂ ਵਿਚ ਉਹ ਨੌਜਵਾਨ ਸ਼ਾਮਲ ਸਨ ਜੋ ਨਸ਼ਾ ਛੱਡਣ ਲਈ ਆਏ ਸਨ (ਜਿਵੇਂ ਕਿ ਤੇਜਿੰਦਰ ਸਿੰਘ ਗੋਰਖਾ) ਅਤੇ ਬਾਅਦ ਵਿਚ ਉਨ੍ਹਾਂ ਨੂੰ ਸਿਖਲਾਈ ਦਿੱਤੀ ਗਈ ਅਤੇ ਗੋਲੀਬਾਰੀ ਅਭਿਆਸ ਸਮੇਤ ਮਾਰਸ਼ਲ ਅਤੇ ਹਥਿਆਰਾਂ ਦੀ ਸਿਖਲਾਈ ਦਿੱਤੀ ਗਈ।

ਇਤਿਹਾਸ ਜਿਨ੍ਹਾਂ ਨੇ ਸਿਰਜਿਆ ਪਾ ਰਤੜਾ ਚੋਲਾ ਲੋਕ ਮਨਾਉਂਦੇ ਹੋਲੀਆਂ ਸਿੰਘ ਖੇਡਣ ਹੋਲਾ



# ਬਰਾਡਸ਼ਾਅ ਸੈਕਰਾਮੈਂਟ ਵਿਖੇ ਹੋਲੇ ਮਹੱਲੇ ਦੇ ਪਹਿਲੇ ਨਗਰ ਕੀਰਤਨ 'ਤੇ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

ਇਸ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ।



**ਪਰਮਜੀਤ ਸਿੰਘ ਪੰਮਾ**
**ਯੂਬਾ ਸਿਟੀ**
**ਅਤੇ ਸਮੂਹ ਪਰਿਵਾਰ**

# ਨਰਾਤਿਆਂ ’ਚ ਕਿਉਂ ਕੀਤੀ ਜਾਂਦੀ ਹੈ ਕੰਜਕਾਂ ਦੀ ਪੂਜਾ ?





ਹਿੰਦੂ ਧਰਮ ’ਚ ਨਰਾਤਿਆਂ ਦੇ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਹਿੰਦੂ ਧਰਮ ਦੇ ਲੋਕ ਮਾਂ ਦੁਰਗਾ ਦੇ ਨਰਾਤਿਆਂ ਨੂੰ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਨਰਾਤਿਆਂ ਦੇ 9 ਦਿਨਾਂ ਦੌਰਾਨ ਮਾਂ ਦੇ ਨੌਂ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ। ਮਾਂ ਨੂੰ ਖ਼ੁਸ਼ ਕਰਨ ਲਈ ਬਹੁਤ ਸਾਰੇ ਲੋਕ ਵਰਤ ਵੀ ਰੱਖਦੇ ਹਨ। ਧਾਰਮਿਕ ਮਾਨਤਾਵਾਂ ਅਨੁਸਾਰ, ਨਰਾਤਿਆਂ ਦੌਰਾਨ ਮਾਂ ਦੁਰਗਾ ਜੀ ਦੀ ਪੂਜਾ ਕਰਨ ਨਾਲ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਨਰਾਤਿਆਂ ’ਚ ਮਹਾਨੌਮੀ ਤਾਰੀਖ਼ ਦਾ ਵੀ ਵਿਸ਼ੇਸ਼ ਮਹੱਤਵ ਮੰਨਿਆ ਜਾਂਦਾ ਹੈ। ਇਸ ਦਿਨ ਨਰਾਤੇ ਖ਼ਤਮ ਹੋ ਜਾਂਦੇ ਹਨ।

ਦੱਸ ਦਈਏ ਕਿ ਕੰਜਕ ਪੂਜਨ ਵਾਲੇ ਦਿਨ ਮਾਂ ਮਹਾਗੌਰੀ ਦੀ ਪੂਜਾ ਕੀਤੀ ਜਾਂਦੀ ਹੈ। ਕੰਜਕ ਪੂਜਾ ਅਤੇ ਲੈਂਕੜਾ ਪੂਜਨ ਤੋਂ ਬਾਅਦ ਨਰਾਤਿਆਂ ਦੀ ਪੂਜਾ ਸਮਾਪਤ ਹੋ ਜਾਂਦੀ ਹੈ। ਨੌਂ ਦਿਨ ਵਰਤ ਰੱਖ ਕੇ ਦੇਵੀ ਦੁਰਗਾ ਦੀ ਪੂਜਾ ਕਰਨ ਵਾਲੇ ਸ਼ਰਧਾਲੂ ਅਸ਼ਟਮੀ ਜਾਂ ਨੌਮੀ ਨੂੰ ਆਪਣਾ ਵਰਤ ਸੰਪੂਰਨ ਕਰਦੇ ਹਨ। ਕੰਜਕ ਪੂਜਨ ’ਚ ਸਿਰਫ਼ 10 ਸਾਲ ਤੱਕ ਦੀਆਂ ਕੰਨਿਆਵਾਂ ਨੂੰ ਹੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਜ਼ਿਆਦਾ ਉਮਰ ਦੀਆਂ ਕੁੜੀਆਂ ਨੂੰ ਕੰਜਕ ਪੂਜਨ ਲਈ ਮਨਾਹੀ ਕੀਤੀ ਗਈ ਹੈ ਅਤੇ ਵੱਖ-ਵੱਖ ਉਮਰ ਦੀਆਂ ਕੰਨਿਆਵਾਂ ਦਾ ਵੱਖ-ਵੱਖ ਸਰੂਪ ਮੰਨਿਆ ਜਾਂਦਾ ਹੈ। ਇਸ ’ਚ 2 ਸਾਲ ਦੀ ਕੰਨਿਆ ਨੂੰ ਕੰਨਿਆ ਕੁਮਾਰੀ, 3 ਸਾਲ ਦੀ ਨੂੰ ਤ੍ਰਿਮੂਰਤੀ, 4 ਸਾਲ ਦੀ ਨੂੰ ਕਲਿਆਣੀ, 5 ਸਾਲ ਦੀ ਨੂੰ ਰੋਹਿਣੀ, 6 ਸਾਲ ਦੀ ਨੂੰ ਕਲਿਆਣੀ, 7 ਸਾਲ ਵਾਲੀ ਚੰਡਿਕਾ, 8 ਸਾਲ ਵਾਲੀ ਨੂੰ ਸ਼ਾਂਭਵੀ, 9 ਸਾਲ ਵਾਲੀ ਨੂੰ ਦੁਰਗਾ ਅਤੇ 10 ਸਾਲ ਵਾਲੀ ਕੰਜਕ ਨੂੰ ਸੁਭਦਰਾ ਦਾ ਰੂਪ ਮੰਨਿਆ ਜਾਂਦਾ ਹੈ।

**ਕੰਜਕ ਪੂਜਨ ਨਾਲ ਮਿਲਦੀ ਹੈ ਸੁੱਖ-ਸ਼ਾਂਤੀ**

ਨਰਾਤਿਆਂ ’ਚ ਕੰਜਕ ਪੂਜਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਕੰਜਕ ਪੂਜਨ ਨਾਲ ਹਰ ਤਰ੍ਹਾਂ ਦੀ ਸੁੱਖ-ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਮਨ ਦੀ ਹਰ ਮਨੋਕਾਮਨਾ ਪੂਰੀ ਹੁੰਦੀ ਹੈ। ਨਰਾਤਿਆਂ ’ਚ ਵਰਤ ਪੂਜਨ ’ਤੇ ਕੰਜਕਾਂ ਨੂੰ ਭੋਜਨ ਕਰਵਾਉਣਾ, ਉਨ੍ਹਾਂ ਦੀ ਪੂਜਾ ਕਰਨ ਦਾ ਇਕ ਵਿਸ਼ੇਸ਼ ਮਹੱਤਵ ਦੱਸਿਆ ਗਿਆ ਹੈ। ਉਂਝ ਤਾਂ ਹਰ ਰੋਜ਼ ਕੰਜਕ ਪੂਜਨ ਕਰਨਾ ਚਾਹੀਦਾ ਹੈ ਪਰ ਵਰਤ ਪੂਜਨ ’ਤੇ ਕੰਜਕਾਂ ਦੇ ਪੈਰ ਪਾਣੀ ਨਾਲ ਸਾਫ਼ ਕਰਕੇ ਉਨ੍ਹਾਂ ਨੂੰ ਦੇਵੀ ਦਾ ਰੂਪ ਮੰਨ ਕੇ ਭੋਜਨ ਕਰਵਾਉਣਾ ਚਾਹੀਦਾ ਹੈ।

ਗ੍ਰੰਥਾਂ ’ਚ ਦੱਸਿਆ ਗਿਆ ਹੈ ਕਿ ਜ਼ਮੀਨ ’ਤੇ ਆਸਣ ਵਿਛਾ ਕੇ ਇਕ ਲਾਈਨ ’ਚ ਇਕ ਲੜਕੇ (ਜਿਸ ਨੂੰ ਲੈਂਕੜਾ ਕਿਹਾ ਜਾਂਦਾ ਹੈ) ਅਤੇ ਕੰਨਿਆ ਨੂੰ ਬਿਠਾ ਕੇ ਕ੍ਰਮਵਾਰ ਮੰਤਰਾਂ ਦਾ ਜਾਪ ਕਰਨਾ ਚਾਹੀਦਾ ਹੈ। ਮੰਨਿਆ ਜਾਂਦਾ ਹੈ ਕਿ ਲੈਂਕੜੇ ਦੀ ਗੈਰ-ਮੌਜੂਦਗੀ ’ਚ ਕੰਨਿਆ ਪੂਜਨ ਪੂਰਨ ਨਹੀਂ ਹੁੰਦਾ। ਇਸ ਤੋਂ ਬਾਅਦ ਹੱਥ ’ਚ ਫੁੱਲ ਰੱਖ ਕੇ ਕੰਜਕਾਂ ਦੀ ਪੂਜਾ ਕਰਨੀ



ਚਾਹੀਦੀ ਹੈ। ਕੰਨਿਆ ਦੀ ਕ੍ਰਮਵਾਰ ਪੂਜਾ ਕਰਨ ਨਾਲ ਵੱਖ-ਵੱਖ ਫਲਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਦੌਰਾਨ ਇਕ ਕੰਨਿਆ ਦਾ ਪੂਜਨ ਕਰਨ ਨਾਲ ਅਰਪਨਾ, ਦੋ ਦੀ ਪੂਜਾ ਕਰਨ ਨਾਲ ਭੋਗ ਅਤੇ ਮੁਕਤੀ, ਤਿੰਨ ਦੀ ਪੂਜਾ ਕਰਨ ਨਾਲ ਧਰਮ, ਅਰਥ, ਚਾਰ ਦੀ ਪੂਜਾ ਕਰਨ ਨਾਲ ਉੱਚਾ ਅਹੁਦਾ, ਪੰਜਵੀਂ ਦੀ ਪੂਜਾ ਕਰਨ ਨਾਲ ਵਿਦਿਆ, ਛੇਵੀਂ ਦੀ ਪੂਜਾ ਕਰਨ ਨਾਲ ਸਫ਼ਲਤਾ, ਸੱਤਵੀਂ ਦੀ ਪੂਜਾ ਕਰਨ ਨਾਲ ਰਾਜ ਦੀ ਪ੍ਰਾਪਤੀ, ਅੱਠਵੀਂ ਦੀ ਪੂਜਾ ਕਰਨ ਨਾਲ ਧਨ ਅਤੇ ਨੌਵੀਂ ਕੰਜਕ ਦੀ ਪੂਜਾ-ਅਰਾਧਨਾ ਕਰਨ ਨਾਲ ਧਰਤੀ ’ਤੇ ਪ੍ਰਭਾਵ ਵਧਦਾ ਹੈ। ਇਸ ਲਈ ਨਰਾਤਿਆਂ ’ਚ ਕੰਜਕ ਪੂਜਨ ਜ਼ਰੂਰ ਕਰਨਾ ਚਾਹੀਦਾ ਹੈ। ਸਾਰੇ ਸ਼ੁੱਭ ਕਾਰਜਾਂ ਦਾ ਫਲ ? ਪ੍ਰਾਪਤ ਕਰਨ ਲਈ ਕੰਜਕ ਪੂਜਨ ਕੀਤਾ ਜਾਂਦਾ ਹੈ। ਕੁਆਰੀਆਂ ਕੁੜੀਆਂ ਦੇ ਪੂਜਨ ਨਾਲ ਸਨਮਾਨ, ਲਕਸ਼ਮੀ, ਵਿੱਦਿਆ ਤੇ ਤੇਜ ਪ੍ਰਾਪਤ ਹੁੰਦਾ ਹੈ। ਇਸ ਨਾਲ ਵਿਘਨ, ਡਰ ਤੇ ਦੁਸ਼ਮਣਾਂ ਦਾ ਨਾਸ਼ ਵੀ ਹੁੰਦਾ ਹੈ। ਜਪ ਤੇ ਦਾਨ ਨਾਲ ਦੇਵੀ ਇੰਨੀ ਖ਼ੁਸ਼ਹਾਲ ਨਹੀਂ ਹੁੰਦੀ, ਜਿੰਨੀ ਕੰਜਕ ਪੂਜਨ ਨਾਲ ਹੁੰਦੀ ਹੈ।





## ਸ੍ਰੀ ਲੰਕਾ ਵਾਸਤੇ ਰਾਹਤ



ਆਰਥਿਕ ਸੰਕਟ ਨਾਲ ਜੂਝ ਰਹੇ ਸ੍ਰੀ ਲੰਕਾ ਵਾਸਤੇ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਨੇ 3 ਅਰਬ ਡਾਲਰ ਦੀ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ ਹੈ। ਆਰਥਿਕ ਦੁਰਪ੍ਰਬੰਧ ਅਤੇ ਕੋਵਿਡ ਮਹਾਮਾਰੀ ਕਾਰਨ ਕਰਜ਼ੇ ’ਚ ਡੁੱਬਿਆ ਇਹ ਦੇਸ਼ ਆਜ਼ਾਦੀ ਤੋਂ ਬਾਅਦ ਦੇ ਆਪਣੇ ਹੁਣ ਤਕ ਦੇ ਸਭ ਤੋਂ ਮਾੜੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਟਾਪੂ ’ਤੇ ਵਸੇ ਦੇਸ਼ ਕੋਲ ਆਮ ਵਰਤੋਂ ਦੀਆਂ ਜ਼ਰੂਰੀ ਵਸਤਾਂ ਬਰਾਮਦ ਕਰਨ ਵਾਸਤੇ ਵੀ ਪੈਸੇ ਨਹੀਂ ਹਨ ਜਿਸ ਕਰ ਕੇ ਸਮਾਜਿਕ ਤੇ ਸਿਆਸੀ ਬੇਚੈਨੀ ਦਾ ਮਾਹੌਲ ਹੈ। ਆਈਐੱਮਐੱਫ ਨੇ 17ਵੀਂ ਵਾਰ ਸ੍ਰੀ ਲੰਕਾ ਨੂੰ ਰਾਹਤ ਰਾਸ਼ੀ ਦਿੱਤੀ ਹੈ। 2022 ਦੇ ਅੰਤ ਤਕ ਦੇਸ਼ ’ਤੇ 82 ਅਰਬ ਡਾਲਰ ਦਾ ਕਰਜ਼ਾ ਸੀ। ਆਈਐੱਮਐੱਫ ਦਾ ਇਹ ਰਾਹਤ ਪੈਕੇਜ ਸ੍ਰੀ ਲੰਕਾ ਨੂੰ ਸੰਕਟ ’ਚੋਂ ਕੱਢਣ ਲਈ ਤਾਂ ਨਾਕਾਫ਼ੀ ਹੈ ਪਰ ਇਸ ਨਾਲ ਦੇਸ਼ ਨੂੰ ਕੌਮਾਂਤਰੀ ਕਰਜ਼ਦਾਤਿਆਂ ਅੱਗੇ ਆਪਣੀ ਭਰੋਸੇਯੋਗਤਾ ਬਹਾਲ ਕਰਨ ’ਚ ਜ਼ਰੂਰ ਮਦਦ ਮਿਲੇਗੀ। ਇਸ ਮਦਦ ਪਿੱਛੋਂ ਦੇਸ਼ ਨੂੰ ਵਿਸ਼ਵ ਬੈਂਕ, ਏਸ਼ਿਆਈ ਵਿਕਾਸ ਬੈਂਕ (ਏਡੀਬੀ) ਅਤੇ ਹੋਰ ਕਰਜ਼ਦਾਤਿਆਂ ਤੋਂ ਸਹਾਇਤਾ ਮਿਲਣ ਦੀ ਉਮੀਦ ਹੈ।

ਇਸ ਸਹਾਇਤਾ ਰਾਸ਼ੀ ਦੀ ਪਹਿਲੀ ਕਿਸ਼ਤ ਪ੍ਰਾਪਤ ਹੋਣ ’ਤੇ ਰਾਸ਼ਟਰਪਤੀ ਵਿਕਰਮਸਿੰਘੇ ਨੇ ਬਿਹਤਰ ਪ੍ਰਸ਼ਾਸਨ ਅਤੇ ਬਿਹਤਰ ਵਿੱਤੀ ਅਨੁਸ਼ਾਸਨ ਦਾ ਵਾਅਦਾ ਕੀਤਾ ਹੈ। ਸਰਕਾਰ ਦੀ ਯੋਜਨਾ ਹੈ ਕਿ ਉਹ ਨਿੱਜੀ ਖੇਤਰ ਨੂੰ ਉਤਸ਼ਾਹਿਤ ਕਰੇਗੀ ਪਰ ਟਰੇਡ ਯੂਨੀਅਨਾਂ ਵੱਲੋਂ ਕੀਤੀ ਵਿਆਪਕ ਹੜਤਾਲ ਵਿੱਤੀ ਤੇ ਟੈਕਸ ਸੁਧਾਰਾਂ ਦੇ ਰਾਹ ’ਚ ਅੜਿੱਕਾ ਬਣ ਸਕਦੀ ਹੈ। ਪਿਛਲੇ ਮਹੀਨੇ ਮਹਿੰਗਾਈ ਦਰ 50.6 ਫ਼ੀਸਦੀ ’ਤੇ ਪਹੁੰਚ ਗਈ ਸੀ। ਦੇਸ਼ ’ਚ ਜ਼ਰੂਰੀ ਵਸਤਾਂ ਦੀ ਕਮੀ ਦੂਰ ਕਰਨਾ ਅਤੇ ਵਧਦੀ ਮਹਿੰਗਾਈ ’ਤੇ ਕਾਬੂ ਪਾਉਣਾ ਸਰਕਾਰ ਲਈ ਵੱਡੀ ਚੁਣੌਤੀ ਹੋਣਗੇ।

ਆਈਐੱਮਐੱਫ ਤੋਂ ਸਹਾਇਤਾ ਲੈਣ ਲਈ ਪਿਛਲੇ ਕਰਜ਼ਿਆਂ ਦੀ ਅਦਾਇਗੀ ਦੀ ਮੁੜ ਵਿਉਂਤਬੰਦੀ ਦੀ ਪਹਿਲੀ ਸ਼ਰਤ ਰੱਖੀ ਗਈ ਸੀ। ਸ੍ਰੀ ਲੰਕਾ ਨੂੰ ਮਦਦ ਦੇਣ ਵਾਲਿਆਂ ’ਚ ਭਾਰਤ ਮੋਹਰੀ ਸੀ ਪਰ ਚੀਨ ਜੋ ਕਿ ਸ੍ਰੀ ਲੰਕਾ ਦਾ ਵੱਡਾ ਕਰਜ਼ਦਾਤਾ ਹੈ, ਨੇ ਕਾਫ਼ੀ ਮੁਸ਼ਕਿਲ ਸ਼ਰਤਾਂ ਨਾਲ ਹਾਮੀ ਭਰੀ ਸੀ। ਉਮੀਦ ਹੈ ਕਿ ਸ੍ਰੀ ਲੰਕਾ ਨੇ ਚੀਨ ਤੋਂ ਲਏ ਕਰਜ਼ੇ ਨਾਲ ਜੁੜੇ ਜੋਖਮ ਨੂੰ ਵੀ ਜ਼ਰੂਰ ਸਮਝ ਲਿਆ ਹੋਵੇਗਾ। ਆਈਐੱਮਐੱਫ ਦੀ ਇਸ ਮਦਦ ਨਾਲ ਸ੍ਰੀ ਲੰਕਾ ਵਾਸਤੇ ਭਾਵੇਂ ਨਵੀਂ ਉਮੀਦ ਪੈਦਾ ਹੋਈ ਹੈ ਪਰ ਪਾਕਿਸਤਾਨ ਵਾਸਤੇ ਸੰਕਟ ਹਾਲੇ ਕਾਇਮ ਹੈ। ਉਸ ਨੇ ਚੀਨ ਤੋਂ 30 ਅਰਬ ਡਾਲਰ ਦਾ ਕਰਜ਼ਾ ਲਿਆ ਹੋਇਆ ਹੈ। ਬੰਗਲਾਦੇਸ਼ ਨੇ ਵੀ ਆਈਐੱਮਐੱਫ ਤਕ ਪਹੁੰਚ ਕੀਤੀ ਹੈ ਕਿਉਂਕਿ ਉਹ ਵੀ ਚੀਨ ਦਾ 5 ਅਰਬ ਡਾਲਰ ਦਾ ਕਰਜ਼ਦਾਰ ਹੈ। ਚੀਨ ਦੇ ਕਰਜ਼ਾ ਦੇਣ ਵਾਲੇ ਜਾਲ ’ਚ ਫਸਣ ਤੋਂ ਪਹਿਲਾਂ ਕਿਸੇ ਵੀ ਮੁਲਕ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਲੈਣਾ ਚਾਹੀਦਾ ਹੈ।

# ਪ੍ਰੇਰਿਤ ਕਿਵੇਂ ਰੱਖਣਾ ਹੈ ?





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਪ੍ਰੇਰਣਾ ਨੂੰ ਇੱਕ ਬਾਹਰੀ ਜਾਂ ਅੰਦਰੂਨੀ ਸ਼ਕਤੀ ਵਜੋਂ ਦਰਸਾਇਆ ਜਾ ਸਕਦਾ ਹੈ ਜੋ ਇੱਕ ਵਿਅਕਤੀ ਵਿੱਚ ਕਾਰਵਾਈ ਸ਼ੁਰੂ ਕਰਦਾ ਹੈ ਜੋ ਉਸਦੇ ਟੀਚੇ ਵੱਲ ਹੈ। ਪ੍ਰੇਰਣਾ ਸਾਡੇ ਅੰਦਰ ਕਿਰਿਆ ਦਾ ਕਾਰਨ ਬਣਦੀ ਹੈ। ਪ੍ਰੇਰਣਾ ਅੰਦਰੂਨੀ ਜਾਂ ਬਾਹਰੀ ਹੋ ਸਕਦੀ ਹੈ। ਬਾਹਰੀ ਪ੍ਰੇਰਣਾ ਵਿਅਕਤੀ ਦੇ ਬਾਹਰੋਂ ਆਉਂਦੀ ਹੈ। ਇਹ ਬਾਹਰੀ ਕਾਰਕਾਂ ਦੁਆਰਾ ਚਲਾਇਆ ਜਾਂਦਾ ਹੈ ਜਿਵੇਂ ਕਿ ਪੈਸਾ, ਟਰਾਫੀਆਂ, ਇਨਾਮ, ਗ੍ਰੇਡ ਜਾਂ ਪ੍ਰਸ਼ੰਸਾ। ਜਦੋਂ ਕੋਈ ਤੁਹਾਨੂੰ ਪ੍ਰੇਰਿਤ ਕਰਦਾ ਹੈ, ਇਹ ਬਾਹਰੀ ਪ੍ਰੇਰਣਾ ਹੈ। ਦੂਜੇ ਪਾਸੇ, ਅੰਦਰੂਨੀ ਪ੍ਰੇਰਣਾ ਬਾਹਰੀ ਪ੍ਰੇਰਣਾ ਦੇ ਬਿਲਕੁਲ ਉਲਟ ਹੈ। ਇਹ ਵਿਅਕਤੀ ਦੇ ਅੰਦਰੋਂ ਆਉਂਦਾ ਹੈ। ਜਦੋਂ ਵੀ ਤੁਸੀਂ ਆਪਣੇ ਆਨੰਦ ਅਤੇ ਮਨੋਰੰਜਨ ਲਈ ਕੁਝ ਕਰਦੇ ਹੋ, ਤਾਂ ਤੁਸੀਂ ਅੰਦਰੂਨੀ ਤੌਰ ’ਤੇ ਉਸ ਕੰਮ ਲਈ ਪ੍ਰੇਰਿਤ ਹੁੰਦੇ ਹੋ। ਜੇਕਰ ਕੋਈ ਵਿਦਿਆਰਥੀ ਇਤਿਹਾਸ ਦੀ ਪ੍ਰੀਖਿਆ ਵਿੱਚ ਮਾੜਾ ਗ੍ਰੇਡ ਪ੍ਰਾਪਤ ਕਰਦਾ ਹੈ, ਤਾਂ ਉਹ ਆਪਣੇ ਗ੍ਰੇਡ ਨੂੰ ਸੁਧਾਰਨ ਲਈ ਅਧਿਐਨ ਕਰੇਗਾ। ਇਹ ਵਿਦਿਆਰਥੀ ਲਈ ਬਾਹਰੀ ਪ੍ਰੇਰਣਾ ਹੈ। ਪਰ ਜੇਕਰ ਵਿਦਿਆਰਥੀ ਆਪਣੀ ਦਿਲਚਸਪੀ ਕਾਰਨ ਇਤਿਹਾਸ ਦਾ ਅਧਿਐਨ ਕਰ ਰਿਹਾ ਹੈ, ਕਿਉਂਕਿ ਉਹ ਜਾਣਨਾ ਚਾਹੁੰਦਾ ਹੈ ਕਿ ਪੁਰਾਤਨ ਸਮੇਂ ਵਿੱਚ ਕੀ ਵਾਪਰਿਆ ਸੀ, ਤਾਂ ਉਹ ਅਜਿਹਾ ਕਰਨ ਲਈ ਅੰਦਰੂਨੀ ਤੌਰ ’ਤੇ ਪ੍ਰੇਰਿਤ ਹੁੰਦਾ ਹੈ। ਇਸ ਲਈ, ਜਦੋਂ ਅਸੀਂ ਕੋਈ ਕੰਮ ਕਰਦੇ ਹਾਂ ਕਿਉਂਕਿ ਇਹ ਸਾਡਾ ਫਰਜ਼ ਹੈ, ਜਾਂ ਕਿਸੇ ਨੇ ਸਾਨੂੰ ਕੰਮ ਪੂਰਾ ਕਰਨ ਲਈ ਕਿਹਾ ਹੈ ਤਾਂ ਅਸੀਂ ਬਾਹਰੀ ਤੌਰ ’ਤੇ ਪ੍ਰੇਰਿਤ ਹੋ ਰਹੇ ਹਾਂ ਅਤੇ ਜਦੋਂ ਅਸੀਂ ਕੁਝ ਇਸ ਲਈ ਕਰਦੇ ਹਾਂ ਕਿਉਂਕਿ ਅਸੀਂ ਕਰਨਾ ਚਾਹੁੰਦੇ ਹਾਂ, ਤਾਂ ਸਾਡੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਅਸੀਂ ਇਸ ਨੂੰ ਕਰੀਏ ਪਰ ਫਿਰ ਵੀ ਅਸੀਂ ਕਰ ਰਹੇ ਹਾਂ, ਫਿਰ ਅਸੀਂ ਅੰਦਰੂਨੀ ਤੌਰ ’ਤੇ ਅਜਿਹਾ ਕਰਨ ਲਈ ਪ੍ਰੇਰਿਤ ਹੁੰਦੇ ਹਾਂ। ਪ੍ਰੇਰਣਾ ਮਹੱਤਵਪੂਰਨ ਕਿਉਂ ਹੈ ? ਪ੍ਰੇਰਣਾ ਹਰ ਕਿਸੇ ਲਈ ਮਹੱਤਵਪੂਰਨ ਹੈ. ਚੰਗੀ ਸ਼ੁਰੂਆਤ ਲਈ ਪ੍ਰੇਰਣਾ ਜ਼ਰੂਰੀ ਹੈ। ਜੇਕਰ ਕਿਸੇ ਵਿਅਕਤੀ ਵਿੱਚ ਪ੍ਰੇਰਣਾ ਦੀ ਘਾਟ ਹੈ, ਤਾਂ ਉਹ ਕਿਸੇ ਵੀ ਕੰਮ ਨੂੰ ਸਹੀ ਅਤੇ ਸੰਗਠਿਤ ਤਰੀਕੇ ਨਾਲ ਸ਼ੁਰੂ ਨਹੀਂ ਕਰ ਸਕਦਾ। ਪ੍ਰੇਰਣਾ ਇੱਕ ਨਵਾਂ ਕੰਮ ਸ਼ੁਰੂ ਕਰਨ ਲਈ ਸਹੀ ਰਵੱਈਆ ਪ੍ਰਦਾਨ ਕਰਦੀ ਹੈ। ਪ੍ਰੇਰਣਾ ਤੁਹਾਨੂੰ ਕੰਮ ਕਰਦੇ ਰਹਿਣ ਵਿੱਚ ਮਦਦ ਕਰਦੀ ਹੈ। ਜਦੋਂ ਵਿਅਕਤੀ ਘੱਟ ਮਹਿਸੂਸ ਕਰਦਾ ਹੈ, ਜਦੋਂ ਉਹ ਸੋਚਦਾ ਹੈ ਕਿ ਉਹ ਕੰਮ ਨੂੰ ਜਾਰੀ ਨਹੀਂ ਰੱਖ ਸਕਦਾ, ਤਾਂ ਪ੍ਰੇਰਣਾ ਵਿਅਕਤੀ ਨੂੰ ਕੰਮ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ। ਪ੍ਰੇਰਣਾ ਵਿਅਕਤੀ ਦਾ ਆਤਮ ਵਿਸ਼ਵਾਸ ਵੀ ਵਧਾਉਂਦੀ ਹੈ। ਜਦੋਂ ਕੋਈ ਵਿਅਕਤੀ ਸੋਚਦਾ ਹੈ ਕਿ ਉਹ ਨੌਕਰੀ ਲਈ ਫਿੱਟ ਨਹੀਂ ਹੈ, ਤਾਂ ਸਹੀ ਪ੍ਰੇਰਣਾ ਉਸ ਨੂੰ ਆਪਣੇ ਮਨ ਵਿੱਚੋਂ ਸਾਰੇ ਨਕਾਰਾਤਮਕ ਵਿਚਾਰਾਂ ਨੂੰ ਕੱਢਣ ਲਈ ਉਤਸ਼ਾਹਿਤ ਕਰ ਸਕਦੀ ਹੈ ਅਤੇ ਫਿਰ ਉਹ ਸਾਬਤ ਕਰ ਸਕਦਾ ਹੈ ਕਿ ਉਹ ਗਲਤ ਸੀ। ਪ੍ਰੇਰਣਾ ਵਿਅਕਤੀ ਨੂੰ ਉਹ ਕਰਨ ਲਈ ਉਤਸ਼ਾਹਿਤ ਕਰ ਸਕਦੀ ਹੈ ਜੋ ਉਹ ਕਰਨਾ ਚਾਹੁੰਦਾ ਹੈ। ਇਹ ਉਸਨੂੰ ਉਸਦੇ ਨਤੀਜਿਆਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰਦਾ ਹੈ. ਪ੍ਰੇਰਣਾ ਦੀ ਅਣਹੋਂਦ ਵਿੱਚ, ਇੱਕ ਵਿਅਕਤੀ ਇੱਕ ਨਿਰਾਸ਼ਾਵਾਦੀ ਬਣ ਜਾਂਦਾ ਹੈ. ਇਸ ਦਾ ਸਿੱਧਾ ਅਸਰ ਉਸਦੇ ਨਤੀਜੇ ਜਾਂ ਟੀਚੇ ’ਤੇ ਪੈਂਦਾ ਹੈ। ਵਿਅਕਤੀ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ। ਵਿਅਕਤੀ ਆਪਣੇ ਮਿਆਰ ਤੋਂ ਹੇਠਾਂ ਪ੍ਰਦਰਸ਼ਨ ਕਰੇਗਾ। ਪ੍ਰੇਰਿਤ ਕਿਵੇਂ ਰਹਿਣਾ ਹੈ ? ਹੇਠਾਂ ਦਿੱਤੇ ਨੁਕਤਿਆਂ ਦੀ ਪਾਲਣਾ ਕਰਕੇ ਵਿਅਕਤੀ ਹਮੇਸ਼ਾਂ ਪ੍ਰੇਰਿਤ ਰਹਿ ਸਕਦਾ ਹੈ: ਚੰਗਾ ਰਵੱਈਆ ਰੱਖੋ: ਕਿਸੇ ਵਿਅਕਤੀ ਦਾ ਰਵੱਈਆ ਸਭ ਤੋਂ ਪਹਿਲਾਂ ਉਸ ਨੂੰ ਪ੍ਰੇਰਿਤ ਕਰਦਾ ਹੈ। ਜੇ ਕੋਈ ਵਿਅਕਤੀ ਚੀਜ਼ਾਂ ਪ੍ਰਤੀ ਨਕਾਰਾਤਮਕ ਰਵੱਈਆ ਰੱਖਦਾ ਹੈ, ਤਾਂ ਉਹ ਖੁਦ ਨਿਰਾਸ਼ ਹੋ ਜਾਵੇਗਾ. ਜੇਕਰ ਵਿਅਕਤੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਆਪਣੇ ਆਪ ਹੀ ਸੋਚ ਲਵੇਗਾ ਕਿ ਉਸ ਦੇ ਹੱਕ ਵਿੱਚ ਕੁਝ ਨਹੀਂ ਜਾਵੇਗਾ ਤਾਂ ਉਹ ਪਹਿਲਾਂ ਹੀ ਨਿਰਾਸ਼ ਹੋ ਜਾਵੇਗਾ ਅਤੇ ਕੰਮ ਨਹੀਂ ਕਰੇਗਾ। ਉਦਾਹਰਨ ਲਈ, ਇੱਕ ਬੌਸ ਆਪਣੇ ਕਰਮਚਾਰੀ ਨੂੰ ਇੱਕ ਬਹੁਤ ਮਹੱਤਵਪੂਰਨ ਜ਼ਿੰਮੇਵਾਰੀ ਦਿੰਦਾ ਹੈ, ਕਰਮਚਾਰੀ ਨੂੰ ਜ਼ਿੰਮੇਵਾਰੀ ਦਾ ਡਰ ਪੈਦਾ ਹੋ ਸਕਦਾ ਹੈ ਕਿਉਂਕਿ ਉਹ ਸੋਚ ਸਕਦਾ ਹੈ ਕਿ ਜੇਕਰ ਉਹ ਇਸ ਨੂੰ ਪੂਰਾ ਨਹੀਂ ਕਰ ਸਕੇਗਾ, ਤਾਂ ਉਹ ਆਪਣੀ ਨੌਕਰੀ ਗੁਆ ਸਕਦਾ ਹੈ। ਇਹ ਡਰ ਇੱਕ ਨਕਾਰਾਤਮਕ ਰਵੱਈਏ ਵੱਲ ਪਹਿਲਾ ਹੈ. ਇਹ ਡਰ ਉਸਦੇ ਮਨ ਵਿੱਚ ਨਕਾਰਾਤਮਕ ਸੋਚ ਪੈਦਾ ਕਰਦਾ ਹੈ। ਉਹ ਸੋਚ ਸਕਦਾ ਹੈ ਕਿ ਉਹ ਨੌਕਰੀ ਲਈ ਸਹੀ ਨਹੀਂ ਹੈ ਜਾਂ ਉਹ ਕੁਝ ਵੀ ਕਰ ਸਕਦਾ ਹੈ ਪਰ ਕਿਸਮਤ ਉਸ ਨੂੰ ਜ਼ਿੰਮੇਵਾਰੀ ਨਿਭਾਉਣ ਨਹੀਂ ਦੇਵੇਗੀ। ਇਹ ਨਿਰਾਸ਼ਾ ਤੋਂ ਇਲਾਵਾ ਕੁਝ ਨਹੀਂ ਹੈ। ਜੇਕਰ ਵਿਅਕਤੀ ਸਕਾਰਾਤਮਕ ਰਵੱਈਆ ਦਿਖਾਏਗਾ ਅਤੇ ਸੋਚੇਗਾ ਕਿ ਜੇਕਰ ਉਸ ਨੂੰ ਕੋਈ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ ਤਾਂ ਉਸ ਵਿਚ ਕੁਝ ਅਜਿਹਾ ਜ਼ਰੂਰ ਹੈ ਜਿਸ ਕਾਰਨ ਉਸ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਉਹ ਹੀ ਇਸ ਨੂੰ ਪੂਰਾ ਕਰ ਸਕਦਾ ਹੈ, ਤਾਂ ਵਿਅਕਤੀ ਪ੍ਰੇਰਿਤ ਮਹਿਸੂਸ ਕਰੇਗਾ। ਦੋਵਾਂ ਮਾਮਲਿਆਂ ਦੇ ਨਤੀਜਿਆਂ ਵਿੱਚ ਅੰਤਰ ਦੀ ਤੁਲਨਾ ਕੀਤੀ ਜਾ ਸਕਦੀ ਹੈ ਅਤੇ ਇਹ ਦੇਖਿਆ ਜਾਵੇਗਾ ਕਿ ਇੱਕ ਸਿਹਤਮੰਦ ਰਵੱਈਆ ਵਾਲਾ ਵਿਅਕਤੀਚੰਗਾ ਪ੍ਰਦਰਸ਼ਨ ਕਰੇਗਾ ਕਿਉਂਕਿ ਉਹ ਪ੍ਰੇਰਿਤ ਮਹਿਸੂਸ ਕਰਦਾ ਹੈ। ਚਿੰਤਾ ਕਰਨਾ ਬੰਦ ਕਰੋ: ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਤੁਸੀਂ ਆਪਣੇ ਪੱਧਰ ’ਤੇ ਸੰਭਾਲ ਸਕਦੇ ਹੋ ਪਰ ਕੁਝ ਅਜਿਹੀਆਂ ਚੀਜ਼ਾਂ ਵੀ ਹਨ ਜੋ ਤੁਹਾਡੇ ਪ੍ਰਬੰਧਨ ਦੇ ਦਾਇਰੇ ਤੋਂ ਬਾਹਰ ਹਨ। ਇਹ ਚੀਜ਼ਾਂ ਜੋ ਵਿਅਕਤੀ ਦੁਆਰਾ ਨਿਯੰਤਰਿਤ ਨਹੀਂ ਕੀਤੀਆਂ ਜਾ ਸਕਦੀਆਂ ਉਸਦੇ ਮਨ ਵਿੱਚ ਚਿੰਤਾਵਾਂ ਪੈਦਾ ਕਰਦੀਆਂ ਹਨ ਅਤੇ ਉਸਨੂੰ ਨਿਰਾਸ਼ ਕਰਦੀਆਂ ਹਨ। ਉਦਾਹਰਨ ਲਈ, ਇੱਕ ਵਿਅਕਤੀ ਸਵੇਰੇ ਜਲਦੀ ਉੱਠਣ ਅਤੇ ਸੈਰ ਕਰਨ ਲਈ ਇੱਕ ਰੁਟੀਨ ਸ਼ੁਰੂ ਕਰਨਾ ਚਾਹੁੰਦਾ ਹੈ। ਵਿਅਕਤੀ ਆਪਣੀ ਨੀਂਦ ’ਤੇ ਕਾਬੂ ਪਾ ਸਕਦਾ ਹੈ, ਇਸ ਲਈ ਉਸਨੂੰ ਇਹ ਸੋਚਣ ਦੀ ਬਜਾਏ ਕਿ ਜੇ ਉਹ ਬਾਹਰ ਜਾਂਦਾ ਹੈ ਅਤੇ ਮੀਂਹ ਪੈਣ ਲੱਗ ਜਾਂਦਾ ਹੈ, ਜਾਂ ਉਸਨੂੰ ਸੱਟ ਲੱਗ ਜਾਂਦੀ ਹੈ, ਜਾਂ ਉਹ ਬਿਮਾਰ ਹੋ ਜਾਂਦਾ ਹੈ, ਤਾਂ ਉਸ ’ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਇਹ ਸਾਰੀਆਂ ਚੀਜ਼ਾਂ ਉਸ ਦੇ ਵੱਸ ਤੋਂ ਬਾਹਰ ਹਨ ਤਾਂ ਇਨ੍ਹਾਂ ਦੀ ਚਿੰਤਾ ਕਿਉਂ ਕਰਨੀ ਚਾਹੀਦੀ ਹੈ। ਚਿੰਤਾਵਾਂ demotivation ਦਾ ਹਿੱਸਾ ਹਨ। ਲੰਬੇ ਸਮੇਂ ਵਿੱਚ, ਚਿੰਤਾਵਾਂ ਡਰ ਵਿੱਚ ਵਿਕਸਤ ਹੋ ਸਕਦੀਆਂ ਹਨ। ਇਸ ਲਈ, ਉਹਨਾਂ ਚੀਜ਼ਾਂ ’ਤੇ ਫੋਕਸ ਕਰੋ ਜੋ ਤੁਹਾਡੇ ਦੁਆਰਾ ਨਿਯੰਤਰਿਤ ਕੀਤੀਆਂ ਜਾ ਸਕਦੀਆਂ ਹਨ ਅਤੇ ਹੋਰ ਚੀਜ਼ਾਂ ਨੂੰ ਭੁੱਲ ਜਾਓ ਅਤੇ ਉਨ੍ਹਾਂ ਨੂੰ ਹੋਣ ਦਿਓ। ਜੇਕਰ ਤੁਸੀਂ ਇਸ ਤਰ੍ਹਾਂ ਦਾ ਰਵੱਈਆ ਵਿਕਸਿਤ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਹੀ ਪ੍ਰੇਰਿਤ ਮਹਿਸੂਸ ਕਰੋਗੇ। ਉਨ੍ਹਾਂ ਲੋਕਾਂ ਦੇ ਨਾਲ ਰਹੋ ਜੋ ਤੁਹਾਨੂੰ ਪ੍ਰੇਰਿਤ ਕਰਦੇ ਹਨ: ਕਿਸੇ ਵਿਅਕਤੀ ਦੀ ਸੰਗਤ ਉਸ ਦੇ ਜੀਵਨ ’ਤੇ ਬਹੁਤ ਪ੍ਰਭਾਵ ਪਾਉਂਦੀ ਹੈ। ਉਹ ਵਿਅਕਤੀ ਹੌਲੀ-ਹੌਲੀ ਉਨ੍ਹਾਂ ਲੋਕਾਂ ਵਰਗਾ ਬਣ ਜਾਵੇਗਾ ਜਿਨ੍ਹਾਂ ਨਾਲ ਉਹ ਰਹਿੰਦਾ ਹੈ। ਜੇਕਰ ਕੰਪਨੀ ਵਿੱਚ ਲੋਕ ਨਕਾਰਾਤਮਕ ਵਿਚਾਰਾਂ ਨਾਲ ਭਰੇ ਹੋਏ ਹਨ, ਤਾਂ ਉਹ ਵਿਅਕਤੀ ਨੂੰ ਨਿਰਾਸ਼ ਕਰ ਦੇਣਗੇ ਅਤੇ ਅੰਤ ਵਿੱਚ ਵਿਅਕਤੀ ਦੀ ਸੋਚ ਵੀ ਨਕਾਰਾਤਮਕ ਹੋ ਜਾਵੇਗੀ। ਜੇਕਰ ਕੋਈ ਵਿਅਕਤੀ ਆਪਣੇ ਦੋਸਤਾਂ ਨੂੰ ਕਹੇ ਕਿ ਉਹ ਕਿਸੇ ਖੇਡ ਮੁਕਾਬਲੇ ਵਿੱਚ ਹਿੱਸਾ ਲੈਣਾ ਚਾਹੁੰਦਾ ਹੈ ਅਤੇ ਉਸਦੇ ਦੋਸਤ ਕਹਿੰਦੇ ਹਨ ਕਿ ਭਾਗ ਲੈਣ ਦਾ ਕੋਈ ਮਕਸਦ ਨਹੀਂ ਹੈ ਕਿਉਂਕਿ ਅੰਤ ਵਿੱਚ ਉਹ ਮੁਕਾਬਲਾ ਹਾਰ ਜਾਵੇਗਾ, ਵਿਅਕਤੀ ਨਿਰਾਸ਼ ਹੋ ਜਾਵੇਗਾ ਅਤੇ ਬਿਨਾਂ ਭਾਗ ਲਏ ਵੀ ਹਾਰ ਜਾਵੇਗਾ। ਪਰ ਜੇਕਰ ਦੋਸਤ ਉਸਨੂੰ ਪ੍ਰੇਰਿਤ ਕਰਦੇ ਹਨ ਅਤੇ ਉਸਨੂੰ ਕਹਿੰਦੇ ਹਨ ਕਿ ਉਸਨੂੰ ਭਾਗ ਲੈਣਾ ਚਾਹੀਦਾ ਹੈ ਕਿਉਂਕਿ ਉਸਦੇ ਮੁਕਾਬਲੇ ਜਿੱਤਣ ਦੀਆਂ ਸੰਭਾਵਨਾਵਾਂ ਹਨ, ਤਾਂ ਵਿਅਕਤੀ ਆਸਵੰਦ ਹੋ ਜਾਵੇਗਾ ਅਤੇ ਉਹ ਮੁਕਾਬਲਾ ਵੀ ਜਿੱਤ ਸਕਦਾ ਹੈ। ਇਸ ਲਈ ਕਿਸੇ ਵਿਅਕਤੀ ਦੀ ਸੰਗਤ ਬਹੁਤ ਮਾਇਨੇ ਰੱਖਦੀ ਹੈ। ਜੇਕਰ ਤੁਹਾਡੀ ਸੰਗਤ ਵਿੱਚ ਅਜਿਹੇ ਲੋਕ ਹਨ ਜੋ ਤੁਹਾਡੇ ਮਨ ਨੂੰ ਨਕਾਰਾਤਮਕਤਾਵਾਂ ਨਾਲ ਭਰਦੇ ਹਨ ਜਾਂ ਤੁਹਾਨੂੰ ਨਿਰਾਸ਼ ਕਰਦੇ ਹਨ, ਤਾਂ ਤੁਹਾਨੂੰ ਉਨ੍ਹਾਂ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਉਹ ਤੁਹਾਨੂੰ ਜ਼ਿੰਦਗੀ ਵਿੱਚ ਕਾਮਯਾਬ ਨਹੀਂ ਹੋਣ ਦੇਣਗੇ। ਆਪਣੀਆਂ ਗਲਤੀਆਂ ਤੋਂ ਸਿੱਖੋ: ਗਲਤੀ ਕਰਨਾ ਮਨੁੱਖੀ ਸੁਭਾਅ ਹੈ ਪਰ ਉਸੇ ਗਲਤੀ ਨੂੰ ਵਾਰ-ਵਾਰ ਦੁਹਰਾਉਣਾ ਮੂਰਖਤਾ ਹੈ। ਜੇਕਰ ਤੁਸੀਂ ਕੋਈ ਗਲਤੀ ਕਰਦੇ ਹੋ ਤਾਂ ਨਿਰਾਸ਼ ਨਾ ਹੋਵੋ। ਇਸ ਸਾਰੀ ਦੁਨੀਆ ਵਿਚ ਤੁਸੀਂ ਇਕੱਲੇ ਨਹੀਂ ਹੋ ਜਿਸ ਨੇ ਇਹ ਗਲਤੀ ਕੀਤੀ ਹੈ। ਗਲਤੀਆਂ ਬਿਲਕੁਲ ਆਮ ਹਨ. ਇਹ ਨਾ ਮਹਿਸੂਸ ਕਰੋ ਕਿ ਜੇਕਰ ਤੁਸੀਂ ਕਿਸੇ ਕੰਮ ਵਿੱਚ ਗਲਤੀ ਕਰਦੇ ਹੋ ਤਾਂ ਤੁਸੀਂ ਉਸ ਕੰਮ ਲਈ ਯੋਗ ਨਹੀਂ ਹੋ। ਹੋ ਸਕਦਾ ਹੈ ਕਿ ਉਹੀ ਕੰਮ ਕਰਦੇ ਹੋਏ ਤੁਹਾਡੇ ਨਾਲੋਂ ਜ਼ਿਆਦਾ ਗਲਤੀਆਂ ਕਰਨ ਵਾਲੇ ਹੋਰ ਲੋਕ ਵੀ ਹੋਣ। ਨਿਰਾਸ਼ ਹੋਣ ਦੀ ਬਜਾਏ ਤੁਹਾਨੂੰ ਆਪਣੀਆਂ ਗਲਤੀਆਂ ’ਤੇ ਕੰਮ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਇਹ ਪਤਾ ਲਗਾਓ ਕਿ ਤੁਹਾਡੀ ਗਲਤੀ ਕੀ ਹੈ। ਫਿਰ ਸੋਚੋ ਕਿ ਤੁਸੀਂ ਇਹ ਗਲਤੀ ਕਿਵੇਂ ਕੀਤੀ ਅਤੇ ਇਹ ਕਿਉਂ ਹੋਈ। ਅਤੇ ਫਿਰ ਅੰਤ ਵਿੱਚ ਗਲਤੀ ਨੂੰ ਸੁਧਾਰਨ ਲਈ ਸਾਰੇ ਸੰਭਵ ਹੱਲਾਂ ਬਾਰੇ ਸੋਚੋ. ਪਰ ਗਲਤੀ ਨੂੰ ਸੁਧਾਰਨਾ ਕਾਫੀ ਨਹੀਂ ਹੈ। ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਗਲਤੀ ਨਾ ਦੁਹਰਾਓ। ਤੁਹਾਨੂੰ ਆਪਣੀਆਂ ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ। ਇਹ ਗਲਤੀ ਨੂੰ ਸੰਭਾਲਣ ਦਾ ਸਹੀ ਤਰੀਕਾ ਹੈ। ਆਪਣੀਆਂ ਪ੍ਰਾਪਤੀਆਂ ’ਤੇ ਇੱਕ ਨਜ਼ਰ ਮਾਰੋ: ਪ੍ਰੇਰਿਤ ਰਹਿਣ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ। ਆਪਣੀਆਂ ਸਾਰੀਆਂ ਟਰਾਫੀਆਂ, ਸਰਟੀਫਿਕੇਟਾਂ, ਪੁਰਸਕਾਰਾਂ, ਇਨਾਮਾਂ ਨੂੰ ਦੇਖੋ ਜੋ ਤੁਸੀਂ ਜੀਵਨ ਦੇ ਪਿਛਲੇ ਸਾਲਾਂ ਵਿੱਚ ਪ੍ਰਾਪਤ ਕੀਤੇ ਹਨ। ਇਹਨਾਂ ਨੂੰ ਦੇਖ ਕੇ ਤੁਸੀਂ ਸੋਚੋਗੇ ਕਿ ਜੇ ਤੁਸੀਂ ਇਹਨਾਂ ਨੂੰ ਪ੍ਰਾਪਤ ਕਰ ਸਕਦੇ ਹੋ ਤਾਂ ਤੁਸੀਂ ਯਕੀਨੀ ਤੌਰ ’ਤੇ ਹੋਰ ਪ੍ਰਾਪਤ ਕਰ ਸਕਦੇ ਹੋ। ਇਹ ਤੁਹਾਨੂੰ ਹੋਰ ਵੀ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰੇਗਾ ਤਾਂ ਜੋ ਤੁਹਾਡੀ ਜੇਬ ਵਿੱਚ ਕੋਈ ਨਵੀਂ ਪ੍ਰਾਪਤੀ ਹੋਵੇ। ਉਨ੍ਹਾਂ ’ਤੇ ਨਜ਼ਰ ਮਾਰਨਾ ਤੁਹਾਨੂੰ ਖੁਸ਼ੀ ਵੀ ਪ੍ਰਦਾਨ ਕਰੇਗਾ ਜੋ ਪ੍ਰੇਰਣਾ ਦਾ ਹਿੱਸਾ ਹੈ। ਇੱਕ ਖੁਸ਼ ਵਿਅਕਤੀ ਇੱਕ ਨਾਖੁਸ਼ ਨਾਲੋਂ ਚੰਗਾ ਪ੍ਰਦਰਸ਼ਨ ਕਰ ਸਕਦਾ ਹੈ। ਇਸ ਲਈ ਜਦੋਂ ਵੀ ਤੁਸੀਂ ਆਪਣੇ ਟੀਚੇ ਲਈ ਨਿਰਾਸ਼, ਉਦਾਸ, ਉਦਾਸ, ਜਾਂ ਨਿਰਾਸ਼ ਮਹਿਸੂਸ ਕਰਦੇ ਹੋ ਤਾਂ ਆਪਣੀਆਂ ਸਾਰੀਆਂ ਪ੍ਰਾਪਤੀਆਂ ’ਤੇ ਨਜ਼ਰ ਮਾਰੋ ਅਤੇ ਇਹ ਯਾਦ ਰੱਖਣ ਦੀ ਕੋਸ਼ਿਸ਼ ਕਰੋ ਕਿ ਸਭ ਕੁਝ ਕੀ ਹੈ ? ਇਹ ਸਭ ਪ੍ਰਾਪਤ ਕਰਨ ਲਈ ਤੁਸੀਂ ਜੋ ਕੰਮ ਕੀਤਾ ਅਤੇ ਸੋਚੋ ਕਿ ਜੇਕਰ ਤੁਸੀਂ ਇਹਨਾਂ ਪ੍ਰਾਪਤੀਆਂ ਲਈ ਕੰਮ ਕਰ ਸਕਦੇ ਹੋ, ਤਾਂ ਤੁਸੀਂ ਆਪਣੇ ਭਵਿੱਖ ਦੇ ਟੀਚਿਆਂ ਲਈ ਵੀ ਕੰਮ ਕਰ ਸਕਦੇ ਹੋ। ਆਪਣੇ ਟੀਚਿਆਂ ਬਾਰੇ ਆਪਣੇ ਆਪ ਨੂੰ ਵਾਰ-ਵਾਰ ਯਾਦ ਦਿਵਾਓ: ਪਹਿਲਾਂ, ਉਨ੍ਹਾਂ ਕਾਰਨਾਂ ਬਾਰੇ ਸੋਚੋ ਕਿ ਤੁਸੀਂ ਇਸ ਟੀਚੇ ਨੂੰ ਕਿਉਂ ਪੂਰਾ ਕਰਨਾ ਚਾਹੁੰਦੇ ਹੋ। ਇਸ ਨਾਲ ਜੁੜੇ ਸਾਰੇ ਫਾਇਦੇ ਅਤੇ ਨੁਕਸਾਨ ਦੀ ਇੱਕ ਸੂਚੀ ਬਣਾਓ. ਆਪਣਾ ਟੀਚਾ ਪੂਰਾ ਕਰਨ ਤੋਂ ਬਾਅਦ ਆਪਣੀ ਜ਼ਿੰਦਗੀ ਬਾਰੇ ਸੋਚਣ ਦੀ ਕੋਸ਼ਿਸ਼ ਕਰੋ। ਇਹ ਯਕੀਨੀ ਤੌਰ ’ਤੇ ਖੁਸ਼ੀ ਦੀ ਗੱਲ ਹੋਵੇਗੀ। ਇਹ ਖੁਸ਼ੀ ਤੁਹਾਡੀ ਪ੍ਰੇਰਣਾ ਬਣ ਸਕਦੀ ਹੈ। ਜੇਕਰ ਤੁਸੀਂ ਉਸ ਖੁਸ਼ੀ ਨੂੰ ਮਹਿਸੂਸ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਟੀਚੇ ’ਤੇ ਕੰਮ ਕਰਨ ਦੀ ਲੋੜ ਹੈ। ਜੇਕਰ ਤੁਸੀਂ ਨਿਯਮਿਤ ਅੰਤਰਾਲਾਂ ’ਤੇ ਇਸ ਬਾਰੇ ਆਪਣੇ ਆਪ ਨੂੰ ਯਾਦ ਕਰਾਉਂਦੇ ਰਹੋਗੇ ਤਾਂ ਤੁਸੀਂ ਆਪਣੇ ਟੀਚੇ ਲਈ ਕੰਮ ਕਰਦੇ ਹੋਏ ਕਦੇ ਵੀ ਨਿਰਾਸ਼ ਮਹਿਸੂਸ ਨਹੀਂ ਕਰੋਗੇ। ਆਪਣੇ ਟੀਚੇ ਨੂੰ ਛੋਟੇ ਉਪ ਟੀਚਿਆਂ ਵਿੱਚ ਵੰਡੋ: ਜਦੋਂ ਤੁਸੀਂ ਕਿਸੇ ਟੀਚੇ ਬਾਰੇ ਸੋਚਦੇ ਹੋ, ਤਾਂ ਇਸਨੂੰ ਉਪ-ਟੀਚਿਆਂ ਵਿੱਚ ਵੰਡੋ। ਜਦੋਂ ਵੀ ਤੁਸੀਂ ਉਪ-ਟੀਚੇ ਨੂੰ ਪ੍ਰਾਪਤ ਕਰਦੇ ਹੋ ਇਹ ਤੁਹਾਡੀ ਜਿੱਤ ਵੱਲ ਇੱਕ ਕਦਮ ਹੋਵੇਗਾ। ਇਹ ਛੋਟੀਆਂ ਜਿੱਤਾਂ ਤੁਹਾਨੂੰ ਖੁਸ਼ੀ ਅਤੇ ਪ੍ਰੇਰਣਾ ਪ੍ਰਦਾਨ ਕਰਨਗੀਆਂ। ਜੇਕਰ ਤੁਸੀਂ ਆਪਣੇ ਪਹਿਲੇ ਉਪ-ਟੀਚੇ ਨੂੰ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਆਪਣੇ ਦੂਜੇ ਉਪ-ਟੀਚੇ ਲਈ ਕੰਮ ਕਰਨ ਲਈ ਪ੍ਰੇਰਿਤ ਹੋਵੋਗੇ ਅਤੇ ਇਹ ਜਾਰੀ ਰਹੇਗਾ ਕਿਉਂਕਿ ਤੁਸੀਂ ਉਪ-ਟੀਚਿਆਂ ਨੂੰ ਪ੍ਰਾਪਤ ਕਰਨਾ ਜਾਰੀ ਰੱਖੋਗੇ। ਅਤੇ ਅੰਤ ਵਿੱਚ, ਤੁਸੀਂ ਆਪਣੇ ਅੰਤਮ ਟੀਚੇ ’ਤੇ ਪਹੁੰਚੋਗੇ. ਸਿੱਟਾ ਇਹ ਕਿਹਾ ਜਾਂਦਾ ਹੈ ਕਿ ਚੈਂਪੀਅਨ ਬਣਨ ਲਈ ਤੁਹਾਨੂੰ ਆਪਣੇ ਆਪ ’ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਜਦੋਂ ਕੋਈ ਹੋਰ ਤੁਹਾਡੇ ’ਤੇ ਵਿਸ਼ਵਾਸ ਨਹੀਂ ਕਰਦਾ. ਇਹ ਵਿਸ਼ਵਾਸ ਤੁਹਾਡੀ ਪ੍ਰੇਰਣਾ ਹੈ। ਜੇਕਰ ਤੁਸੀਂ ਜਾਣਦੇ ਹੋ ਕਿ ਤੁਸੀਂ ਇਹ ਕਰ ਸਕਦੇ ਹੋ, ਤਾਂ ਤੁਸੀਂ ਯਕੀਨੀ ਤੌਰ ’ਤੇ ਇਹ ਕਰਨ ਦੇ ਯੋਗ ਹੋਵੋਗੇ ਅਤੇ ਜੇਕਰ ਤੁਸੀਂ ਇਹ ਕਰਨਾ ਚਾਹੁੰਦੇ ਹੋ ਤਾਂ ਦੁਨੀਆ ਦੀ ਕੋਈ ਤਾਕਤ ਨਹੀਂ ਹੈ ਜੋ ਤੁਹਾਨੂੰ ਅਜਿਹਾ ਕਰਨ ਤੋਂ ਰੋਕ ਸਕਦੀ ਹੈ। ਕਿਸੇ ਟੀਚੇ ਦੀ ਸਿਰਫ਼ ਇੱਛਾ ਕਰਕੇ ਹੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਤੁਹਾਨੂੰ ਇਸਦੇ ਲਈ ਕੰਮ ਕਰਨ ਦੀ ਲੋੜ ਹੈ। ਜਦੋਂ ਤੁਸੀਂ ਇਸ ਨੂੰ ਸਮਝਦੇ ਹੋ, ਤੁਹਾਨੂੰ ਲੋੜੀਂਦੀ ਪ੍ਰੇਰਣਾ ਮਿਲਦੀ ਹੈ। ਇਹ ਸਿਰਫ ਤੁਸੀਂ ਹੀ ਹੋ ਜੋ ਆਪਣੇ ਖੁਦ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੰਮ ਕਰ ਸਕਦੇ ਹੋ. ਇਹ ਤੁਹਾਨੂੰ ਹੈ ਜਿਸਨੂੰ ਸਖ਼ਤ ਮਿਹਨਤ ਕਰਨ ਦੀ ਲੋੜ ਹੈ। ਸਖ਼ਤ ਮਿਹਨਤ ਔਖੇ ਕੰਮਾਂ ਨੂੰ ਆਸਾਨ ਬਣਾ ਸਕਦੀ ਹੈ ਅਤੇ ਇਹ ਅਸੰਭਵ ਚੀਜ਼ਾਂ ਨੂੰ ਵੀ ਸੰਭਵ ਬਣਾ ਸਕਦੀ ਹੈ। ਤੁਹਾਨੂੰ ਜੋ ਕਰਨਾ ਹੈ ਉਹ ਹੈ ਉਮੀਦ ਗੁਆਏ ਬਿਨਾਂ ਸਖ਼ਤ ਮਿਹਨਤ। ਕੋਈ ਵੀ ਸੁਪਨਾ ਇੰਨਾ ਵੱਡਾ ਨਹੀਂ ਹੁੰਦਾ ਕਿ ਉਸ ਨੂੰ ਪੂਰਾ ਨਾ ਕੀਤਾ ਜਾ ਸਕੇ। ਜੇਕਰ ਤੁਹਾਡੇ ਕੋਲ ਇਸ ਬਾਰੇ ਸੁਪਨੇ ਦੇਖਣ ਦੀ ਸਮਰੱਥਾ ਹੈ ਤਾਂ ਤੁਹਾਡੇ ਵਿੱਚ ਇਸ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਵੀ ਹੈ। ਇਸ ਲਈ ਵੱਡੇ ਸੁਪਨੇ ਦੇਖੋ ਅਤੇ ਪ੍ਰੇਰਿਤ ਰਹੋ ਅਤੇ ਜਿਵੇਂ ਕਿ ਉਹ ਕਹਿੰਦੇ ਹਨ, ਉਦੋਂ ਤੱਕ ਸਖ਼ਤ ਮਿਹਨਤ ਕਰੋ ਜਦੋਂ ਤੱਕ ਤੁਹਾਡੀਆਂ ਮੂਰਤੀਆਂ ਤੁਹਾਡੇ ਵਿਰੋਧੀ ਨਹੀਂ ਬਣ ਜਾਂਦੀਆਂ।

# ਪ੍ਰਾਪਰ ਸਲੀਪ ਲਵੋ ਤੰਦਰੁਸਤੀ ਲਈ

*''ਵਿਸ਼ਵ ਭਰ ਵਿਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਬਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਹਰ ਉਮਰ 'ਚ ਚਿੰਤਾ ਘੱਟ ਕਰਨ ਲਈ ਖਿਆਲ ਰੱਖਣਾ ਜਰੂਰੀ ਹੋ ਗਿਆ ਹੈ''-ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਸੋਸ਼ਲ ਐਕਟੀਵਿਸਟ*



ਅਨਿਲ ਧੀਰ
ਕਾਲਮਨਿਸਟ
healthmedia1@hotmail.com







ਵਿਸ਼ਵ ਸਲੀਪ ਦਿਵਸ 17 ਮਾਰਚ, 2023 ਨੂੰ ਵਿਸ਼ਵ ਭਰ 'ਚ ਸਲੀਪ ਜਾਗਰੁਕਤਾ ਦੇ ਤੌਰ 'ਤੇ ਮਨਾਇਆ ਗਿਆ। ਵਿਸ਼ਵ ਸਲੀਪ ਅਦਾਰੇ ਦੇ ਪਹਿਲੇ ਸਹਿ-ਚੇਅਰ ਲਿਬਰੋ ਪੈਰਿਨੋ, ਪਰਮਾ ਯੂਨੀਵਰਸਿਟੀ ਇਟਲੀ ਦੇ ਨਿਊਰੋਲੋਜ਼ੀ ਦੇ ਪ੍ਰੋਫੈਸਰ ਅਤੇ ਐਂਟੋਨੀਓ ਕੁਲੇਬਰਾਸ ਅਪਸਟੇਟ ਮੈਡੀਕਲ ਯੂਨੀਵਰਸਿਟੀ 'ਤੇ ਕਮਿਊਨਿਟੀ ਜਨਰਲ ਹਸਪਤਾਲ ਸੀਰਾਕਯੂਸ ਨਿਊਯਾਰਕ ਯੂ.ਐਸ.ਏ ਤੋਂ ਸਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਿਸ਼ਵ ਭਰ ਵਿਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਬਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਨੌਜਵਾਨ ਅਤੇ ਸੀਨੀਅਰਜ਼, ਕਰੀਬਨ 264 ਮਿਲੀਅਨ ਦਾ ਆਂਕੜਾ ਪਾਰ ਕਰ ਚੁੱਕੇ ਹਨ। ਨਾਰਥ-ਅਮਰੀਕਾ ਵਿਚ 20-59 ਸਾਲ ਦੇ 65 ਤੋਂ 70% ਲੋਕ ਇਨਸੋਮਨੀਆ ਦੇ ਅਤੇ 50-70% ਨੀਂਦ ਦੇ ਦੌਰਾਨ ਸਨੋਰਿੰਗ ਦੇ ਸ਼ਿਕਾਰ ਹਨ। ਸਟਡੀ ਮੁਤਾਬਿਕ 7-10% ਸੈਕਸੋਮੀਆ ਯਾਨਿ ਆਪਣੇ ਸਾਥੀ ਨਾਲ ਯੌਨ ਸੰਬੰਧ ਲਈ ਅੱਧੀ ਰਾਤ ਵੇਲੇ ਜਾਗਣਾ, ਦੇ ਸ਼ਿਕਾਰ ਹਨ। ਹਰ ਆਦਮੀ ਜਾਣਦਾ ਹੈ ਕਿ ਸਰੀਰਕ ਅਤੇ ਮਾਨਸਿਕ ਸਿਹਤ ਲਈ ਨੀਂਦ ਜ਼ਰੂਰੀ ਹੈ, ਕੁੱਝ ਇਹ ਨਹੀਂ ਜਾਣਦੇ ਕਿ ਕਿਨਾਂ ਮਹੱਤਵਪੂਰਣ ਹੈ।

ਦੁਨੀਆ ਭਰ ਵਿਚ ਨੀਂਦ ਸੰਬੰਧੀ ਸਮੱਸਿਅਵਾਂ ਇਨਸੋਮਨੀਆ, ਸਲੀਪ ਐਪਨੀਆ, ਨਾਰਕੋਲਪਸੀ, ਘੱਟ ਨੀਂਦ, ਸਨੋਰਿੰਗ, ਰਾਤ ਵੇਲੇ ਡਰਨਾ ਤੇਜ਼ੀ ਨਾਲ ਵੱਧ ਰਹੀਆਂ ਹਨ। ਅਮਰੀਕਾ ਵਿਚ ਕਰੀਬਨ 9 ਮਿਲੀਅਨ ਸੌਣ ਤੋਂ ਪਹਿਲਾਂ ਸਲੀਪ ਲਈ ਡਾਕਟਰੀ ਤਜਵੀਜ਼ ਵਾਲੀਆਂ ਦਵਾਈਆਂ ਲੈ ਰਹੇ ਹਨ। ਤੇਜ਼ ਰਫਤਾਰ ਜ਼ਿੰਦਗੀ ਵਿਚ ਵਰਕ-ਪਲੇਸ 'ਤੇ ਸ਼ਿਫਟਾਂ ਦੀ ਰੋਟੇਸ਼ਨ, ਜੋੜਾਂ ਦਾ ਦਰਦ, ਗਠੀਆ, ਸਟ੍ਰੈਸ, ਕਲੇਸ਼ ਦਾ ਮਾਹੌਲ, ਲੋੜ ਤੋਂ ਵੱਧ ਓਟੀਸੀ ਦਵਾਈਆਂ ਦੀ ਵਰਤੋਂ, ਸਿਰ ਦਰਦ, ਕਾਰਨ ਨੀਂਦ ਸੰਬੰਧੀ ਰੋਗ ਵੱਧ ਰਹੇ ਹਨ। ਪ੍ਰੈਗਨੈਂਸੀ ਦੌਰਾਨ ਔਰਤਾਂ ਪਹਿਲੇ ਅਤੇ ਤੀਜੇ ਮਹੀਨੇ ਰਾਤ ਵੇਲੇ ਨੀਂਦ ਅਤੇ ਦਿਨ ਵਿਚ ਥਕਾਵਟ ਮਹਿਸੂਸ ਕਰਦੀਆਂ ਹਨ। ਪਹਿਲੇ ਤਿਮਾਹੀ ਦੇ ਦੌਰਾਨ ਬਾਰ-ਬਾਰ ਪਿਸ਼ਾਬ ਆਉਣ ਕਰਕੇ ਨੀਂਦ ਭੰਗ ਹੋ ਜਾਂਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਲਗਾਤਾਰ ਦੇਖਭਾਲ, ਦੀ ਚਿੰਤਾ, ਸਟ੍ਰੈਸ ਨਾਲ ਮਾਨਸਿਕ ਪ੍ਰੇਸ਼ਾਨੀਆਂ ਵੱਧ ਜਾਂਦੀਆਂ ਹਨ।

**ਖਿਆਲ ਰੱਖੋ :**

• ਲੰਬੀ ਤੰਦਰੁਸਤ ਜ਼ਿੰਦਗੀ ਲਈ ਵਰਕ-ਪਲੇਸ ਦੀਆਂ ਸ਼ਿਫਟਾਂ ਦੇ ਬਾਵਜੂਦ ਡੇਲੀ ਸਲੀਪ ਅਤੇ ਜਾਗਣ ਦਾ ਸਮਾਂ ਨਿਸ਼ਚਿਤ ਕਰਕੇ ਰੋਜਾਣਾ ਘੱਟੋ-ਘੱਟ 8-10 ਘੰਟੇ ਦੀ ਨੀਂਦ ਜਰੂਰ ਲਵੋ।

• ਅਲਕੋਹਲ, ਕੈਫੀਨ, ਅਤੇ ਨਿਕੋਟਿਨ, ਮਸਾਲੇਦਾਰ ਫ੍ਰਾਈਡ ਫੂਡ ਦਾ ਬੈਡ 'ਤੇ ਜਾਣ ਤੋਂ ਪਹਿਲਾਂ ਇਸਤੇਮਾਲ ਕਰਨ ਨਾਲ ਸਰੀਰ 'ਤੇ ਮਨ ਬਿਮਾਰ ਹੋ ਸਕਦਾ ਹੈ।

• 8-10 ਬਦਾਮ ਗਿਰੀ ਖਾ ਕੇ ਗਰਮਾ-ਗਰਮ ਦੁੱਧ ਪੀਓ। ਦੁੱਧ ਅੰਦਰ ਮੌਜੂਦ ਕੈਲਸੀਅਮ, ਜੋ ਦਿਮਾਗ ਨੂੰ ਮੇਲਾਟੋਨਿਨ ਬਣਾਉਣ ਵਿਚ ਮਦਦ ਕਰਦਾ ਹੈ।

• ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਪੰਪਕਿਨ ਸੀਡਜ਼, ਸ਼ਹਿਦ ਵਾਲਾ ਗਰਮ ਦੁੱਧ, ਸ਼ਾਮਿਲ ਕਰੋ। ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ ਨੀਂਦ ਲਈ ਦਿਮਾਗ ਦਾ ਸਾਈਕਲ ਬਿਗਾੜ ਸਕਦੀ ਹੈ।

• ਸੌਣ ਤੋਂ ਪਹਿਲਾਂ ਲਵੈਂਡਰ ਅਰੋਮਾ ਤੇਲ ਦੀ 2-4 ਬੂੰਦਾਂ ਕਾਟਨ ਬਾਲ (ਰੂਈ) 'ਤੇ ਪਾ ਕੇ ਸੁੰਘੋ। ਇਨਸੋਮਨੀਆ ਦੀ ਹਾਲਤ ਵਿਚ ਮਦਦ ਮਿਲ ਸਕਦੀ ਹੈ।

• ਪੂਰੇ ਦਿਨ ਵਿੱਚ 8-10 ਗਿਲਾਸ ਕੌਸਾ ਪਾਣੀ ਪੀਣ ਦੀ ਆਦਤ ਪਾ ਲਵੋ।

**ਨੋਟ:** ਕਿਸੇ ਵੀ ਬਿਮਾਰੀ ਅਤੇ ਪ੍ਰੈਗਨੈਂਸੀ ਦੌਰਾਣ ਨੀਂਦ ਦੀ ਹਰ ਸਮੱਸਿਆ ਦੇ ਲਈ ਡਾਕਟਰੀ ਸਲਾਹ, ਪੂਰੀ ਜਾਂਚ 'ਤੇ ਇਲਾਜ਼ ਕਰਾਓ। ਆਪਣੀ ਮਰਜ਼ੀ ਨਾਲ ਕੋਈ ਵੀ ਦਵਾਈ ਅਤੇ ਸਪਲੀਮੈਂਟ ਨਾ ਲਵੋ।

# ਤੁਹਾਡੇ ਖਾਣ-ਪੀਣ ਵਿਚ ਹੀ ਤੁਹਾਡੀ ਸਿਹਤ ਦਾ ਲੁਕਿਆ ਰਾਜ



ਤੁਹਾਡੇ ਖਾਣ-ਪੀਣ ਵਿਚ ਹੀ ਤੁਹਾਡੀ ਸਿਹਤ ਦਾ ਰਾਜ ਲੁਕਿਆ ਹੈ। ਤੁਸੀਂ ਕਿੰਨੇ ਤੰਦਰੁਸਤ ਹੋ, ਤੁਸੀਂ ਕੀ ਖਾਂਦੇ ਹੋ ਇਸ ਉਤੇ ਨਿਰਭਰ ਕਰਦਾ ਹੈ। ਇਸਦੇ ਬਿਨਾਂ ਤੁਹਾਡੇ ਖਾਣ ਦਾ ਵਕਤ ਵੀ ਕਾਫ਼ੀ ਅਹਿਮ ਹੁੰਦਾ ਹੈ। ਕਿਸ ਸਮੇਂ ਤੇ ਕੀ ਚੀਜ਼ ਖਾਈ ਜਾ ਰਹੀ ਹੈ, ਤੁਹਾਡੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ। ਕੋਈ ਵੀ ਖਾਣਾ ਉਦੋਂ ਤੁਹਾਡੇ ਸਰੀਰ ਨੂੰ ਤੱਦ ਲੱਗਦਾ ਹੈ ਜਦੋਂ ਠੀਕ ਸਮੇਂ ਤੇ ਉਸਨੂੰ ਖਾਧਾ ਜਾਵੇ। ਗਲਤ ਸਮੇਂ ਤੇ ਉਸਨੂੰ ਖਾਣ ਨਾਲ ਤੁਹਾਡੀ ਸਿਹਤ ਉਤੇ ਨਕਾਰਾਤਮਕ ਅਸਰ ਹੋ ਸਕਦਾ ਹੈ। ਇਸ ਖ਼ਬਰ ਵਿਚ ਅਸੀ ਤੁਹਾਨੂੰ ਦੱਸਾਂਗੇ ਕਿ ਅਜਿਹੀਆਂ ਕਿਹੜੀਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਖਾਲੀ ਢਿੱਡ ਨਹੀਂ ਖਾਣਾ ਚਾਹੀਦਾ।

ਕਾਰਬੋਹਾਈਡਰੇਟ ਡਰਿੰਕ : ਕਾਰਬੋਹਾਈਡਰੇਟ ਡਰਿੰਕਸ ਸਿਹਤ ਲਈ ਚੰਗੀ ਨਹੀਂ ਹੁੰਦੀ ਹੈ। ਖਾਲੀ ਢਿੱਡ ਇਨ੍ਹਾਂ ਦਾ ਸੇਵਨ ਹੋਰ ਵੀ ਖ਼ਤਰਨਾਕ ਹੁੰਦਾ ਹੈ। ਸਵੇਰੇ, ਖਾਲੀ ਢਿੱਡ ਇਸਦਾ ਸੇਵਨ ਬਹੁਤ ਨੁਕਸਾਨਦਾਇਕ ਹੁੰਦਾ ਹੈ। ਇਸਦੇ ਪ੍ਰਯੋਗ ਨਾਲ ਕੈਂਸਰ ਅਤੇ ਦਿਲ ਦੇ ਰੋਗ ਵਰਗੀਆਂ ਗੰਭੀਰ ਪਰੇਸ਼ਾਨੀਆਂ ਹੋ ਸਕਦੀਆਂ ਹਨ।

ਕਾਫ਼ੀ ਜਾਂ ਚਾਹ : ਬਹੁਤ ਸਾਰੇ ਲੋਕਾਂ ਦੀ ਸਵੇਰੇ ਚਾਹ ਜਾਂ ਕਾਫ਼ੀ ਦੀ ਆਦਤ ਹੁੰਦੀ ਹੈ। ਇਸਦਾ ਸਿਹਤ ਉਤੇ ਬਹੁਤ ਭੈੜਾ ਅਸਰ ਹੁੰਦਾ ਹੈ। ਖਾਲੀ ਢਿੱਡ ਕਾਫ਼ੀ ਪੀਣ ਨਾਲ ਸਰੀਰ ਵਿਚ ਹਾਈਡ੍ਰੋਕਲੋਰਿਕ ਐਸਿਡ ਦੀ ਮਾਤਰਾ ਵੱਧ ਜਾਂਦੀ ਹੈ। ਇਸ ਤੋਂ ਬਿਨਾਂ ਕਬਜ ਦੀ ਪਰੇਸ਼ਾਨੀ ਵੀ ਹੋਣ ਲੱਗਦੀ ਹੈ। ਪਾਚਣ ਕਿਰਿਆ ਉਤੇ ਇਸਦਾ ਭੈੜਾ ਅਸਰ ਹੁੰਦਾ ਹੈ।

ਟਮਾਟਰ : ਅਪਣੀ ਤਮਾਮ ਖੂਬੀਆਂ ਦੇ ਬਾਅਦ ਵੀ ਟਮਾਟਰ ਨੂੰ ਖਾਲੀ ਢਿੱਡ ਖਾਣਾ ਨੁਕਸਾਨਦਾਇਕ ਹੈ। ਇਸ ਵਿਚ ਐਸਿਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਅਪਣੇ ਐਸਿਡਿਕ ਨੇਚਰ ਦੇ ਕਾਰਨ ਇਸਦਾ ਖਾਲੀ ਢਿੱਡ ਸੇਵਨ ਕਰਨਾ ਨੁਕਸਾਨਦਾਇਕ ਹੋ ਸਕਦਾ ਹੈ। ਇਹ ਢਿੱਡ ਉਤੇ ਜ਼ਰੂਰਤ ਤੋਂ ਜ਼ਿਆਦਾ ਦਬਾਵ ਪਾਉਂਦਾ ਹੈ ਅਤੇ ਇਸ ਨਾਲ ਢਿੱਡ ਵਿਚ ਦਰਦ ਹੋ ਸਕਦਾ ਹੈ। ਅਲਸਰ ਨਾਲ ਪੀੜਤ ਲੋਕਾਂ ਲਈ ਇਹ ਖ਼ਤਰਨਾਕ ਹੋ ਸਕਦਾ ਹੈ।

ਖੱਟੇ ਫਲਾਂ ਤੋਂ ਰਹੋ ਦੂਰ : ਖੱਟੇ ਫਲ ਜਿਵੇਂ ਸੰਤਰਾ, ਨਿੰਬੂ, ਅੰਗੂਰ ਨੂੰ ਭੁੱਲ ਕੇ ਵੀ ਖਾਲੀ ਢਿੱਡ ਨਹੀਂ ਖਾਣਾ ਚਾਹੀਦਾ। ਇਨ੍ਹਾਂ ਫਲਾਂ ਵਿਚ ਵਿਟਾਮਿਨ ਸੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਖਾਲੀ ਢਿੱਡ ਇਨ੍ਹਾਂ ਦੇ ਸੇਵਨ ਨਾਲ ਢਿੱਡ ਦੇ ਰੋਗ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।










CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ




– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ: ਫੌਰੀ ਹੱਲ ਦੀ ਲੋੜ

ਹਰਿੰਦਰ ਹੈਪੀ

*ਖ਼ੁਦਕੁਸ਼ੀ ਦੇ ਪੀੜਤ ਵਿਅਕਤੀ ਨੂੰ ਹੀ ਮਾਨਸਿਕ ਰੂਪ ਨਾਲ ਕਮਜ਼ੋਰ ਕਹਿ ਦੇਣਾ ਅਤੇ ਖ਼ੁਦਕੁਸ਼ੀ ਦੇ ਪੂਰੇ ਮਹਾਮਾਰੀ ਵਿਗਿਆਨ ਨੂੰ ਨਾ ਸਮਝਣਾ ਇੱਕ ਵੱਡਾ ਕਾਰਨ ਹੈ ਕਿ ਖ਼ੁਦਕੁਸ਼ੀਆਂ ਰੁਕਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ। ਖ਼ੁਦਕੁਸ਼ੀ ਜੀਵ-ਵਿਗਿਆਨਕ, ਜੈਨੇਟਿਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਨਕ ਕਾਰਕਾਂ ਦੇ ਇੱਕ ਗੁੰਝਲਦਾਰ ਪਰਸਪਰ ਪ੍ਰਭਾਵ ਦੇ ਨਤੀਜੇ ਵਜੋਂ ਹੁੰਦੀ ਹੈ।*



ਪਿਛਲੇ ਦਿਨੀਂ ਦੋ ਵੱਖ ਵੱਖ ਸਿੱਖਿਆ ਸੰਸਥਾਨਾਂ ਵਿੱਚ ਦੋ ਵਿਦਿਆਰਥੀਆਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਨੇ ਸਭ ਦਾ ਧਿਆਨ ਖਿੱਚਿਆ ਹੈ। ਅੰਮ੍ਰਿਤਸਰ ਦੇ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਦਲਿਤ ਵਿਦਿਆਰਥਣ ਵੱਲੋਂ ਖ਼ੁਦਕੁਸ਼ੀ ਅਤੇ ਮੁਲਕ ਦੇ ਤਕਨੀਕੀ ਸਿੱਖਿਆ ਦੇ ਉੱਘੇ ਅਦਾਰੇ ਆਈਆਈਟੀ ਬੰਬਈ ਵਿੱਚ ਦਲਿਤ ਵਿਦਿਆਰਥੀ ਵੱਲੋਂ ਖ਼ੁਦਕੁਸ਼ੀ ਦੀ ਖ਼ਬਰ ਨੇ ਇੱਕ ਵਾਰ ਫਿਰ ਵਿੱਦਿਅਕ ਅਦਾਰਿਆਂ ਵਿੱਚ ਖ਼ੁਦਕੁਸ਼ੀਆਂ ਅਤੇ ਜਾਤ ਪਾਤ ਦੇ ਆਧਾਰ 'ਤੇ ਹੋਣ ਵਾਲੇ ਵਿਤਰਕੇ ਨੂੰ ਉਜਾਗਰ ਕੀਤਾ ਹੈ। ਇਨ੍ਹਾਂ ਦੋਹਾਂ ਮਾਮਲਿਆਂ ਵਿੱਚ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਅਤੇ ਨਿੱਜੀ ਦੋਸਤਾਂ ਮੁਤਾਬਿਕ ਵਿਦਿਆਰਥੀ ਜਾਤ ਆਧਾਰਿਤ ਸ਼ੋਸ਼ਣ ਦੀਆਂ ਸ਼ਿਕਾਇਤਾਂ ਕਰਦੇ ਰਹੇ ਸਨ। ਇਹ ਘਟਨਾਵਾਂ ਨਾ ਸਿਰਫ਼ ਦਲਿਤ ਵਿਦਿਆਰਥੀਆਂ ਲਈ ਮੰਦਭਾਗੀਆਂ ਹਨ ਬਲਕਿ ਭਾਰਤ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਵੀ ਵੱਡੇ ਖੁਲਾਸੇ ਕਰਦੀਆਂ ਹਨ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ - ਐੱਨ.ਸੀ.ਆਰ.ਬੀ. ਦੀ 2021 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,64,033 ਵਿਅਕਤੀਆਂ ਨੇ ਵੱਖ-ਵੱਖ ਕਾਰਨਾਂ ਕਰਕੇ ਖ਼ੁਦਕੁਸ਼ੀ ਕੀਤੀ। ਇਹ ਸਾਲ 2020 ਦੇ ਮੁਕਾਬਲੇ 7.2% ਦਾ ਵਾਧਾ ਸੀ। ਲੋਕਾਂ ਦਾ ਵੱਡੀ ਗਿਣਤੀ ਵਿੱਚ ਆਪਣੀਆਂ ਜਾਨਾਂ ਲੈਣ ਅਤੇ ਖ਼ੁਦਕੁਸ਼ੀ ਦੇ ਕਾਰਨਾਂ ਦੇ ਮੱਦੇਨਜ਼ਰ ਖ਼ੁਦਕੁਸ਼ੀ ਵੀ ਜਨਤਕ ਸਿਹਤ ਦਾ ਗੰਭੀਰ ਸੰਕਟ ਹੈ ਜਿਸ ਦਾ ਫੌਰੀ ਹੱਲ ਕਰਨ ਦੀ ਲੋੜ ਹੈ।

ਵਿਸ਼ਵ ਸਿਹਤ ਸੰਗਠਨ ਦੁਆਰਾ 'ਸੁਸਾਈਡ ਵਰਲਡਵਾਈਡ ਇਨ 2019: ਗਲੋਬਲ ਹੈਲਥ ਐਸਟੀਮੇਸ਼ਨ ਰਿਪੋਰਟ' ਵਿੱਚ ਕਿਹਾ ਗਿਆ ਹੈ ਕਿ ਸੜਕ ਦੁਰਘਟਨਾ, ਟੀ.ਬੀ. ਅਤੇ ਅੰਤਰ-ਵਿਅਕਤੀਗਤ ਸੱਟ ਤੋਂ ਬਾਅਦ ਮੌਤ ਦੇ ਮੁੱਖ ਚਾਰ ਕਾਰਨਾਂ ਵਿੱਚੋਂ ਇੱਕ ਖ਼ੁਦਕੁਸ਼ੀ ਹੈ। ਇਸ ਰਿਪੋਰਟ ਦੇ ਮੁਤਾਬਕ ਹਰ ਸਾਲ 10 ਲੱਖ ਲੋਕ ਖ਼ੁਦਕੁਸ਼ੀ ਕਰਦੇ ਹਨ ਅਤੇ ਉਸ ਤੋਂ 20 ਗੁਣਾ ਵੱਧ ਲੋਕ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਦੇ ਹਨ। ਇਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖ਼ੁਦਕੁਸ਼ੀ ਮਲੇਰੀਆ, ਛਾਤੀ ਦੇ ਕੈਂਸਰ, ਯੁੱਧ ਅਤੇ ਕਤਲੇਆਮ ਨਾਲੋਂ ਜ਼ਿਆਦਾ ਲੋਕਾਂ ਨੂੰ ਮਾਰਦੀ ਹੈ।

ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀ ਵਧ ਰਹੀ ਬਾਰੰਬਾਰਤਾ ਨੇ ਦੇਸ਼ ਦੀਆਂ ਸਿਹਤ ਅਤੇ ਸਿੱਖਿਆ ਪ੍ਰਣਾਲੀਆਂ ਨੂੰ ਲੈ ਕੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਭਾਰਤ ਵਿੱਚ ਵਿਦਿਆਰਥੀ ਖ਼ੁਦਕੁਸ਼ੀ ਦਾ ਵਿਗਿਆਨ ਦਰਸਾਉਂਦਾ ਹੈ ਕਿ ਇਹ ਇੱਕ ਵੱਡੀ ਮਾਨਸਿਕ ਸਿਹਤ ਅਤੇ ਸਮਾਜਿਕ ਸਮੱਸਿਆ ਹੈ। ਰੁਝਾਨ ਦਰਸਾਉਂਦੇ ਹਨ ਕਿ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੇ ਦਾਅਵਿਆਂ ਦੇ ਬਾਵਜੂਦ ਵਿਦਿਆਰਥੀਆਂ ਦੀਆਂ ਮੌਤਾਂ ਵਿੱਚ ਵਾਧਾ ਹੋਇਆ ਹੈ। ਖ਼ੁਦਕੁਸ਼ੀਆਂ 'ਤੇ ਐੱਨ.ਸੀ.ਆਰ.ਬੀ. ਦੀ ਰਿਪੋਰਟ ਦਰਸਾਉਂਦੀ ਹੈ ਕਿ 2010 ਤੋਂ ਬਾਅਦ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦਾ ਅਨੁਪਾਤ 7379 ਤੋਂ 13089 ਹੋ ਗਿਆ ਹੈ ਜੋ ਕਿ ਕਾਫ਼ੀ ਵੱਡਾ ਵਾਧਾ ਹੈ।

ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਮਾਨਸਿਕ ਸਿਹਤ ਦੇ ਮੁੱਦੇ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮੁੱਖ ਤੌਰ 'ਤੇ ਸਮਾਜ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਪ੍ਰੇਰਿਤ ਹੁੰਦਾ ਹੈ। ਸਮਾਜ ਦੀ ਬਦਲ ਰਹੀ ਪ੍ਰਕਿਰਤੀ ਅਤੇ ਲੋਕਾਂ, ਖ਼ਾਸ ਕਰਕੇ ਮੱਧ ਵਰਗ ਦੀ ਆਪਣੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਮੌਜੂਦਾ ਪੂੰਜੀਵਾਦੀ ਵਿਵਸਥਾ ਵਿੱਚ ਮੁਕਾਬਲਾ ਕਰਨ ਲਈ ਪ੍ਰੇਰਦੀ ਹੈ। ਜਿੱਥੇ ਆਰਥਿਕ ਰੁਤਬੇ ਨੂੰ ਵਧਾਉਣਾ ਹੀ ਅੰਤਿਮ ਟੀਚਾ ਮੰਨਿਆ ਜਾਂਦਾ ਹੈ। ਹਾਲਾਂਕਿ ਇਹ ਸੱਚ ਹੈ ਕਿ ਕਿਸੇ ਨੂੰ ਰੋਜ਼ੀ ਰੋਟੀ ਅਤੇ ਤਰੱਕੀ ਕਰਨ ਲਈ ਘੱਟੋ-ਘੱਟ ਆਰਥਿਕ ਵਸੀਲਿਆਂ ਦੀ ਲੋੜ ਹੈ, ਪਰ ਕੁਝ ਖ਼ਾਸ ਨੌਕਰੀਆਂ ਅਤੇ ਪ੍ਰੀਖਿਆਵਾਂ ਦੀ ਵਡਿਆਈ ਕਰਨਾ ਉਸਾਰੂ ਨਹੀਂ ਹੈ; ਇਹ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਕੁਝ ਹੱਦ ਤੱਕ ਕਮਜ਼ੋਰ ਕਰਦਾ ਹੈ।

ਜਾਤ, ਭਾਰਤ ਵਿੱਚ ਜਨਤਕ ਸਿਹਤ ਦਾ ਇੱਕ ਮਜ਼ਬੂਤ ਸਮਾਜਿਕ ਨਿਰਣਾਇਕ ਹੈ। ਇਸ ਦਾ ਪ੍ਰਗਟਾਵਾ ਅਤੇ ਅਪ੍ਰਤੱਖ ਕਾਰਜ ਵੀ ਇਸ ਕਿਸਮ ਦੀ ਦੁਖਦਾਈ ਮੌਤ ਦਾ ਇੱਕ ਕਾਰਨ ਬਣ ਜਾਂਦੇ ਹਨ। ਰੋਹਿਤ ਵੇਮੁਲਾ ਅਤੇ ਪਾਇਲ ਤਡਵੀ ਦੇ ਕੇਸਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਪ੍ਰਗਤੀਸ਼ੀਲ' ਕਹਾਉਂਦੇ ਵਿੱਦਿਅਕ ਅਦਾਰਿਆਂ ਵਿੱਚ ਵੀ ਜਾਤ-ਪਾਤ 'ਤੇ ਆਧਾਰਿਤ ਵਿਤਕਰਾ ਮੌਜੂਦ ਹੈ। ਰਾਜਸਥਾਨ ਦੇ ਇੰਦਰ ਮੇਘਵਾਲ ਦਾ ਮਾਮਲਾ ਕਾਫ਼ੀ ਖ਼ਬਰਾਂ ਵਿੱਚ ਰਿਹਾ ਜਿੱਥੇ ਇੱਕ ਵਿਦਿਆਰਥੀ ਨੂੰ ਕਥਿਤ ਤੌਰ 'ਤੇ ਉੱਚ ਜਾਤ ਦੇ ਅਧਿਆਪਕ ਦੇ ਘੜੇ ਨੂੰ ਹੱਥ ਲਾਉਣ ਲਈ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਜੋ ਸਦਮਾ ਦਲਿਤ ਵਿਦਿਆਰਥੀ ਸਾਰੀ ਉਮਰ ਝੱਲਦੇ ਹਨ, ਉਹ ਉਨ੍ਹਾਂ ਦੀ ਮਾਨਸਿਕ ਅਤੇ ਸਮਾਜਿਕ ਤੰਦਰੁਸਤੀ 'ਤੇ ਡੂੰਘਾ ਅਸਰ ਪਾਉਂਦਾ ਹੈ।

ਔਰਤਾਂ ਲਈ ਹਾਲਾਤ ਹੋਰ ਵੀ ਚੁਣੌਤੀਪੂਰਨ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਬਚਪਨ ਤੋਂ ਹੀ 'ਸਹਿਣ' ਦੀ ਸਿੱਖਿਆ ਅਤੇ ਮੱਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਲਈ ਕੁਝ ਖ਼ਾਸ ਕਿਸਮ ਦੇ ਜਿਨਸੀ ਜ਼ੁਰਮ ਨੂੰ ਹੀ ਗੰਭੀਰ ਮੰਨਿਆ ਜਾਂਦਾ ਹੈ ਅਤੇ ਬਾਕੀ ਘਟਨਾਵਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਰਿਹਾ ਹੈ। ਇਸ ਦਾ ਔਰਤਾਂ ਦੀ ਮਾਨਸਿਕ ਸਿਹਤ ਉੱਤੇ ਡੂੰਘਾ ਅਸਰ ਪੈਂਦਾ ਹੈ। ਸਮਾਜ ਅਤੇ ਪਰਿਵਾਰ ਵਿੱਚ ਹੀ ਇੱਕੋ ਜਿਹੀ ਗ਼ਲਤੀ ਕਰਨ 'ਤੇ ਮੁੰਡੇ ਅਤੇ ਕੁੜੀ ਨਾਲ ਵੱਖ-ਵੱਖ ਤਰ੍ਹਾਂ ਨਾਲ ਪੇਸ਼ ਆਇਆ ਜਾਂਦਾ ਹੈ। ਕੁੜੀਆਂ ਤੋਂ ਜ਼ਿਆਦਾ 'ਸਿੱਧੀ ਅਤੇ ਸਿਆਣੀ' ਹੋਣ ਦੀ ਉਮੀਦ ਵਿੱਚ ਉਨ੍ਹਾਂ ਨੂੰ ਨੈਤਿਕਤਾ ਦੇ ਪਾਠ ਪੜ੍ਹਾਏ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਪੜ੍ਹਾਈ ਦੌਰਾਨ ਵਾਪਰ ਰਹੀ ਹਰ ਇੱਕ ਜ਼ਿਆਦਤੀ ਉਸ ਦੀ ਖ਼ਰਾਬ ਮਾਨਸਿਕ ਸਿਹਤ ਨੂੰ ਹੋਰ ਖ਼ਰਾਬ ਕਰਦੀ ਹੈ ਜੋ ਉਸ ਨੂੰ ਖ਼ੁਦਕੁਸ਼ੀ ਕਰਨ ਤੱਕ ਮਜਬੂਰ ਕਰ ਦਿੰਦੀ ਹੈ।

ਹਾਲਾਂਕਿ, ਇਹ ਗੱਲ ਹੈਰਾਨੀ ਵਾਲੀ ਤਾਂ ਨਹੀਂ, ਪਰ ਮੰਦਭਾਗੀ ਜ਼ਰੂਰ ਹੈ ਕਿ ਇਨ੍ਹਾਂ ਘਟਨਾਵਾਂ ਤੋਂ ਬਾਅਦ ਮੌਤ ਦਾ ਦੋਸ਼ ਉਨ੍ਹਾਂ ਵਿਦਿਆਰਥੀਆਂ ਸਿਰ ਹੀ ਮੜ੍ਹ ਦਿੱਤਾ ਜਾਂਦਾ ਹੈ ਅਤੇ ਪ੍ਰਸ਼ਾਸਨ ਵੱਲੋਂ ਵੀ ਵਿਦਿਆਰਥੀਆਂ ਨੂੰ 'ਮਾਨਸਿਕ ਤੌਰ 'ਤੇ ਪਰੇਸ਼ਾਨ' ਦਾ ਟੈਗ ਲਾ ਕੇ ਪਾਸਾ ਵੱਟ ਲਿਆ ਜਾਂਦਾ ਹੈ।

ਵਿਦਿਆਰਥੀ ਦੀ ਖ਼ੁਦਕੁਸ਼ੀ ਦੀ ਰਿਪੋਰਟ ਕਰਨਾ ਇੱਕ ਹੋਰ ਨਾਜ਼ੁਕ ਮੁੱਦਾ ਹੈ ਜਿੱਥੇ ਅਸਲ ਤੀਬਰਤਾ ਅਤੇ ਮਹਾਮਾਰੀ ਵਿਗਿਆਨ ਨੂੰ ਮਾਪਿਆ ਜਾ ਰਿਹਾ ਹੈ। ਐੱਨ.ਸੀ.ਆਰ.ਬੀ. ਦੇ ਅੰਕੜਿਆਂ ਨਾਲ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਿਉਂਕਿ ਇਹ ਪੁਲੀਸ ਰਿਕਾਰਡਾਂ ਤੋਂ ਇਕੱਠੇ ਕੀਤੇ ਜਾਂਦੇ ਹਨ, ਇਹ ਸਿਰਫ਼ ਉਨ੍ਹਾਂ ਮਾਮਲਿਆਂ ਨੂੰ ਵਿਚਾਰਦੇ ਹਨ ਜਿਨ੍ਹਾਂ ਵਿੱਚ ਐੱਫ.ਆਈ.ਆਰ. ਦਰਜ ਕੀਤੀ ਗਈ ਹੋਵੇ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਕੇਸਾਂ ਨੂੰ ਬਾਹਰ ਕੱਢ ਦਿੰਦਾ ਹੈ ਜੋ ਪੁਲੀਸ ਰਿਕਾਰਡ ਵਿੱਚ ਨਹੀਂ ਹਨ। ਕੇਸ ਦਰਜ ਨਾ ਹੋਣ ਦੇ ਬਹੁਤ ਸਾਰੇ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਕਾਰਨ ਹਨ, ਉਹ ਐੱਨ.ਸੀ.ਆਰ.ਬੀ. ਦੇ ਕਿਸੇ ਵੀ ਵਿਸ਼ਲੇਸ਼ਣ ਅਧੀਨ ਨਹੀਂ ਆਉਂਦੇ ਹਨ। ਭਾਰਤ ਉਸ ਦਾ ਅਨੁਭਵ ਕਰ ਰਿਹਾ ਹੈ ਜਿਸ ਨੂੰ ਆਮ ਤੌਰ 'ਤੇ 'ਬਿਮਾਰੀ ਦਾ ਦੂਹਰਾ ਬੋਝ' ਕਿਹਾ ਜਾਂਦਾ ਹੈ ਜੋ ਕਿ ਸੰਚਾਰੀ ਅਤੇ ਗੈਰ-ਸੰਚਾਰੀ ਬਿਮਾਰੀਆਂ ਦੇ ਬੋਝ ਨੂੰ ਦਰਸਾਉਂਦਾ ਹੈ। ਇਹ ਛੂਤ ਦੀਆਂ ਬਿਮਾਰੀਆਂ, ਕੁਪੋਸ਼ਣ, ਨਵਜਾਤਾਂ ਅਤੇ ਮਾਵਾਂ ਦੀ ਮੌਤ ਦਰ ਅਤੇ ਹੋਰ ਗੰਭੀਰ ਸਿਹਤ ਚਿੰਤਾਵਾਂ 'ਤੇ ਵਧੇਰੇ ਧਿਆਨ ਦੇ ਰਿਹਾ ਹੈ। ਨਤੀਜੇ ਵਜੋਂ ਖ਼ੁਦਕੁਸ਼ੀ ਦੀ ਰੋਕਥਾਮ ਨੂੰ ਬਹੁਤ ਘੱਟ ਤਰਜੀਹ ਮਿਲਦੀ ਹੈ।

ਸਮਾਜ ਸ਼ਾਸਤਰੀ ਐਮਿਲ ਡਰਖਾਈਮ ਦੀ ਮਸ਼ਹੂਰ ਰਚਨਾ 'ਸੁਸਾਈਡ : ਏ ਸਟੱਡੀ ਇਨ ਸੋਸ਼ਿਓਲੋਜੀ, 1897' ਵਿੱਚ ਪਹਿਲੀ ਵਾਰ ਸਿਧਾਂਤਕ ਤੌਰ 'ਤੇ ਇਹ ਮੰਨਿਆ ਗਿਆ ਕਿ ਖ਼ੁਦਕੁਸ਼ੀ ਇੱਕ ਮਨੋਵਿਗਿਆਨਕ ਵਰਤਾਰਾ ਨਹੀਂ ਹੈ; ਇਸ ਦੀ ਬਜਾਏ, ਇਹ ਇੱਕ ਸਮਾਜਿਕ ਵਰਤਾਰਾ ਹੈ। ਉਸ ਅਨੁਸਾਰ ਖ਼ੁਦਕੁਸ਼ੀ ਇਸ ਗੱਲ ਦਾ ਨਤੀਜਾ ਹੈ ਕਿ ਵਿਅਕਤੀ ਨੂੰ ਸਮਾਜ ਕਿੰਨਾ ਜ਼ਿਆਦਾ ਜਾਂ ਘੱਟ ਨਿਯੰਤਰਿਤ ਕਰਦਾ ਹੈ। ਜਰਮਨ ਦਾਰਸ਼ਨਿਕ ਕਾਰਲ ਮਾਰਕਸ ਨੇ ਵੀ ਆਪਣੀ ਰਚਨਾ 'ਆਰਥਿਕ ਅਤੇ ਫ਼ਲਾਸਫ਼ੀਕਲ ਖਰੜੇ, 1844' ਵਿੱਚ 'ਬੇਗਾਨਗੀ' ਦੇ ਸੰਕਲਪ ਦੀ ਵਿਆਖਿਆ ਕਰਦੇ ਹੋਏ ਮਨੁੱਖ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਥਿਤੀਆਂ 'ਤੇ ਵੀ ਜ਼ੋਰ ਦਿੱਤਾ, ਜੋ ਮਨੁੱਖ ਦੀ ਮਾਨਸਿਕ ਸਿਹਤ ਅਤੇ ਸਮਾਜਿਕ ਤੰਦਰੁਸਤੀ ਨੂੰ ਨਿਰਧਾਰਤ ਕਰਦੀਆਂ ਹਨ। ਉਸ ਅਨੁਸਾਰ ਪੂੰਜੀਵਾਦ ਦੇ ਅੰਨ੍ਹੇ 'ਵਿਕਾਸ' ਵਿੱਚ ਮਨੁੱਖ ਜਿਸ ਕੰਮ ਵਿੱਚ ਲੱਗੇ ਹੋਏ ਹਨ, ਉਸ ਕੰਮ ਨੂੰ ਕਰਨ ਦੀ ਪ੍ਰਕਿਰਿਆ ਅਤੇ ਕੰਮ ਕਰ ਰਹੇ ਨਾਲ ਦੇ ਵਿਅਕਤੀਆਂ ਨਾਲ ਹੀ ਮਨੁੱਖ ਦਾ ਮਾਨਸਿਕ ਰਿਸ਼ਤਾ ਟੁੱਟ ਜਾਂਦਾ ਹੈ ਅਤੇ ਉਸ ਨੂੰ ਜ਼ਿੰਦਗੀ ਜਿਉਣ ਦਾ ਕੋਈ ਮਕਸਦ ਨਜ਼ਰ ਨਹੀਂ ਆਉਂਦਾ।

ਖੋਜਕਾਰ ਜੋਅਨਾ ਮੌਨਕਰੀਫ ਕਹਿੰਦੀ ਹੈ, "ਅਖੌਤੀ ਮਾਨਸਿਕ ਸਿਹਤ ਸਮੱਸਿਆਵਾਂ ਦੇ ਡਾਕਟਰੀਕਰਨ ਨੂੰ ਅਸਵੀਕਾਰ ਕਰਨਾ ਪੂੰਜੀਵਾਦ ਦੀਆਂ ਕੁਝ ਬੁਨਿਆਦੀ ਵਿਰੋਧਤਾਈਆਂ ਨੂੰ ਉਜਾਗਰ ਕਰਨ ਅਤੇ ਰਾਜਨੀਤਿਕ ਤਬਦੀਲੀ ਦੇ ਆਧਾਰ ਬਣਾਉਣ ਲਈ ਜ਼ਰੂਰੀ ਹੈ।" ਇਹ ਬਿਆਨ ਸੰਖੇਪ ਵਿੱਚ ਦੱਸਦਾ ਹੈ ਕਿ ਖ਼ੁਦਕੁਸ਼ੀ ਦੇ ਸਿਰਫ਼ ਮਨੋਵਿਗਿਆਨਕ ਪਹਿਲੂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਰੋਕਥਾਮ ਅਤੇ ਪ੍ਰਮੋਟਿਵ ਸਿਹਤ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਖ਼ੁਦਕੁਸ਼ੀ ਦੇ ਪੀੜਤ ਵਿਅਕਤੀ ਨੂੰ ਹੀ ਮਾਨਸਿਕ ਰੂਪ ਨਾਲ ਕਮਜ਼ੋਰ ਕਹਿ ਦੇਣਾ ਅਤੇ ਖ਼ੁਦਕੁਸ਼ੀ ਦੇ ਪੂਰੇ ਮਹਾਮਾਰੀ ਵਿਗਿਆਨ ਨੂੰ ਨਾ ਸਮਝਣਾ ਇੱਕ ਵੱਡਾ ਕਾਰਨ ਹੈ ਕਿ ਖ਼ੁਦਕੁਸ਼ੀਆਂ ਰੁਕਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ। ਖ਼ੁਦਕੁਸ਼ੀ ਜੀਵ-ਵਿਗਿਆਨਕ, ਜੈਨੇਟਿਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਨਕ ਕਾਰਕਾਂ ਦੇ ਇੱਕ ਗੁੰਝਲਦਾਰ ਪਰਸਪਰ ਪ੍ਰਭਾਵ ਦੇ ਨਤੀਜੇ ਵਜੋਂ ਹੁੰਦੀ ਹੈ।

ਸਮੁੱਚੀ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਸਥਿਤੀ ਸਿਹਤ ਅਤੇ ਹੋਰ ਪੇਸ਼ਿਆਂ ਦੀਆਂ ਨੀਤੀਆਂ ਨੂੰ ਨਿਰਧਾਰਤ ਕਰਦੀ ਹੈ। ਇਸ ਦਾ ਉਦੇਸ਼ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵੱਲ ਹੋਣਾ ਚਾਹੀਦਾ ਹੈ, ਜਿੱਥੇ ਕੋਈ ਵਿਅਕਤੀ ਵਧੀਆ ਤੇ ਲਾਭਕਾਰੀ ਮਹਿਸੂਸ ਕਰ ਸਕਦਾ ਹੈ ਅਤੇ ਤੰਦਰੁਸਤੀ ਦਾ ਆਨੰਦ ਮਾਣ ਸਕਦਾ ਹੈ। 'ਚੰਗੀ ਸਿਹਤ ਅਤੇ ਤੰਦਰੁਸਤੀ' ਦੇ ਤੀਜੇ ਟਿਕਾਊ ਵਿਕਾਸ ਟੀਚੇ ਅਤੇ ਡਬਲਯੂਐੱਚਓ ਅਨੁਸਾਰ ਸਿਹਤ 'ਨਾ ਸਿਰਫ਼ ਬਿਮਾਰੀ ਜਾਂ ਕਮਜ਼ੋਰੀ ਦੀ ਅਣਹੋਂਦ ਬਲਕਿ ਸੰਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ' ਨੂੰ ਸਾਕਾਰ ਕਰਨ ਵਿੱਚ ਖ਼ੁਦਕੁਸ਼ੀਆਂ ਨੂੰ ਰੋਕਣਾ ਬਹੁਤ ਜ਼ਰੂਰੀ ਹੈ।

Uscipp Insurance Services
1050 N Carpenter RD STE C, Modesto, CA 95351
TRUCK INSURANCE
TRUCK TAX
IFTA
Amarjit S Bir
amarjit@uscipp.org
Lic#0I15593CA
Ph: (925)318-1247





R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

ਡਾ. ਗੁਰਬਖ਼ਸ਼ ਸਿੰਘ ਭੰਡਾਲ

# ਬਚਪਨ ਦੀ ਬੀਹੀ 'ਚ ਗੇੜੀ



ਜੀਵਨ ਦੇ ਮੁੱਢਲੇ ਦਿਨ ਜੀਵਨ ਦਾ ਸਭ ਤੋਂ ਸੁਹਾਵਣਾ ਸਮਾਂ ਹੁੰਦਾ ਹੈ। ਇਹ ਸਦਾ ਚੇਤਿਆਂ ਵਿਚ ਵੱਸਣ ਵਾਲੇ ਪਲ ਹੁੰਦੇ ਹਨ। ਜੀਵਨ ਨੂੰ ਨਿਰਧਾਰਤ ਕਰਨ ਵਾਲੇ ਹੁੰਦੇ ਹਨ। ਇਨ੍ਹਾਂ ਦਿਨਾਂ ਵਿਚਲੀ ਬੇਫ਼ਿਕਰੀ ਅਤੇ ਅਲਮਸਤੀ, ਜੀਵਨ ਦਾ ਸੁੰਦਰ ਸੱਚ ਹਨ। ਬਪਚਨ ਦੀ ਮੌਜ ਹਰ ਬੱਚੇ ਦਾ ਹਾਸਲ ਹੈ। ਮਨ ਕਰਦਾ ਹੈ ਕਿ ਫਿਰ ਬਚਪਨ ਵਿੱਚ ਪਰਤ ਜਾਈਏ। ਬੰਦਾ ਉਮਰ ਦੇ ਹਰ ਪੜਾਅ 'ਤੇ ਬਚਪਨ ਵੱਲ ਪਰਤਣਾ ਚਾਹੁੰਦਾ ਹੈ ਕਿਉਂਕਿ ਇਹ ਵਰੇਸ ਕਦੇ ਨਹੀਂ ਪਰਤਦੀ।

ਨਿਮਨ ਕਿਰਸਾਨੀ ਪਰਿਵਾਰ ਦੇ ਬੱਚੇ ਸੁਰਤ ਸੰਭਾਲਦਿਆਂ ਹੀ ਵੱਡੇ ਹੋ ਜਾਂਦੇ ਹਨ ਅਤੇ ਬਚਪਨ ਬਹੁਤ ਜਲਦੀ ਬੀਤ ਜਾਂਦਾ ਹੈ। ਘਰ ਦੀਆਂ ਜ਼ਿੰਮੇਵਾਰੀਆਂ, ਤੰਗੀਆਂ, ਤੁਰਸ਼ੀਆਂ, ਲੋੜਾਂ ਅਤੇ ਥੋੜਾਂ ਦਾ ਗਿਆਨ ਬੜੀ ਜਲਦੀ ਹੋ ਜਾਂਦਾ ਹੈ। ਅਜਿਹੇ ਵਕਤ ਵਿੱਚ ਪਲ ਕੇ ਵੱਡੇ ਹੋਣਾ ਸਭ ਤੋਂ ਵੱਡੀ ਗਨੀਮਤ ਹੁੰਦੀ ਹੈ। ਤੁਸੀਂ ਉਸ ਸੱਚ ਨੂੰ ਜਿਉਂਦਿਆਂ ਜੀਵਨ ਦੇ ਮੁੱਢਲੇ ਦੌਰ ਵਿੱਚੋਂ ਲੰਘਦੇ ਜਿਹੜਾ ਸੱਚ ਕਈਆਂ ਨੂੰ ਦੇਖਣਾ ਨਸੀਬ ਨਹੀਂ ਹੁੰਦਾ।

ਬਿਆਸ ਦਰਿਆ ਦੇ ਕੰਢੇ ਵੱਸਿਆ ਭੰਡਾਲ ਬੇਟ। ਬਰਸਾਤਾਂ ਦੇ ਦਿਨੀਂ ਬਿਆਸ ਦਰਿਆ ਵਿੱਚ ਹੜ੍ਹ ਆ ਜਾਣਾ, ਫ਼ਸਲਾਂ ਨਸ਼ਟ ਹੋਣੀਆਂ ਅਤੇ ਫਿਰ ਬੇਟ ਦੀ ਮਿੱਟੀ ਵਰਗੇ ਚੀੜ੍ਹੇ ਪਿੰਡ ਵਾਸੀਆਂ ਨੇ ਜੀਵਨ ਨੂੰ ਨਵੇਂ ਸਿਰਿਉਂ ਵਿਉਂਤਣ ਲਈ ਸਿਰ ਸੁੱਟ ਕੇ ਮਿਹਨਤ ਵਿੱਚ ਜੁੱਟ ਜਾਣਾ। ਤਤਕਾਲੀ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਧੁੱਸੀ ਬੰਨ੍ਹ ਬੰਨ੍ਹਿਆ ਤਾਂ ਬੇਟ ਦੇ ਇਲਾਕੇ ਨੂੰ ਸੁੱਖ ਦਾ ਸਾਹ ਆਇਆ। ਪਰਿਵਾਰ ਲਈ ਮੁੱਢਲੀਆਂ ਸਹੂਲਤਾਂ ਪੈਦਾ ਕਰਨ ਲਈ ਸਾਡੇ ਪਿਤਾ ਜੀ ਵਾਹੀ ਕਰਨ ਦੇ ਨਾਲ-ਨਾਲ, ਗੱਡਾ ਵੀ ਵਾਹੁੰਦੇ ਸਨ। ਇੰਨਾ ਸਿਰੜੀ ਕਿ ਸਾਰੀ ਰਾਤ ਖੂਹ ਜੋੜੀ ਰੱਖਣਾ ਅਤੇ ਦਿਨ ਵੇਲੇ ਜਦ ਬਲਦਾਂ ਨੇ ਆਰਾਮ ਕਰਨਾ ਹੁੰਦਾ ਤਾਂ ਬਾਪੂ ਨੇ ਗੋਡੀ ਆਦਿ ਖੇਤੀ ਦੇ ਕੰਮਾਂ ਵਿੱਚ ਰੁੱਝੇ ਰਹਿਣਾ। ਉਹ ਇੰਨਾ ਤਕੜਾ ਸੀ ਕਿ ਚੁਬਾਰੇ ਤੋਂ ਕਣਕ ਦੀਆਂ ਭਰੀਆਂ ਬੋਰੀਆਂ ਲਾਹ ਕੇ ਫਿਰਨੀ 'ਤੇ ਖੜ੍ਹੇ ਗੱਡੇ 'ਤੇ ਲੱਦਣੀਆਂ। ਕਈ ਵਾਰ ਮਾੜੇ ਬਲਦ ਵਾਲੇ ਪਾਸੇ ਖ਼ੁਦ ਜ਼ੋਰ ਲਾ ਕੇ ਖੁੱਭੇ ਗੱਡੇ ਨੂੰ ਬਾਹਰ ਕੱਢਣ ਵਿੱਚ ਮਦਦ ਵੀ ਕਰਨੀ।

ਮੈਂ ਆਪਣੀ ਪੱਤੀ ਵਿਚਲੇ ਬੋਰੀ ਵਾਲੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚੋਂ ਪੰਜਵੀਂ ਪਾਸ ਕੀਤੀ। ਤੱਪੜ ਵਾਲੇ ਸਰਕਾਰੀ ਮਿਡਲ ਸਕੂਲ ਤੋਂ ਅੱਠਵੀਂ ਪਾਸ ਕੀਤੀ। ਉਨ੍ਹਾਂ ਸਮਿਆਂ ਵਿੱਚ ਨੰਬਰਾਂ ਬਾਰੇ ਬਹੁਤਾ ਪਤਾ ਤਾਂ ਨਹੀਂ ਸੀ ਹੁੰਦਾ। ਸੋਚ ਸਿਰਫ਼ ਜਮਾਤ ਪਾਸ ਕਰਨ ਤੀਕ ਹੀ ਸੀਮਤ ਹੁੰਦੀ ਸੀ। ਪਰ ਪੜ੍ਹਨ ਦਾ ਸ਼ੌਕ ਜ਼ਰੂਰ ਸੀ। ਗਰਮੀਆਂ ਵਿੱਚ ਘਰਦਿਆਂ ਨੇ ਸਕੂਲ ਜਾਣ ਤੋਂ ਪਹਿਲਾਂ ਸੁਵੱਖਤੇ ਜਗਾ ਕੇ ਘਾਹ ਖੋਤਣ ਤੋਰ ਦੇਣਾ। ਗਰਮੀਆਂ ਦੀਆਂ ਛੁੱਟੀਆਂ ਵਿੱਚ ਬਿਆਸ ਦਰਿਆ ਦੇ ਕੰਢੇ ਪਸ਼ੂ ਚਾਰਨੇ ਅਤੇ ਦਰਿਆ ਵਿੱਚ ਪਸ਼ੂਆਂ ਸੰਗ ਤੈਰਨਾ ਤਾਂ ਆਮ ਹੀ ਸੀ। ਸਕੂਲੀ ਪੜ੍ਹਾਈ ਦੇ ਦਿਨ ਵੀ ਕਮਾਲ ਦੇ ਸਨ। ਹਲ ਵਾਹੁੰਦੇ ਬਾਪੂ ਨੂੰ ਖੇਤ ਵਿੱਚ ਸਵੇਰੇ ਹੀ ਰੋਟੀ ਦੇ ਕੇ ਸਕੂਲ ਜਾਣ ਦੀ ਕਾਹਲੀ ਹੁੰਦੀ। ਅੱਧੀ ਛੁੱਟੀ ਵੇਲੇ ਹਵੇਲੀ ਵਿੱਚ ਪਸ਼ੂਆਂ ਨੂੰ ਪਾਣੀ ਪਿਆ ਕੇ ਸਕੂਲ ਨੂੰ ਭੱਜਣਾ ਅਤੇ ਰਾਹ ਵਿੱਚ ਭੱਠੀ ਤੋਂ ਦਾਣੇ ਭੁੰਨਾ ਕੇ ਝੋਲੇ ਵਿੱਚ ਲੁਕਾ ਕੇ ਖਾਂਦੇ ਰਹਿਣਾ।

ਅਨਪੜ੍ਹ ਮਾਪਿਆਂ ਲਈ ਪੜ੍ਹਨਾ ਕੋਈ ਅਹਿਮੀਅਤ ਨਹੀਂ ਸੀ ਰੱਖਦਾ। ਘਰ ਦੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਜਾਂਦੇ ਤਾਂ ਸਾਨੂੰ ਪੜ੍ਹਾਈ ਲਈ ਸਮਾਂ ਮਿਲਦਾ ਸੀ, ਪਰ ਜਿੰਨਾ ਕੁ ਵੀ ਸਮਾਂ ਮਿਲਦਾ, ਇਹ ਪੜ੍ਹਾਈ ਵਿੱਚ ਚੰਗੇ ਨੰਬਰ ਲੈਣ ਲਈ ਸਹਾਈ ਹੁੰਦਾ ਸੀ। ਉਨ੍ਹਾਂ ਦਿਨਾਂ ਵਿੱਚ ਸਿਰਫ਼ ਪਾਸ ਹੋਣ ਦਾ ਹੀ ਫ਼ਿਕਰ ਹੁੰਦਾ ਸੀ ਅਤੇ ਜਦ 31 ਮਾਰਚ ਨੂੰ ਸਕੂਲ ਵਿੱਚ ਨਤੀਜਾ ਨਿਕਲਣਾ ਤਾਂ ਮਨ ਵਿੱਚ ਧੁੜਕੂ ਜ਼ਰੂਰ ਪੈਦਾ ਹੁੰਦਾ ਭਾਵੇਂ ਕਿ ਪਤਾ ਤਾਂ ਹੁੰਦਾ ਹੀ ਸੀ ਕਿ ਪਾਸ ਤਾਂ ਹੋ ਹੀ ਜਾਣਾ ਹੈ।

ਉਨ੍ਹਾਂ ਸਮਿਆਂ ਵਿੱਚ ਸਕੂਲ ਅਧਿਆਪਕ ਬਹੁਤ ਹੀ ਮਿਹਨਤੀ ਸਨ। ਉਨ੍ਹਾਂ ਲਈ ਪੜ੍ਹਾਉਣਾ ਇੱਕ ਤਪੱਸਿਆ ਸੀ ਜਿਸ ਦੀ ਉਹ ਕਦੇ ਵੀ ਅਵੱਗਿਆ ਨਹੀਂ ਸੀ ਕਰਦੇ। ਛੇਵੀਂ ਤੋਂ ਅੱਠਵੀਂ ਤੀਕ ਸਾਨੂੰ ਅੰਗਰੇਜ਼ੀ ਉੱਘੇ ਪੰਜਾਬੀ ਕਵੀ ਅਤੇ ਬਹੁਤ ਹੀ ਨਫ਼ੀਸ ਇਨਸਾਨ ਸ. ਹਰਭਜਨ ਸਿੰਘ ਹੁੰਦਲ ਨੇ ਪੜ੍ਹਾਈ। ਜਦ ਵੀ ਸਾਡਾ ਕੋਈ ਪੀਰੀਅਡ ਵਿਹਲਾ ਦੇਖਣਾ, ਅੰਗਰੇਜ਼ੀ ਪੜ੍ਹਾਉਣ ਲੱਗ ਪੈਣਾ। ਪੱਡਿਆਂ ਦੇ ਹਿਸਾਬ ਵਾਲੇ ਮਾਸਟਰ ਰਤਨ ਚੰਦ ਹੁਰਾਂ ਸਾਰੇ ਸਵਾਲ ਉਂਗਲਾਂ 'ਤੇ ਰਟਾ ਦਿੰਦੇ ਸਨ। ਹਿੰਦੀ ਵਾਲੇ ਮਾਸਟਰ ਅਯੁੱਧਿਆ ਦਾਸ ਜੀ ਦਾ ਡੰਡਾ ਹੁਣ ਤੀਕ ਵੀ ਯਾਦ ਏ। ਉਹ ਸਿਗਰਟ ਪੀਂਦਿਆ ਘਰ ਲਈ ਦਿੱਤਾ ਕੰਮ ਨਾ ਕਰਨ ਜਾਂ ਕਿਸੇ ਵੀ ਗਲਤੀ 'ਤੇ ਡੰਡੇ ਮਾਰ ਕੇ ਹੱਥਾਂ 'ਤੇ ਨੀਲ ਪਾ ਦਿੰਦੇ ਸਨ। ਮਾਸਟਰ ਫ਼ਕੀਰ ਚੰਦ ਨੇ ਪੀਟੀ ਕਰਾਉਂਦਿਆਂ ਸ਼ਰਾਰਤ ਕਰਨ ਵਾਲਿਆਂ ਨੂੰ ਮਜ਼ਾਲ ਏ ਕਦੇ ਬਖ਼ਸ਼ਿਆ ਹੋਵੇ। ਪੰਜਾਬੀ ਵਾਲੇ ਸਰਦਾਰਨੀ ਹਰਬੰਸ ਕੌਰ ਨੇ ਪੰਜਾਬੀ ਪ੍ਰਤੀ ਮੋਹ ਦਾ ਜਾਗ ਮਿਡਲ ਸਕੂਲ ਵਿੱਚ ਹੀ ਲਾ ਦਿੱਤਾ ਸੀ। ਉਨ੍ਹਾਂ ਦਿਨਾਂ ਵਿੱਚ ਅਧਿਆਪਕਾਂ ਦੀ ਕਮਾਲ ਦੀ ਪ੍ਰਤੀਬੱਧਤਾ ਸੀ। ਯਾਦ ਹੈ ਕਿ ਸਾਡਾ ਅੱਠਵੀਂ ਦੇ ਬੋਰਡ ਦੇ ਇਮਤਿਹਾਨ ਦਾ ਸੈਂਟਰ ਹਾਈ ਸਕੂਲ ਸੁਰਖਪੁਰ ਸੀ। ਇਮਤਿਹਾਨਾਂ ਦੇ ਸਾਰੇ ਸਮੇਂ ਦੌਰਾਨ ਸਾਰੀ ਕਲਾਸ ਸੁਰਖਪੁਰ ਵਿੱਚ ਇੱਕ ਬੈਠਕ ਵਿੱਚ ਰਹੀ ਜਿੱਥੇ ਇੱਕ ਪਾਸੇ ਕੁੜੀਆਂ ਸੌਂਦੀਆਂ ਸਨ ਅਤੇ ਇੱਕ ਪਾਸੇ ਮੁੰਡੇ। ਵਿਚਕਾਰ ਸਾਡੇ ਮਾਸਟਰ ਜੀ ਹੁੰਦੇ ਸਨ। ਹਰ ਰਾਤ ਨੂੰ ਉਸ ਮਾਸਟਰ ਦੀ ਡਿਊਟੀ ਹੁੰਦੀ ਜਿਸ ਦਾ ਅਗਲੇ ਦਿਨ ਪੇਪਰ ਹੋਣਾ ਹੁੰਦਾ ਸੀ। ਅੱਧੀ ਅੱਧੀ ਰਾਤ ਤੀਕ ਪੜ੍ਹਾਉਂਦੇ ਰਹਿਣਾ ਅਤੇ ਸਾਨੂੰ ਕਹਿਣਾ ਕਿ ਆਹ ਆਹ ਪ੍ਰਸ਼ਨ ਯਾਦ ਕਰੋ। ਸਾਨੂੰ ਆਪ ਸਕੂਲ ਦੇ ਸੈਂਟਰ ਵਿੱਚ ਲੈ ਕੇ ਜਾਣਾ। ਮਜ਼ਾਲ ਏ ਕੋਈ ਨਕਲ ਕਰਵਾਉਣ ਜਾਂ ਮਾਰਨ ਦਾ ਸੋਚ ਵੀ ਸਕੇ। ਉਹ ਸਹੀ ਮਾਅਨਿਆਂ ਵਿੱਚ ਅਧਿਆਪਕ ਸਨ ਜਿਨ੍ਹਾਂ ਦੇ ਚੰਡੇ ਹੋਏ ਵਿਦਿਆਰਥੀ ਜੀਵਨ ਦੀਆਂ ਉਚੇਰੀਆਂ ਮੰਜ਼ਿਲਾਂ ਦਾ ਸਿਖਰ ਬਣੇ। ਬੜਾ ਸ਼ੁਕਰਗੁਜ਼ਾਰ ਹਾਂ ਆਪਣੇ ਉਨ੍ਹਾਂ ਅਧਿਆਪਕਾਂ ਦਾ ਜਿਨ੍ਹਾਂ ਨੇ ਗਿਆਨ ਦਾ ਸਬਕ ਪੜ੍ਹਾਇਆ।

ਹੁਣ ਜਦ ਵੀ ਮੈਂ ਪੰਜਾਬ ਜਾਵਾਂ ਤਾਂ ਸ. ਹਰਭਜਨ ਸਿੰਘ ਹੁੰਦਲ ਨੂੰ ਜ਼ਰੂਰ ਮਿਲ ਕੇ ਆਉਂਦਾ ਹਾਂ। ਮਾਸਟਰ ਰਤਨ ਚੰਦ ਹੋਰਾਂ ਨੂੰ ਉਨ੍ਹਾਂ ਦੇ ਆਖਰੀ ਸਵਾਸ ਤੀਕ ਕਪੂਰਥਲਾ ਮਿਲਦਾ ਰਿਹਾ ਜਿੱਥੇ ਉਨ੍ਹਾਂ ਨੇ ਸੇਵਾਮੁਕਤੀ ਤੋਂ ਬਾਅਦ ਇੱਕ ਮੰਦਰ ਨੂੰ ਆਪਣਾ ਘਰ ਬਣਾ ਲਿਆ ਸੀ। ਮਾਸਟਰ ਅਯੁੱਧਿਆ ਦਾਸ ਜੀ ਨੂੰ 'ਕੇਰਾਂ ਉਸ ਵੇਲੇ ਮਿਲ ਕੇ ਅਤਿਅੰਤ ਖੁਸ਼ੀ ਹੋਈ ਜਦ ਕਪੂਰਥਲਾ ਮਿਊਂਸਿਪਲ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਸਨ ਅਤੇ ਮੈਂ ਪ੍ਰਜ਼ਾਈਡਿੰਗ ਅਫ਼ਸਰ ਸੀ। ਉਹ ਵੋਟ ਪਾਉਣ ਆਏ ਤਾਂ ਮੈਂ ਉੱਠ ਕੇ ਉਨ੍ਹਾਂ ਨੂੰ ਮਿਲਿਆ। ਪਹਿਲਾਂ ਤਾਂ ਉਨ੍ਹਾਂ ਪਛਾਣਿਆ ਹੀ ਨਾ ਕਿਉਂਕਿ ਉਮਰ ਨਾਲ ਵਿਦਿਆਰਥੀਆਂ ਦੇ ਮੁਹਾਂਦਰੇ ਅਕਸਰ ਹੀ ਬਦਲ ਜਾਂਦੇ ਹਨ, ਪਰ ਅਧਿਆਪਕ ਤਾਂ ਉਹੀ ਰਹਿੰਦੇ ਹਨ। ਜਦ ਉਨ੍ਹਾਂ ਨੂੰ ਮੈਂ ਦੱਸਿਆ ਕਿ ਭੰਡਾਲ ਬੇਟ ਦੇ ਸਕੂਲ ਵਿੱਚ ਮੈਂ ਉਨ੍ਹਾਂ ਦਾ ਵਿਦਿਅਰਥੀ ਸਾਂ ਅਤੇ ਅੱਜਕੱਲ੍ਹ ਰਣਧੀਰ ਕਾਲਜ ਵਿੱਚ ਪ੍ਰੋਫੈਸਰ ਹਾਂ ਤਾਂ ਉਹ ਬਹੁਤ ਖੁਸ਼ ਹੋਏ। ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਦੀ ਤਰੱਕੀ 'ਤੇ ਨਾਜ਼ ਤਾਂ ਹੋਣਾ ਹੀ ਹੋਇਆ। ਸਾਡਾ ਮਿਡਲ ਸਕੂਲ ਅੰਗਰੇਜ਼ੀ ਦੇ ਅੱਖਰ ਟੀ ਦੇ ਆਕਾਰ ਵਿੱਚ ਸੀ ਜਿਸ ਇੱਕ ਪਾਸੇ ਬਹੁਤ ਹੀ ਵੱਡੇ ਬੋਹੜ ਹੇਠ ਗਰਮੀਆਂ ਦੀਆਂ ਕਲਾਸਾਂ ਲੱਗਦੀਆਂ ਸਨ। ਜਦ ਕੁਝ ਅਰਸੇ ਬਾਅਦ ਸਕੂਲ ਗਿਆ ਤਾਂ ਸਕੂਲ ਦੀ ਬਦਲੀ ਨੁਹਾਰ ਦੇਖ ਕੇ ਖੁਸ਼ੀ ਵੀ ਹੋਈ, ਪਰ ਬਾਬਾ ਬੋਹੜ ਦੀ ਅਣਹੋਂਦ ਕਾਰਨ ਮਨ ਮਸੋਸਿਆ ਗਿਆ ਕਿ ਕਿਉਂ ਮਨੁੱਖ ਆਪਣੇ ਵਿਰਾਸਤੀ ਬਿਰਖ਼ਾਂ ਨੂੰ ਵੱਢਣ ਲਈ ਕਾਹਲਾ ਏ? ਅਜਿਹੇ ਬੋਹੜ ਅਤੇ ਪਿੱਪਲ ਹੁਣ ਵਿਰਲੇ ਪਿੰਡਾਂ ਵਿੱਚ ਲੱਭਦੇ ਨੇ ਜਦ ਕਿ ਪਹਿਲੇ ਸਮਿਆਂ ਵਿੱਚ ਅਜਿਹੇ ਬਾਬੇ ਬਿਰਖ਼ ਅਕਸਰ ਹੀ ਪਿੰਡਾਂ ਵਿੱਚ ਤੁਹਾਨੂੰ ਮਿਲ ਜਾਂਦੇ ਸਨ। ਘਰੋਂ ਬੋਰੀ ਲਿਆ ਕੇ ਪੜ੍ਹਨ ਦਾ ਵੱਖਰਾ ਹੀ ਹੁਲਾਸ ਹੁੰਦਾ ਸੀ। ਸਾਡੇ ਅਧਿਆਪਕ ਸਾਨੂੰ ਦੱਸਦੇ ਰਹਿੰਦੇ ਸਨ ਕਿ ਕਿਹੜੇ ਕਿਹੜੇ ਪੜ੍ਹ ਕੇ ਵੱਡੇ ਅਫ਼ਸਰ ਬਣ ਗਏ ਹਨ। ਬੱਚਿਆਂ ਨੂੰ ਸਕੂਲ ਵਿੱਚੋਂ ਪੜ੍ਹ ਕੇ ਗਏ ਪਾੜ੍ਹਿਆਂ ਬਾਰੇ ਪਤਾ ਲੱਗਦਾ ਰਹੇ ਤਾਂ ਉਨ੍ਹਾਂ ਦੇ ਮਨਾਂ ਵਿੱਚ ਵੀ ਚੰਗਾ ਪੜ੍ਹਨ ਦਾ ਸ਼ੌਕ ਪੈਦਾ ਹੁੰਦਾ ਹੈ।

1968 ਵਿੱਚ ਅੱਠਵੀਂ ਜਮਾਤ ਪਹਿਲੇ ਦਰਜੇ ਵਿੱਚ ਪਾਸ ਕੀਤੀ। ਕੁਝ ਵਿਦਿਆਰਥੀ ਤਾਂ ਹਾਈ ਸਕੂਲ ਸੁਰਖਪੁਰ ਵਿੱਚ ਦਾਖਲ ਹੋ ਗਏ, ਪਰ ਮੇਰੇ ਸਮੇਤ ਕੁਝ ਵਿਦਿਆਰਥੀਆਂ ਨੇ ਨਵੇਂ ਅਪਗ੍ਰੇਡ ਹੋਏ ਹਾਈ ਸਕੂਲ ਧਾਲੀਵਾਲ ਬੇਟ ਵਿੱਚ ਦਾਖਲਾ ਲੈ ਲਿਆ ਜੋ ਮੇਰੇ ਪਿੰਡ ਤੋਂ ਚਾਰ ਕੁ ਕਿਲੋਮੀਟਰ ਸੀ। ਪਿੰਡ ਦੇ ਉਸ ਪਿਆਰੇ ਜਿਹੇ ਸਕੂਲ ਨੇ ਕੇਹੀ ਸ਼ੁਭ ਭਾਵਨਾ ਅਤੇ ਅਸੀਸ ਦਿੱਤੀ ਕਿ ਗਿਆਨ ਦੀ ਲੋਚਾ ਵਧਦੀ ਗਈ। ਹੋਰ ਉਚੇਰੀ ਵਿਦਿਆ ਪ੍ਰਾਪਤੀ ਦਾ ਜਾਗ ਲੱਗਦਾ ਰਿਹਾ। ਇਹ ਵੀ ਕੇਹਾ ਵਰਦਾਨ ਸੀ ਕਿ ਭਾਵੇਂ ਪੈਰ ਪਿੰਡ ਨੂੰ ਵਾਪਸ ਨਹੀਂ ਪਰਤੇ, ਪਰ ਪਿੰਡ ਨੂੰ ਮਿਲਣ ਅਤੇ ਬਚਪਨੀ ਬੀਹੀਆਂ ਵਿੱਚ ਵਿਚਰਨ ਅਤੇ ਆਪਣੀਆਂ ਧੁੰਧਲੀਆਂ ਪੈੜਾਂ ਨੂੰ ਨਿਹਾਰਨ ਦਾ ਚਾਅ ਹਮੇਸ਼ਾਂ ਮਨ ਵਿੱਚ ਮਚਲਦਾ ਰਹਿੰਦਾ ਹੈ।

ਬਾਲਪਨ 'ਚੋਂ ਨਕਸ਼ ਉੱਘੜਦੇ
ਤੇ ਮਿਲਣ ਨਿਵੇਕਲੇ ਰਾਹ
ਇਸ ਉਮਰੇ ਹੀ ਸੁਪਨੇ ਉੱਗਦੇ
ਲੈ ਕੇ ਸੰਦਲੀ ਭਾਅ।
ਮਾਂ ਦੀ ਗੋਦ ਦਾ ਨਿੱਘ
ਮਿਲੇਸੀ
ਤੇ ਮਾਣੀਏ ਬਾਪ ਦੀ ਛਾਂ
ਪੈਰਾਂ ਦੇ ਵਿੱਚ ਸਫ਼ਰ
ਉਗੇਸੀ
ਤੇ ਭਾਲੀਏ ਖ਼ੁਦ ਦੀ ਥਾਂ।
ਹੱਸਣ, ਖੇਡਣ ਤੇ ਮੌਲਣ
ਦੀ ਰੁੱਤ
ਤੇ ਸੱਧਰਾਂ ਦਾ ਰਾਗ
ਮਸਤਕ ਵਿੱਚ ਲੱਗ ਜਾਂਦਾ
ਹੈ
ਅੱਖਰ ਗਿਆਨ ਦਾ
ਜਾਗ।
ਬੱਚਿਆਂ ਦੇ ਨੈਣਾਂ ਵਿੱਚ
ਧਰਦੇ
ਮਾਪੇ ਖ਼ੁਦ ਤਰਜੀਹਾਂ
ਤੇ ਤਦਬੀਰਾਂ ਦੇ ਮਾਰਗੀ
ਬਣ ਕੇ
ਬੱਚੇ ਬਣਨ ਤਸ਼ਬੀਹਾਂ।
ਖੇਤ ਖਲਿਆਣ ਸਭ ਆਪਣੇ ਹੁੰਦੇ
ਥੇਹ ਆਪਣੇ ਵੱਟਾਂ ਬੰਨੇ
ਯਾਦ ਨਹੀਂ ਕਿੱਥੋਂ ਪੁੱਟੀਆਂ ਗਾਜਰਾਂ
ਕਿੱਥੋਂ ਭੰਨੇ ਗੰਨੇ?
ਆਪਣਿਆਂ ਦੇ ਸੰਗ ਰੁੱਸਣਾ ਮੰਨਣਾ
ਨਿੱਤ ਦਾ ਸੀ ਅਭਿਆਸ
ਸਾਰਾ ਦਿਨ ਹੀ ਖੇਡਦੇ ਰਹਿਣਾ
ਯਾਦ ਨਾ ਭੁੱਖ ਪਿਆਸ।
ਵਿਹੜੇ ਦੀ ਛੱਪੜੀ 'ਚ ਕਾਗਜ਼ ਬੇੜੀ
ਸਾਨੂੰ ਪਾਰ ਲੰਘਾਉਂਦੀ
ਚੋਂਦੀ ਛੱਤ ਦੀ ਟਿੱਪ ਟਿੱਪ ਲੱਗਦੀ
ਸਾਨੂੰ ਗੀਤ ਸੁਣਾਉਂਦੀ।
ਬਾਲਮਨਾਂ ਦੇ ਵਿਹੜੇ ਦੇ ਵਿੱਚ
ਮਾਣੀਆਂ ਕੇਹੀਆਂ ਰੁੱਤਾਂ
ਜੇਠ ਮਹੀਨੇ ਬਹਿ ਫਲ੍ਹਿਆਂ 'ਤੇ
ਸੇਕੀ ਜਾਣੀਆਂ ਧੁੱਪਾਂ।
ਆਪਣਾ ਲੱਗਦਾ ਸੀ ਸਿਰ 'ਤੇ ਅੰਬਰ
ਤੇ ਆਪਣੇ ਚੰਨ ਤੇ ਤਾਰੇ
ਰੋਸ਼ਨੀਆਂ ਵਿੱਚ ਨਹਾਉਂਦੇ ਰਹਿਣਾ
ਤੇ 'ਵਾਵੀਂ ਹੁੱਲੇ ਹੁਲਾਰੇ।
ਹੁਣ ਬਚਪਨ ਦੀ ਬੀਹੀ ਵਿੱਚ
ਜਦ ਵੀ ਲਾਵਾਂ ਗੇੜਾ
ਨਾ ਮਿਲਦੇ ਬਚਪਨ ਦੇ ਬੇਲੀ
ਨਾ ਉਹ ਘਰ ਤੇ ਵਿਹੜਾ।
ਨਾ ਉਹ ਰਹੀਆਂ ਸੁੱਚੀਆਂ ਸੋਚਾਂ
ਨਾ ਹੱਕ ਨਾ ਦਾਈਏ
ਨਾ ਰਹੇ ਉਹ ਨਿਰਛਲ ਹਾਸੇ
ਜਾ ਐਂਵੇਂ ਦਰ ਖੜਕਾਈਏ।
ਨਾ ਰਹੇ ਉਹ ਮੋਹ ਦੇ ਰਿਸ਼ਤੇ
ਨਾ ਸਾਂਝ ਦੀਆਂ ਤੰਦਾਂ
ਹਰ ਪਾਸੇ ਹੀ ਹਾਉਮੈਂ ਹਾਵੀ
ਤੇ ਮਨ 'ਚ ਸੌ ਸੌ ਗੰਢਾਂ।
ਸੋਚਾਂ! ਮਨਾਂ ਹੁਣ ਵਾਪਸ ਚੱਲੀਏ
ਇੱਥੇ ਰਹਿ ਗਿਆ ਕੀ
ਤੇਰੇ ਲਈ ਅਣਜਾਣ ਹੋ ਗਿਆ
ਪਿੰਡ ਦਾ ਹਰ ਇੱਕ ਜੀਅ।
ਨਹੀਂ ਸੀ ਸੋਚਿਆ ਕਿ ਕਦੇ ਹੋਵੇਗੀ
ਇੰਝ ਵੀ ਮੇਰੇ ਨਾਲ
ਪਾਸਾ ਵੱਟਿਆ ਪਿੰਡ ਨੇ ਮੈਥੋਂ
ਪਰ ਕੱਢਾਂ ਕਿੰਝ ਖਿਆਲ?
ਗਰਾਂ ਮੇਰਿਆ, ਮੈਂ ਹਾਂ ਤੇਰਾ
ਤੇਰੀ ਜੂਹ ਦਾ ਜਾਇਆ
ਤੇਰੀ ਅਕੀਦਤ ਕਰਨ ਖਾਤਰ
ਦੂਰ ਦੇਸ਼ ਤੋਂ ਆਇਆ।
ਆ ਬਹਿ ਜਾ ਤੂੰ ਮੇਰੇ ਨੇੜੇ
ਲੰਮੀਆਂ ਬਾਤਾਂ ਪਾਈਏ
ਚਾਨਣੀ ਭਿੱਜੀ ਮਹਿਫ਼ਲ ਦੇ ਵਿੱਚ
ਸਾਰੀ ਰਾਤ ਬਿਤਾਈਏ।
ਮੁੱਦਤਾਂ ਬਾਅਦ ਮੈਂ ਆਇਆਂ ਫਿਰਨੀਏ
ਸਿਰ ਮੇਰਾ ਸਹਿਲਾਅ
ਤੇ ਮੇਰੀ ਖਾਲੀ ਬਗਲੀ ਦੇ ਵਿੱਚ
ਨਿਆਮਤਾਂ ਬੁੱਕੀਂ ਪਾ।
ਬਚਪਨ ਵਾਲੇ ਚੰਦੋਏ ਹੇਠਾਂ
ਲੱਖ ਲੱਖ ਸ਼ੁੱਕਰ ਮਨਾਵਾਂ
ਜੂਹਾਂ ਤੇ ਖੂਹਾਂ ਦੀ ਖ਼ੁਸ਼ਬੋ
ਸਾਹਾਂ ਵਿੱਚ ਰਚਾਵਾਂ।

ਉਹ ਵੀ ਕੇਹੇ ਦਿਨ ਹੁੰਦੇ ਜਦ ਪੜ੍ਹਾਈ ਦੇ ਨਾਲ-ਨਾਲ ਵਾਹੀ ਦੇ ਹਰ ਕੰਮ ਨੂੰ ਕਰਨ ਦਾ ਜਨੂੰਨ ਹੁੰਦਾ ਸੀ ਤਾਂ ਕਿ ਬਾਪੂ ਦਾ ਹੱਥ ਵਟਾ ਸਕਾਂ। ਹਲ? ਵਾਹੁਣਾ ਹੋਵੇ, ਪੋਰ ਨਾਲ ਕੇਰ ਕੇ ਕਣਕ ਬੀਜਣੀ ਹੋਵੇ, ਝੋਨਾ ਲਾਉਣਾ ਜਾਂ ਵੱਢ ਕੇ ਝਾੜਨਾ ਹੋਵੇ, ਫਲ੍ਹੇ ਵਾਹੁਣ ਤੋਂ ਲੈ ਕੇ ਮਸ਼ੀਨ ਤੇ ਕਣਕ ਦੀ ਗਹਾਈ ਸਮੇਤ ਹਰ ਕੰਮ ਕਰਨਾ ਚੰਗਾ ਲੱਗਦਾ ਸੀ। ਕਿਆਰੇ ਪਾਉਣੇ, ਗੋਡੀ ਕਰਨੀ, ਆੜ ਨੂੰ ਖਾਲਣਾ, ਦਰੱਖਤਾਂ ਨੂੰ ਛਾਂਗਣਾ, ਤੂਤ ਦੀਆਂ ਟੋਕਰੀਆਂ ਬਣਾਉਣਾ, ਰੱਸੇ ਜਾਂ ਬੇੜ ਵੱਟਣਾ ਆਦਿ ਕਰਦਿਆਂ ਇੱਕ ਸਕੂਨ ਮਿਲਦਾ ਸੀ। ਬਾਪੂ ਨੂੰ ਵਧੀਆ ਲੱਗਦਾ ਸੀ ਕਿ ਉਸ ਦਾ ਪੁੱਤ ਆਪਣੀ ਪੜ੍ਹਾਈ ਦੇ ਨਾਲ-ਨਾਲ ਖੇਤਾਂ ਵਿੱਚ ਵੀ ਉਸ ਦਾ ਹੱਥ ਵਟਾਉਂਦਾ ਹੈ। ਪਿੰਡ ਵਾਲੇ ਬੱਚਿਆਂ ਦਾ ਭਾਵੇਂ ਉਹ ਸਕੂਲ ਜਾਂ ਕਾਲਜ ਵਿੱਚ ਪੜ੍ਹਦੇ ਹੋਣ, ਅਜਿਹੀ ਹੀ ਵਰੇਸ ਸੀ। ਅਜਿਹੇ ਹਲਾਤਾਂ ਵਿੱਚ ਰਹਿੰਦਿਆਂ ਸਾਇੰਸ ਦੀ ਪੜ੍ਹਾਈ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ, ਪਰ ਮੇਰੇ ਲਈ ਇਹ ਸਭ ਕੁਝ ਸੁਭਾਵਿਕ ਹੀ ਹੋਈ ਜਾਂਦਾ ਸੀ।

ਇਹ ਮੇਰੇ ਪਿੰਡ ਦੀ ਮਿੱਟੀ ਦਾ ਵਰਦਾਨ ਅਤੇ ਮੇਰੇ ਮਾਪਿਆਂ ਦੀਆਂ ਕਿਰਤ-ਕਮਾਈ ਦਾ ਸੁਭਾਗ ਹੀ ਹੈ ਕਿ ਬਿਆਸ ਦੇ ਮੰਡ ਵਿੱਚ ਪਸ਼ੂ ਚਾਰਨ ਵਾਲੇ ਨੂੰ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਪੜ੍ਹਾਉਣ ਤੋਂ ਬਾਅਦ ਅਮਰੀਕਾ ਦੀ ਯੂਨੀਵਰਸਿਟੀ ਵਿੱਚ ਫਿਜ਼ਿਕਸ ਪੜ੍ਹਾਉਣ ਦਾ ਮੌਕਾ ਮਿਲਿਆ ਹੈ। ਫਿਜ਼ਿਕਸ ਜਿਸ ਨੂੰ ਬਹੁਤ ਔਖਾ ਵਿਸ਼ਾ ਸਮਝਿਆ ਜਾਂਦਾ ਅਤੇ ਕਈਆਂ ਨੇ ਇਹ ਵੀ ਭਰਮ ਪਾਲ ਰੱਖਿਆ ਕਿ ਪੇਂਡੂਆਂ ਨੂੰ ਫਿਜ਼ਿਕਸ ਆ ਹੀ ਨਹੀਂ ਸਕਦੀ। ਪਰ ਇਸ ਭਰਮ ਨੂੰ ਤੋੜਨ ਵਿੱਚ ਵੀ ਮੇਰੇ ਪਿੰਡ ਦੀਆਂ ਗਲੀਆਂ, ਮੇਰਾ ਚੁਬਾਰਾ ਰੂਪੀ ਕਮਰਾ ਅਤੇ ਪਿੰਡ ਦੀ ਆਬੋ ਹਵਾ ਦਾ ਹੀ ਅਸਰ ਹੈ ਕਿ ਇਸ ਨੂੰ ਪੜ੍ਹਨਾ ਅਤੇ ਪੜ੍ਹਾਉਣਾ, ਮੇਰੇ ਲਈ ਜਨੂੰਨ ਬਣ ਗਿਆ।

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

## ਪੁੱਤਾਂ ਵਾਂਗੂੰ ਪਾਲੀਆਂ ਫਸਲਾਂ

ਏਤੀ ਮਾਰ ਪਈ ਕਰਲਾਣੇ
ਤੈਂ ਵੀ ਦਰਦੁ ਨਾ ਆਵੇ।
ਜਾਂ ਨੀ ਕੁਦਰਤੇ ਤੂੰ ਵੀ ਦੁਸ਼ਮਣ
ਪੁੱਤਾਂ ਵਾਂਗੂੰ ਪਾਲੀਆਂ ਫਸਲਾਂ
ਹੱਥੋ ਖੋਹ ਲੈ ਜਾਵੇ।
ਨਾ ਧੁੱਪ ਵੇਖੀ ਨਾ ਛਾਂ ਵੇਖੀ
ਬਸ ਮਿਹਨਤ ਵਾਲੀ ਥਾਂ ਵੇਖੀ,
ਮਿੱਟੀ ਨਾਲ ਮਿੱਟੀ ਹੋਇਆ
ਕਦੇ ਇਕੱਲਾ ਬਹਿ ਬਹਿ ਰੋਇਆ।
ਦੁੱਖਾਂ ਦੀ ਜਦੋਂ ਬਰਸਾਤ ਹੋਈ ਏ,
ਸਾਡੀ ਮਾੜੀ ਰਾਤ ਹੋਈ ਏ।
ਫ਼ਸਲਾਂ ਪਾਣੀ ਵਿੱਚ ਦੀ ਰੁੜੀਆਂ
ਬੈਂਕ ਦੀ ਕਿਸ਼ਤਾਂ ਨਹੀਓਂ ਮੁੜੀਆਂ,
ਕਦੇ ਬਦਲਾਂ ਦੀ ਬਰਸਾਤ ਤੋਂ ਡਰਿਆ
ਕੁਦਰਤੇ ਤੂੰ ਇਹ ਕੀ ਕਰਿਆ
ਹੁਬਕੀ ਹੁਬਕੀ ਦਿਲ ਰੋਇਆਂ
ਪੈਰ ਜਦੋਂ ਖੇਤ ਆਪਣੇ ਧਰਿਆ
ਸਾਰਾ ਸਾਲ ਰਾਖੀ ਕਰਕੇ
ਫੇਰ ਦਾਣੇ ਦਾਣੇ ਬਾਰੇ ਸੋਚਾਂ।
ਮੁੱਲ ਸਹੀ ਨਾ ਦੇਣ ਸਰਕਾਰਾਂ
ਮਹਿੰਗੇ ਭਾਅ ਬਸ ਲੋਚਾਂ।
ਕਦੀ ਕਿਸਮਤ ਨਾਲ ਲੜਦਾ
ਕਦੀ ਗ਼ਰੀਬੀ ਨਾਲ ਲੜਦਾ,
ਪੋਹ ਦੀ ਰਾਤਾਂ, ਜੇਠ ਦੀ ਧੁੱਪਾਂ
ਉੱਤੋਂ ਗਰਮ ਹਵਾਵਾਂ
ਖ਼ੁਦ ਨੂੰ ਹੌਸਲਾ ਦੇ ਕੇ ਤੁਰਿਆ
ਪਰ ਤੁਰਿਆ ਨਾ ਜਾਵੇ ।
ਏਤੀ ਮਾਰ ਪਈ ਕਰਲਾਣੇ
ਤੈਂ ਵੀ ਦਰਦੁ ਨਾ ਆਵੇ।
ਜਾਂ ਨੀ ਕੁਦਰਤੇ ਤੂੰ ਵੀ ਦੁਸ਼ਮਣ
ਪੁੱਤਾਂ ਵਾਂਗੂੰ ਪਾਲੀਆਂ ਫਸਲਾਂ
ਹੱਥੋ ਖੋਹ ਲੈ ਜਾਵੇ।



**ਕੁਲਦੀਪ ਸਾਹਿਲ**
9417990040

## ਮਾੜੇ ਹੁੰਦੇ ਨੇ...

ਧਰਮ ਨਹੀਂ ਮਾੜੇ, ਬੰਦੇ, ਮਾੜੇ ਹੁੰਦੇ ਨੇ
ਧਰਮ ਦੇ ਨਾਂਅ ਤੇ ਧੰਦੇ, ਮਾੜੇ ਹੁੰਦੇ ਨੇ

ਹਰ ਕੋਈ ਜਿਉਣਾ ਚਾਹੁੰਦਾ ਨਾਲ ਆਜ਼ਾਦੀ ਦੇ
ਪਿੰਜਰੇ ਵਿਚ ਪਰਿੰਦੇ, ਮਾੜੇ ਹੁੰਦੇ ਨੇ

ਸ਼ਕਲ ਸੂਰਤ ਕੀ ਕਰਨੀ ਸੋਹਣਾ ਦਿਲ ਹੋਵੇ
ਬੰਦੇ ਦਿਲ ਦੇ ਗੰਦੇ, ਮਾੜੇ ਹੁੰਦੇ ਨੇ

ਦੋਸ਼ੀ ਨੂੰ ਜੇ ਸਜ਼ਾ ਮਿਲੇ ਤਾਂ ਖ਼ੁਸ਼ ਹੋਈਏ
ਨਿਰਦੋਸ਼ਾਂ ਗਲ ਫੰਦੇ, ਮਾੜੇ ਹੁੰਦੇ ਨੇ

ਨੇਕ ਕਾਰਜਾਂ ਲਈ ਉਗਰਾਹੀਏ ਚੰਦੇ ਨੂੰ
ਅਪਰਾਧਾਂ ਲਈ ਚੰਦੇ, ਮਾੜੇ ਹੁੰਦੇ ਨੇ

ਖੁੱਲ੍ਹੇ ਦਰ ਪ੍ਰਤੀਕ ਨੇ ਹੱਸਦੇ ਵਸਦਿਆਂ ਦੇ
ਦਰਾਂ 'ਤੇ ਲੱਗੇ ਜਿੰਦੇ, ਮਾੜੇ ਹੁੰਦੇ ਨੇ

'ਖ਼ੁਸ਼ੀ ਮੁਹੰਮਦ' ਇਕ ਪਾਸੇ ਹੀ ਬਹੁਤੇ ਨੇ
ਦੋਵੇਂ ਈ ਪਾਸੇ ਦੰਦੇ, ਮਾੜੇ ਹੁੰਦੇ ਨੇ

**ਖ਼ੁਸ਼ੀ ਮੁਹੰਮਦ 'ਚੱਠਾ'**

## ਖੇਤੀ ਖ਼ਸਮਾਂ ਸੇਤੀ

ਚੜ੍ਹ ਨ੍ਹੇਰੀ ਝੱਖੜ ਆਵੇ ਜਾਂ,
ਕੋਈ ਡਰ ਜਿਹਾ ਦਿਲ ਵਿੱਚ ਬਹਿ ਜਾਂਦਾ।
ਫਸਲਾਂ ਧੀਆਂ ਵਾਂਗੂੰ ?ਪਾਲੀਆਂ ਤੇ,
ਕੋਈ ਗਮ ਦਾ ਬੱਦਲ ਵਹਿ ਜਾਂਦਾ।
ਏਹੀ ਆਸ ਏ ਸੱਧਰਾਂ ਪੁੱਗਣ ? ਦੀ,
ਝੋਰਾ ਡਿੱਗੀ ਦਾ ਮਨ ਨੂੰ ਲੈ ਬਹਿੰਦਾ।
ਕਦੇ ਮੰਡੀ ਵਿੱਚ, ਕਦੇ ਪੈਲ ?ੀ ਵਿੱਚ,
ਮੱਥਾ ਡਾਢੇ ਰੱਬ ਨਾਲ ਡਹਿ ਜਾਂਦਾ।
ਕਦੇ ਮਾਰਿਆਂ ਨਕਲੀ ਬੀਆਂ ਨੇ,
ਕਦੇ ਖਾਂਦਾਂ ਦਾ ਦੁੱਖ ਲੈ ਬਹਿੰਦਾ,
ਖੇਤੀ ਖ਼ਸਮਾਂ ਸੇਤੀ ਜੂਆ ਏ,
ਕਰਜ਼ਾ ਚੜ੍ਹ ਜਾਂਦਾ, ਕਦੇ ਲਹਿ ਜਾਂਦਾ।
ਹਿੱਕ ਤਾਣ ? ਲੜਦੇ ਆ ਜਾਬਰਾਂ ਨਾਲ,
ਮਾਣ ਡਾਢੇ ਅੱਗੇ ਢਹਿ ਜਾਂਦਾ।



**ਸਤਨਾਮ ਕੌਰ ਤੁਗਲਵਾਲਾ**

## ਜੇ ਤੂੰ ਇਹ ਕਹੇ...!

ਜੇ ਤੂੰ ਇਹ ਕਹੇ...!
ਕਿ ਮੈਂ ਜ਼ਿੰਦਗੀ ਦੀ ਕਿਤਾਬ ਵਿੱਚੋਂ,
ਸਾਰੇ ਪੰਨੇ ਪਾੜ ਦੇਵਾਂ...
ਤਾਂ ਇਹ ਨਾਮੁਮਕਿਨ ਹੋਵੇਗਾ।
ਇਸ ਤੋਂ ਬਿਹਤਰ...ਇਹੀ ਹੋਵੇਗਾ...
ਕਿ ਮੈਂ ਤੇਰੇ ਵਾਲਾ ਪੰਨਾ ਪਾੜ ਕੇ,
ਫਾਈਲ ਵਿੱਚ ਲਗਾ ਲਵਾਂ,
ਤੇ ਕਿਤੇ ਰੱਖ ਕੇ ਭੁੱਲ ਜਾਵਾਂ,
ਜੇ ਤੂੰ ਮੈਨੂੰ ਸਮਝ ਨਹੀਂ ਸਕਿਆ,
ਤਾਂ ਛੱਡ ਦੇ ਫ਼ੋਕੀ ਦੋਸਤੀ ਦੇ ਦਾਅਵੇ,
ਚੱਲ.. ਅਜੇ ਵੀ ਵਕਤ ਹੈ,
ਮਾਪ ਲਈਏ ਆਪਣੇ-ਆਪਣੇ ਰਾਹ,
ਕਿਉਂਕਿ ਇੱਕ ਥਾਂ ਖੜੀ ਹੋਈ ਜ਼ਿੰਦਗੀ,
ਜੀਵੀ ਨਹੀਂ ਜਾਂਦੀ..ਕੱਟੀ ਜਾਂਦੀ ਹੈ,
ਤੇ ਦਿਨ ਕੱਟਕੇ ਜਾਣਾ..ਮੈਨੂੰ ਮਨਜ਼ੂਰ ਨਹੀਂ ਹੈ,
ਮੈਂ ਤਾਂ ਹਵਾ ਵਾਂਗ ਵਗਣ ਦੀ ਆਦੀ ਹਾਂ,
ਪਾਣੀ ਵਾਂਗ ਹਲਾਤਾਂ ਵਿੱਚ ਰਲਦੀ ਹਾਂ,
ਤੇ ਧਰਤੀ ਵਾਂਗ ਪਵਿੱਤਰ ਸੋਚ ਰੱਖਦੀ ਹਾਂ,
ਅਕਾਸ਼ ਵਾਂਗ ਵਿਸ਼ਾਲ ਘੇਰਾ ਹਾਂ,
ਮੈਂ ਕੰਧਾਂ ਦੀ ਮੁਹਤਾਜ ਨਹੀਂ,
ਮੈਨੂੰ ਆਪਣੀ ਹਸਤੀ ਅਤੇ ਹੈਸੀਅਤ,
ਬਾਰੇ ਬਾਖੂਬੀ ਪਤਾ ਹੈ...
ਮੇਰੀਆਂ ਸਿਫ਼ਤਾਂ ਦੇ ਝੂਠੇ ਪੁੱਲ ? ਬੰਨ੍ਹ ਕੇ,
ਮੈਨੂੰ ਭਰਮਾਇਆ ਨਾ ਕਰ,
ਮੈਂ ਕੁਝ ਨਹੀਂ ਕਹਿੰਦੀ,
ਪਰ ਸਮਝਦੀ ਸਭ ਕੁਝ ਹਾਂ...
ਤੇਰੇ ਹਰ ਸ਼ਬਦ ਦਾ ਲਹਿਜ਼ਾ,
ਅਤੇ ਬੇਮਤਲਬ ਅਰਥ,
ਮੈਨੂੰ ਵੀ ਮਹਿਸੂਸ ਹੁੰਦਾ ਹੈ,
ਪਰ ਮੈਂ ਆਪਣਾ ਕੀਮਤੀ ਵਕਤ,
ਇਹਨਾਂ ਵਾਧੂ ਦੇ ਝਮੇਲਿਆਂ ਵਿੱਚ,
ਖ਼ਰਾਬ ਨਹੀਂ ਕਰਨਾ ਚਾਹੁੰਦੀ,
ਮੈਨੂੰ ਪਤਾ ਹੈ ਕਿ...
ਮੁਸ਼ਕਲ ਅਤੇ ਮੁਸੀਬਤ ਵਿੱਚ,
ਮੈਨੂੰ ਆਪਣਾ ਸਾਥ ਆਪੇ ਹੀ ਦੇਣਾ ਪੈਣਾ ਹੈ,
ਇਸ ਕਰਕੇ ਮੈਂ ਨਹੀਂ ਆਸ ਲਾਉਂਦੀ,
ਕਿਸੇ ਵੀ ਦੋਸਤ ਤੋਂ..!
ਕਿਉਂਕਿ ਸਹੀ ਤੇ ਗ਼ਲਤ ਦੀ ਪਹਿਚਾਣ,
ਹੁੰਦੇ ਹੋਏ ਵੀ...
ਬੋਣੇ ਅਤੇ ਗੂੰਗੇ ਬਣ ਜਾਂਦੇ ਨੇ,
ਇਥੇ ਜੋ ਆਪਣਾ ਕਹਿੰਦੇ ਨੇ,
ਫਿਰ ਤੇਰਾ.. ਕੀ ਇਤਬਾਰ ਕਰਾਂ,
ਵਕਤ ਦੇ ਦਰਦ ਨੂੰ,
ਪਿੰਡੇ 'ਤੇ ਹੰਢਾਇਆਂ ਹੈ,
ਹੁਣ ਫ਼ਰਕ ਨਹੀਂ ਪੈਂਦਾ,
ਕਿਸੇ ਦੇ ਸਵਾਲਾਂ ਦਾ,
ਤੇ ਲੋੜ ਮਹਿਸੂਸ ਨਹੀਂ ਕਰਦੀ,
ਕਿ ਹਰ ਇੱਕ ਨੂੰ ਵਾਜਬ..ਜਵਾਬ ਦੇ ਸਕਾਂ,
ਬਸ.. ਇਤਬਾਰ ਨਹੀਂ ਰਿਹਾ,
ਮੈਨੂੰ ਦਾਇਰਿਆਂ ਵਿੱਚ ਬੰਨ੍ਹ ਕੇ,
ਬਹੁਤ ਦੇਰ ਤੱਕ...ਮੇਰਾ ਸ਼ੋਸ਼ਣ ਹੁੰਦਾ ਰਿਹਾ,
ਤੇ ਅੱਗੇ ਵੀ ਹੁੰਦਾ ਰਹੇਗਾ,
ਪਰ ਮੈਂ ਆਪ ਹੀ ਨਜਿੱਠਣਾ ਹੈ,
ਆਪਣੇ ਹਲਾਤਾਂ ਨੂੰ, ਸਬਰ ਨਾਲ,
ਸਿਦਕ ਨਾਲ, ਸਿਰੜ ਨਾਲ



**ਪਰਵੀਨ ਕੌਰ ਸਿੱਧੂ**
8146536200

## ਕਵਿਤਾ

ਐ ਖ਼ੁਦਾ
ਨਿਗ੍ਹਾ ਸਵੱਲੀ ਕਰ
ਆਖਰੀ ਪੜ੍ਹਾ ਤੇ
ਸਿਸਕੀਆਂ
ਲੈ ਰਹੀਆਂ ਨੇ
ਰੀਝਾਂ ,
ਉਮੀਦ ਦੀਆਂ ਬੂੰਦਾਂ ਦੇ
ਛਿੱਟੇ ਮਾਰ-ਮਾਰ ਕੇ
ਜਿਉਂਦੇ ਰੱਖਣ ਦੀ
ਕੋਸ਼ਿਸ਼
ਨਿਰੰਤਰ
ਜਾਰੀ ਹੈ
ਦੱਸ ਇਹ ਕਿਹੜਾ
ਸਬਰ ਦਾ ਫਲ ਹੈ
ਜੋ ਪੱਕਣ ਦਾ
ਨਾਮ ਹੀ ਨਹੀਂ
ਲੈ ਰਿਹਾ



**ਸਰਬਜੀਤ ਕੌਰ ਹਾਜੀਪੁਰ, ਸ਼ਾਹਕੋਟ**

## ਛੋਰ ਚੰਗਾ ਤਲਵਾਰਾਂ ਦਾ

ਜ਼ਾਲਮ ਜਦ ਗੁੰਡਾ ਗਰਦੀ ਦੇ,
ਸਭ ਹੱਦਾਂ ਬੰਨੇ ਲੰਘ ਜਾਵੇ।
ਇਜ਼ੱਤਾਂ ਲੁੱਟ ਭਰੇ ਬਜ਼ਾਰਾਂ ਵਿੱਚ,
ਉਹ ਨਾਲ ਦਰੱਖਤਾਂ ਟੰਗ ਜਾਵੇ।
ਫਿਰ,ਆਪਣੀ ਰਾਖੀ ਲਈ ਗ਼ਲਤ ਨਹੀਂ,
ਸਿਰ ਭੰਨਣਾਂ ਫ਼ਨੀਆਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...

ਕਬਰਾਂ ਵਾਂਗ ਸਨਾਟਾ ਛਾਇਆ,
ਉੱਠੋ ਮੁਰਦਿਉ ਛੋਰ ਮਚਾਈਏ।
ਆਪਣੀਆਂ ਧੀਆਂ ਭੈਣਾਂ ਨੂੰ,
ਬੁੱਚੜਾਂ ਹੱਥੋਂ ਆਉ ਬਚਾਈਏ।
ਜਾਬਰ ਜ਼ਾਤੀ ਹੰਕਾਰੀਆਂ ਦਾ,
ਭੰਨੋ ਮੂੰਹ ਖ਼ੂਨੀ ਬਘਿਆੜਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...

ਰੋਹਿਤ ਵਿਮੁੱਲਾ ਪੰਧਿਸ਼ ਤੁਰੇ ਅੱਜ,
ਕੱਦ ਤੱਕ ਤਮਾਸ਼ਾ ਦੇਖੋਗੇ।
ਢੋਹ-ਢੋਹ ਲਾਸ਼ਾਂ ਥੱਕੇ ਨਈਂ ਮੋਢੇ,
ਕੱਦ ਤੱਕ ਸਿਵਿਆਂ ਨੂੰ ਸੇਕੋਗੇ।
ਕੱਦ ਤੱਕ ਸਨਾਟਾ ਕਬਰਾਂ ਦਾ,
ਰੁਖ ਬਦਲੂ ਕਦ ਵਿਚਾਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...

ਜਦ ਉੱਚ ਜ਼ਾਤੀ
ਲੜਕੀ ਦੀ ਇੱਜ਼ਤ,
ਤਾਰ-ਤਾਰ ਹੋ ਜਾਂਦੀ ਏ।
ਦੋਸ਼ੀ ਵੀ ਫੜ ਲਏ ਜਾਂਦੇ,ਦਿੱਲੀਂ,
ਰਾਤ ਦੁਪਿਹਰ ਹੋ ਜਾਂਦੀ ਏ।
ਕੋਈ ਧੀਅ ਗ਼ਰੀਬ ਦੀ ਵਾਰੀ ਨਾਂ,
ਬੂਹਾ ਠੋਕੇ ਸਰਕਾਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...

ਸੂਰੇ ਮਰਦ ਦਲੇਰ ਬਣੋਂ ਹੁਣ,
ਮਰੀ ਜ਼ਮੀਰ ਤੇ ਅਣਖ ਜਗਾਉ।
ਠੱਗ,ਬਦਮਾਸ਼, ਲੁਟੇਰਿਆਂ ਹੱਥੋਂ,
ਭਾਰਤ ਆਪਣਾਂ ਦੇਸ਼ ਬਚਾਉ।
ਹਰ ਕੋਨੇ ਵਿੱਚ ਸ਼ੋਸ਼ਣ ਹੁੰਦਾ,
ਮਜ਼ਲੂਮਾਂ ਲੱਖ ਹਜ਼ਾਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...

ਕੋਹਰਾਮ ਮਚਾਉਂਦੇ ਜ਼ਾਲਮ ਨੂੰ ਤੁਸੀਂ,
ਇੱਕ ਵਾਰੀ ਤੇ ਸਬਕ ਸਿਖਾਉ।
ਸਦੀਆਂ ਤੋਂ ਤਾਂਡਵ ਕਰਦੇ ਨੂੰ,
ਜ਼ਰਾ ਅਸਮਾਨਾਂ ਤੋਂ ਥੱਲੇ ਲਾਉ।
ਤੁਸੀਂ ਪਰਜਾਈ ਪੰਦਰਾਂ ਉਹ,
ਲਾਉ ਸੋਧਾ ਭ੍ਰਸ਼ਟ ਮੱਕਾਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...

ਜਿਹੜੀ ਰੋਜ਼ ਜ਼ਲੀਲ ਕਰਾਉਂਦੀ ਏ,
ਇਸ ਜ਼ਾਤੀ ਨੂੰ ਲੱਤ ਮਾਰ ਦਿਉ।
ਗੱਲ ਮੰਨ ਕੇ ਬਾਬਾ ਸਾਹਿਬ ਦੀ ਹੁਣ,
ਦੁਸ਼ਮਣ ਦਾ ਤਖ਼ਤ ਉਖਾੜ ਦਿਉ।
ਦਿੱਲੀ ਦੀ ਸੱਤਾ ਹੱਥ ਤੁਹਾਡੇ,
ਹੋਊ ਦਿਨ ਦੁਸ਼ਮਣ ਦੀਆਂ ਹਾਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ....

ਰੱਬ ਦੀ ਭਾਲ ਚ ਲੱਗੇ ਲੋਕੋ,
ਇਜ਼ੱਤਾਂ ਬੇਡੀਆਂ ਕੌਣ ਬਚਾਊ।
ਕੋਹਰਾਮ ਮਚਾਉਂਦੇ ਜ਼ਾਲਮ ਦੀ,
ਸੱਤ ਪਾਲਾ,
ਸੰਘੀ ਨੂੰ ਹੱਥ ਕਿਹੜਾ ਪਾਊ।
ਹਰਦਾਸਪੁਰੀ ਕਿਸੇ ਰੱਬ ਨਈਂ ਆਉਣਾ,
ਜੇ ਸਾਥੀ ਬਣੋਂ ਲਾਚਾਰਾਂ ਦਾ।
ਕਬਰਾਂ ਦੀ ਚੁੱਪ ਨਾਲੋਂ ਹੁੰਦਾ ਏ,
ਛੋਰ ਚੰਗਾ ਤਲਵਾਰਾਂ ਦਾ...



**ਮਲਕੀਤ ਹਰਦਾਸਪੁਰੀ**
0306947249768

## ਗ਼ਜ਼ਲ

ਸ਼ਾਲਾ! ਲੰਬੀ ਨਾ ਹੋਵੇ ਜਬਰਾਂ ਦੀ ਰਾਤ,
ਔਖੀ ਹੋ ਗਈ ਇੱਥੇ ਕਰਨੀ ਮਨ ਦੀ ਬਾਤ।
ਹਰ ਬੰਦੇ ਦੇ ਖ਼ੂਨ ਦਾ ਰੰਗ ਹੈ ਹੁੰਦਾ ਲਾਲ,
ਭਾਵੇਂ ਹੋਵੇ ਉਸ ਦਾ ਰੰਗ ਕੋਈ ਜਾਂ ਜ਼ਾਤ।
ਆਪਣੀ ਗਲਤੀ ਕਦੇ ਵੀ ਮੰਨਣੀ ਨ੍ਹੀ ਹਾਕਮ ਨੇ,
ਜੇ ਵਿਗੜ ਗਏ ਯਾਰੋ ਸੂਬੇ ਦੇ ਹਾਲਾਤ।
ਆਪਣੇ ਘਰ ਛੱਡ ਕੇ ਆ ਗਏ ਹਾਂ ਯਾਰੋ ਦੂਰ,
ਲੱਗਦਾ ਹੈ ਹੁਣ ਮਾਰ ਨਾ ਹੋਣੀ ਉਨ੍ਹਾਂ ਨੂੰ ਝਾਤ।
ਪੱਕੀਆਂ ਫਸਲਾਂ ਦਾ ਉਸ ਨੇ ਛੱਡਿਆ ਨਾ ਕੱਖ,
ਕਿਰਸਾਨਾਂ ਨੂੰ ਰੁਆ ਗਈ ਬੇਲੋੜੀ ਬਰਸਾਤ।
ਨਸ਼ਿਆਂ ਦਾ ਹੜ੍ਹ ਰੋੜ੍ਹ ਕੇ ਯਾਰੋ ਲੈ ਨਾ ਜਾਵੇ,
ਸੌ, ਸੌ ਸੁੱਖਾਂ ਸੁੱਖ ਕੇ ਮਿਲੀ ਪੁੱਤਾਂ ਦੀ ਦਾਤ।
ਉੱਥੇ ਸੋਨਾ, ਚਾਂਦੀ, ਤਾਂਬਾ ਕੰਮ ਨਾ ਆਣ,
ਜਿੱਥੇ ਕੰਮ ਆਉਂਦੀ ਹੈ ਲੋਹੇ ਵਰਗੀ ਧਾਤ।



**ਮਹਿੰਦਰ ਸਿੰਘ ਮਾਨ**
9915803554

## ਕਵਿਤਾ

ਰੱਬ ਦੀ ਹੋਂਦ ਦਾ ਭਰਮ ਫੈਲਾ ਕੇ
ਲੁੱਟਦਾ ਰਿਹਾ ਪੁਜਾਰੀ

ਖੋਲ ਕੇ ਰੱਬ ਦੇ ਨਾਂਮ ਤੇ ਹੱਟੀ
ਬਣ ਗਿਆ ਵੇਖ ਵਿਓਪਾਰੀ

ਆਖੇ ਰੱਬ ਮਿਲਿਆ ਹੈ ਮੈਨੂੰ
ਰੱਬ ਨਾਲ ਮੇਰੀ ਯਾਰੀ

ਅਨਪੜ੍ਹ ਲੋਕੀ ਸਮਝ ਨਾ ਪਾਏ
ਅਸਲ ਕਹਾਣੀ ਸਾਰੀ

ਖ਼ੁਦ ਜੋੜ ਕਰਾਮਾਤ ਦੇ ਕਿੱਸੇ
ਕਹਿੰਦਾ ਰੱਬ ਲਿਖਾਰੀ

ਰੱਬੀ ਲਿਖਤ ਹੈ ਉਪਰੋਂ ਆਈ
ਗੱਲ ਨਾ ਕਿਸੇ ਵਿਚਾਰੀ

ਤਰਾਂ ਤਰਾਂ ਦੇ ਧਰਮ ਬਣਾ ਕੇ
ਦੁਨੀਆਂ ਦੀ ਮੱਤ ਮਾਰੀ

ਸਵਰਗ ਨਰਕ ਦੱਸ ਲੋਕ ਡਰਾਏ
ਭਰਮ ਫੈਲਾਏ ਭਾਰੀ

ਯੁਗਾਂ ਤੱਕ ਨਾ ਮੁੱਕਣੀ ਬਿੰਦਰਾ
ਧਰਮਾਂ ਵਾਲੀ ਬਿਮਾਰੀ



**ਬਿੰਦਰ ਜਾਨ ਏ ਸਾਹਿਤ ਇਟਲੀ**
00393278159218

## ਕਵਿਤਾ

ਅੱਖਾਂ ਬੰਦ ਤੇ ਬੁੱਲ੍ਹ ਸੀਤੇ ਨੇ ,
ਚੁੱਪ ਚ' ਬੜਾ ਬਵਾਲ ਹੁੰਦਾ ਏ।

ਉਂਝ ਤੇ ਦਾਮਨ ਭਰਿਆ ਲੱਗਦੈ,
ਜਦ ਉਹ ਮੇਰੇ ਨਾਲ ਹੁੰਦਾ ਏ ।

ਅੱਥਰੂ ਕੌੜੇ ਸੌਂਦੀ ਨਹੀਂ ਮੈਂ ,
ਨੀਂਦਰ ਵਿੱਚ ਸਵਾਲ ਹੁੰਦਾ ਏ ।

ਸਭ ਕੁਝ ਸਭਨੂੰ ਸ਼ਾਂਤ ਈ ਦਿਸਦੈ,
ਪਰ ਮੇਰੇ ਅੰਦਰ ਭੂਚਾਲ ਹੁੰਦਾ ਏ।

ਮੈਂ ਕੁਝ ਲਿਖਦੀ ਸੀਨਾ ਪੁੱਟ ਕੇ ,
ਉਹ ਆਂਹਦਾ ਕਮਾਲ ਹੁੰਦਾ ਏ।

ਕਿਸਰਾ ਉੱਠਦੈ ਵਿੱਡੋਂ ਲਾਵਾਂ,
ਹਾਲ ਵੀ ਪਤੈ ਬੇਹਾਲ ਹੁੰਦਾ ਏ।

ਅੱਖਾਂ ਬੰਦ ਤੇ ਬੁੱਲ੍ਹ ਸੀਤੇ ਨੇ,
ਚੁੱਪ 'ਚ ਬੜਾ ਬਵਾਲ ਹੁੰਦਾ ਏ।



**ਸਿਮਰਨਜੀਤ ਕੌਰ ਸਿਮਰ**

## ਚਿੜੀਆਂ

ਚਿੜੀਆਂ ਚੀਂ ਚੀਂ ਕਰਦੀਆਂ,
ਸੀ ਰੌਣਕ ਲੱਗਦੀ।
ਪਹਿ ਫੁੱਟਣ ਤੇ ਚਿੜੀ ਚੂਕਦੀ,
ਕਿੰਨਾਂ ਸੀ ਫੱਬਦੀ।
ਉੱਠ ਹਾਲੀਂ ਤੇ ਪਾਲੀਆਂ,
ਨੇ ਖੇਤੀ ਜਾਣਾ।
ਇਹ ਸਭ ਦੀ ਸੁੱਖ ਮਨਾਉਂਦੀਆਂ,
ਚੁਗ ਦਾਣਾ- ਦਾਣਾ।
ਕੋਮਲ ਨਰਮ ਸੁਭਾਅ ਦੀਆਂ,
ਵਿੱਚ ਕੁਦਰਤ ਵਸਣ।
ਰਹਿਣਾ ਨਾਲ ਪਿਆਰ ਦੇ,
ਕਿਦਾਂ ਸਭ ਨੂੰ ਦੱਸਣ।
ਅੱਜ ਕਿੱਥੇ ਨੇ ਉਹ ਉਡੀਆਂ,
ਹੋ ਗਈਆ ਪਰਾਈਆਂ।
ਸਾਡੇ ਨਾਲ ਨੇ ਰੁਸੀਆਂ,
ਮੁੜ ਕੇ ਨੀਂ ਆਈਆਂ।
ਉੱਚੇ ਟਾਵਰ ਤੇ ਕੋਠੀਆਂ,
ਅਸੀਂ ਰੁੱਖ ਵੀ ਵੱਢੇ।
ਰੈਣ ਬਸੇਰੇ ਇਹਨਾਂ ਦੇ,
ਅਸੀਂ ਕਿੱਥੇ ਛੱਡੇ।
ਰੇਅ ਸਪਰੇਆਂ ਫੈਕਟਰੀਆਂ,
ਹਰ ਪਾਸੇ ਜ਼ਹਿਰਾਂ।
ਵਾਤਾਵਰਨ ਖਰਾਬ ਹੋਇਆ,
ਪਿੰਡਾਂ ਤੇ ਸ਼ਹਿਰਾਂ।
ਸਭ ਪੰਛੀ ਇੱਥੋਂ ਚਲੇ ਗਏ,
ਕੁਦਰਤ ਵੀ ਗੁੱਸੇ।
ਲੱਭ ਤਰੀਕਾ,ਪੱਤੋ, ਕੋਈ,
ਮਨਾ ਲਈਏ ਰੁੱਸੇ।
----

## ਵਰੋਸਾਈ ਬੋਲੀ

ਗੁਰੂ ਪੀਰਾਂ ਦੀ ਵਰੋਸਾਈ,
ਸਾਡੀ ਬੋਲੀ ਮਾਂ ਪੰਜਾਬੀ ਏ।
ਸ਼ਹੀਦਾਂ ਦੇ ਇਹ ਰੰਗ ਚ ਰੰਗੀ,
ਜਿਵੇਂ ਫੁੱਲ ਗੁਲਾਬੀ ਏ।
ਪੰਜ ਆਬ ਦੀਆਂ ਛੱਲਾਂ ਅੰਦਰ,
ਧੁਨੀ ਬੇ ਹਿਸਾਬੀ ਏ।
ਹਵਾ ਦੇ ਬੁੱਲਿਆਂ ਵਿੱਚ ਵੀ,ਪੱਤੋ,
ਮੱਘਦੀ ਜਿਓਂ ਮਤਾਬੀ ਏ।
ਲੱਖ ਲਕੋਈਏ ਲੁਕ ਨੀ ਸਕਦੀ,
ਜਿਓਂ ਕਸਤੂਰੀ ਨਾਭੀ ਏ।
ਹਰ ਪਾਸੇ ਇਹ ਮਹਿਕਾਂ ਛੱਡੇ,
ਭਾਸ਼ਾ ਆਦਿ ਜੁਗਾਦੀ ਏ।
ਹਰਪ੍ਰੀਤ ਸਾਡਾ ਰਹਿਣਾ ਸਹਿਣਾ,
ਵੱਖਰੀ ਟੌਹਰ ਨਵਾਬੀ ਏ।

**ਹਰਪ੍ਰੀਤ ਪੱਤੋ**
94658-21417

## ਹੰਕਾਰੇ ਬੰਦੇ ਦਾ

ਚੰਗੇ ਮਾੜੇ ਦਿਨ ਤਾਂ,ਆਉਂਦੇ ਰਹਿੰਦੇ,
ਹਰ ਕਿਸੇ ਦੇ ਕਾਰੋਬਾਰ ਵਿਚ।
ਕੌਣ ਨਹੀਂ ਖੁਸ਼,ਤੇ ਕੌਣ ਨਹੀਂ ਦੁੱਖੀ,
ਦੱਸੋ ਤੁਸੀਂ ਇਸ ਸੰਸਾਰ ਵਿੱਚ।

ਰੱਖੋ ਬੇਸ਼ੱਕ ਵਿਸ਼ਵਾਸ ਤੁਸੀਂ,
ਆਪੋ-ਆਪਣੇ ਧਰਮਾਂ ਵਿੱਚ।
ਭੋਰਾ ਫ਼ਰਕ ਨਾ ਆਉਣ ਦੇਣਾ,
ਤੁਸੀਂ ਆਪਣੇ ਕਰਮਾਂ ਵਿੱਚ।

ਜੇ ਦਿੱਤਾ ਦਾਤੇ ਨੇ ਐਨਾ,
ਨਹੀਂ ਚਾਹੀਦਾ, ਕਦੇ ਵੀ ਹੰਕਾਰਨਾ।
ਨਾਲ ਪਿਆਰ ਸਮਝਾਓ,
ਨਹੀਂ ਚਾਹੀਦਾ, ਕਦੇ ਵੀ ਦੁਰਕਾਰਨਾ।

ਰੋਣਾਂ ਕਈਆਂ ਦੀ, ਆਦਤ ਬਣ ਜਾਂਦੀ,
ਹੁੰਦੀ ਕਈਆਂ ਦੀ ਮਜ਼ਬੂਰੀ ਏ।
ਹੰਕਾਰੇ ਬੰਦੇ ਦਾ ਤਾਂ, ਚੜ੍ਹਿਆ ਸੂਰਜ ਵੀ,
ਕਦੇ ਤਾਂ ਡੁੱਬਣਾ ਬਹੁਤ ਜ਼ਰੂਰੀ ਏ।

ਨਾ ਬੈਠੋ ਕਦੇ ਵੀ, ਕਿਸੇ ਦੀ ਆਸ ਤੇ,
ਹੱਥਾਂ ਉੱਤੇ ਹੱਥ ਧਰ ਕੇ।
ਕੁਝ ਨਹੀਂ ਮਿਲਣਾ ਰੋ ਧੋ ਕੇ ਸੰਗਰੂਰਵੀ ਕਹੇ,
ਖ਼ੁਸ਼ ਹੋਵੋ ਮਿਹਨਤ ਕਰਕੇ।



**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ ਸੰਗਰੂਰ**
9463162463

# Dosanjh Family AUTO GROUP

Cadillac · CHEVROLET · INFINITI · KIA · NISSAN · BUICK · GMC

CHRYSLER · Jeep · DODGE · RAM · TOYOTA · Ford · ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD